PAIGAM-E-JAGAT

ਪੈ.ਗਾਮ-ਏ-ਜਗਤ

ਅਦਾਰਾ 'ਪੈ.ਗਾਮ-ਏ-ਜਗਤ' ਵੱਲੋਂ 'ਕਰਵਾਚੌਥ' ਦੀਆਂ ਬਹੁਤ-ਬਹੁਤ ਮੁਬਾਰਕਾਂ



Title code : CHAMUL00914 | E-mail : Info@paigamejagat.com | 29 ਅਕਤੂਬਰ ਤੋਂ 4 ਨਵੰਬਰ, 2026, ਸਾਲ-4, ਅੰਕ-13, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

1 ਨਵੰਬਰ ਨੂੰ ਔਰਤਾਂ ਦੇ ਮੋਬਾਈਲਾਂ 'ਤੇ ਫਿਰ ਹੋਵੇਗੀ 'ਟੂੰ-ਟੂੰ': ਭਗਵੰਤ ਮਾਨ

ਸਾਡੀ ਸਰਕਾਰ ਦੀ ਨੀਅਤ ਸਾਫ਼, ਅਸੀਂ ਲੋਕਾਂ ਦਾ ਪੈਸਾ ਲੋਕਾਂ ਨੂੰ ਹੀ ਮੋੜ ਰਹੇ ਹਾਂ: ਮੁੱਖ ਮੰਤਰੀ

ਨਕੋਦਰ, 28 ਅਕਤੂਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨੂੰ ਐਲਾਨ ਕੀਤਾ ਕਿ 1 ਨਵੰਬਰ ਨੂੰ ਔਰਤਾਂ ਦੇ ਮੋਬਾਈਲ ਫ਼ੋਨਾਂ 'ਤੇ ਇਕ ਵਾਰ ਫਿਰ 'ਟੂੰ-ਟੂੰ' ਦੇ ਸੁਨੇਹੇ ਗੂੰਜਣਗੇ, ਕਿਉਂਕਿ ਉਨ੍ਹਾਂ ਦੀ ਸਰਕਾਰ ਪਹਿਲੀ ਨਵੰਬਰ ਨੂੰ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦੀ ਅਗਲੀ ਕਿਸ਼ਤ ਜਾਰੀ ਕਰਨ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਦਾ ਪੈਸਾ ਸਿੱਧਾ ਲੋਕਾਂ ਤੱਕ ਪਹੁੰਚਾਉਣ ਦੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਜਲੰਧਰ ਜ਼ਿਲ੍ਹੇ ਦੇ ਹਲਕਾ ਨਕੋਦਰ ਅਧੀਨ ਪੈਂਦੇ ਪਿੰਡ ਸਰੀਂਹ ਵਿਖੇ 'ਲੋਕ ਮਿਲਣੀ' ਪ੍ਰੋਗਰਾਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਜਨਤਾ ਦੇ ਪੈਸੇ ਨਾਲ ਆਪਣੇ ਖ਼ਜ਼ਾਨੇ ਭਰੇ ਅਤੇ ਹੁਣ ਭਾਜਪਾ, ਅਕਾਲੀ ਅਤੇ ਕਾਂਗਰਸੀ ਸਾਡੀਆਂ ਸ਼ੁਰੂ ਕੀਤੀਆਂ ਲੋਕ-ਪੱਖੀ ਸਕੀਮਾਂ ਨੂੰ ਬੰਦ ਕਰਨ ਦੀਆਂ ਧਮਕੀਆਂ ਦੇ ਰਹੇ ਹਨ।

ਆਪਣੀ ਸਰਕਾਰ ਦਾ ਰਿਕਾਰਡ ਪੇਸ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਢੇ ਚਾਰ ਸਾਲਾਂ ਦੌਰਾਨ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ 'ਤੇ 70,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਹੁਣ ਗ਼ਰੀਬ ਪਰਿਵਾਰਾਂ ਦੇ ਬੱਚੇ ਵੀ ਡਾਕਟਰ ਅਤੇ ਇੰਜੀਨੀਅਰ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦਾ ਭਰੋਸਾ ਹੀ ਸਰਕਾਰ ਦੀ ਅਸਲ ਤਾਕਤ ਹੈ। ਉਨ੍ਹਾਂ ਨੇ ਸਿੱਖਿਆ, ਸਿਹਤ, ਰੋਜ਼ਗਾਰ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਰਾਹੀਂ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਦੇ ਆਪਣੇ ਅਹਿਦ ਨੂੰ ਦੁਹਰਾਇਆ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ 'ਐਕਸ' ਹੈਂਡਲ 'ਤੇ ਪੋਸਟ ਸਾਂਝੀ ਕਰਦਿਆਂ ਲਿਖਿਆ: "ਜਲੰਧਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਨਕੋਦਰ ਦੇ ਪਿੰਡ ਸਰੀਂਹ ਵਿਖੇ 'ਲੋਕ ਮਿਲਣੀ' ਪ੍ਰੋਗਰਾਮ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕੀਤਾ। ਲੋਕਾਂ ਦਾ ਸਾਡੇ ਉੱਤੇ ਭਰੋਸਾ ਅਤੇ ਪਿਆਰ ਹੀ ਸਾਡੀ ਅਸਲ ਤਾਕਤ ਹੈ। ਵਿਰੋਧੀਆਂ ਦੀਆਂ ਪਿਛਲੀਆਂ ਸਰਕਾਰਾਂ ਨੇ ਸਿਰਫ਼ ਲੋਕਾਂ ਨੂੰ ਲੁੱਟਿਆ, ਪਰ ਸਾਡੀ ਸਰਕਾਰ ਦਾ ਇੱਕੋ-ਇੱਕ ਮਕਸਦ ਪੰਜਾਬ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਉਣਾ ਅਤੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣਾ ਹੈ। ਅਸੀਂ ਸਿੱਖਿਆ, ਸਿਹਤ ਅਤੇ ਰੋਜ਼ਗਾਰ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆ ਰਹੇ ਹਾਂ ਤਾਂ ਜੋ ਆਮ ਪਰਿਵਾਰਾਂ ਦੇ ਬੱਚੇ ਪੜ੍ਹ-ਲਿਖ ਕੇ ਅੱਗੇ ਵਧਣ ਅਤੇ ਵੱਡੇ ਅਫ਼ਸਰ ਬਣ ਸਕਣ। ਪੰਜਾਬ ਵਾਸੀਆਂ ਨਾਲ ਕੀਤੇ ਵਾਅਦੇ ਮੁਤਾਬਕ ਅਸੀਂ 'ਰੰਗਲਾ ਪੰਜਾਬ' ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਹਾਂ।

ਲੋਕਾਂ ਦੇ ਭਾਰੀ ਇਕੱਠ ਵਾਲੀ 'ਲੋਕ ਮਿਲਣੀ' ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੀਆਂ ਮਾਵਾਂ-ਧੀਆਂ ਦੀ ਭਲਾਈ, ਸਵੈ-ਮਾਣ ਅਤੇ ਆਰਥਿਕ ਸਸ਼ਕਤੀਕਰਨ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ। ਉਨ੍ਹਾਂ ਕਿਹਾ, "ਸਾਡੀ ਨੀਅਤ ਬਿਲਕੁਲ ਸਾਫ਼ ਹੈ ਅਤੇ ਸਾਡੀਆਂ ਨੀਤੀਆਂ ਭਲਾਈ ਤੇ ਵਿਕਾਸ ਮੁਖੀ ਉਪਰਾਲਿਆਂ ਰਾਹੀਂ ਲੋਕਾਂ ਦਾ ਪੈਸਾ ਲੋਕਾਂ ਨੂੰ ਮੋੜਨ ਵੱਲ ਸੇਧਿਤ ਹਨ। ਉਨ੍ਹਾਂ ਕਿਹਾ ਕਿ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਜਨਤਕ ਵਸੀਲਿਆਂ ਦੀ ਲੁੱਟ ਕਰਨ ਵਾਲੀਆਂ ਪਿਛਲੀਆਂ ਸਰਕਾਰਾਂ ਦੇ ਉਲਟ ਸਾਡੀ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਸਰਕਾਰੀ ਸਹੂਲਤਾਂ ਦਾ ਲਾਭ ਆਮ ਘਰਾਂ ਤੱਕ ਪਹੁੰਚੇ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਸਾਡਾ ਮੰਨਣਾ ਹੈ ਕਿ ਲੋਕਾਂ ਦਾ ਪੈਸਾ ਲੋਕਾਂ ਦਾ ਹੀ ਹੈ ਅਤੇ ਇਸ ਨੂੰ ਉਨ੍ਹਾਂ ਦੀ ਭਲਾਈ ਲਈ ਹੀ ਖ਼ਰਚਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਸੂਬੇ ਦੀਆਂ ਮਾਵਾਂ- ਭੈਣਾਂ ਨੂੰ ਮੋਬਾਈਲ ਫੋਨਾਂ 'ਤੇ ਮੁੜ ਸਨਮਾਨ ਰਾਸ਼ੀ ਦੇ ਸੁਨੇਹੇ ਪ੍ਰਾਪਤ ਹੋਣਗੇ ਕਿਉਂਕਿ ਉਨ੍ਹਾਂ ਦਾ ਸਤਿਕਾਰ, ਸੁਰੱਖਿਆ ਅਤੇ ਆਰਥਿਕ ਖ਼ੁਦਮੁਖ਼ਤਿਆਰੀ ਸਾਡੀ ਸਰਕਾਰ ਦੀਆਂ ਮੁੱਖ ਤਰਜੀਹਾਂ ਹਨ। ਉਨ੍ਹਾਂ ਕਿਹਾ ਕਿ ਅਸੀਂ ਕਿਸੇ 'ਤੇ ਕੋਈ ਅਹਿਸਾਨ ਨਹੀਂ ਕਰ ਰਹੇ, ਸਗੋਂ ਪੰਜਾਬ ਦੇ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹਾਂ।


ਮੁੱਖ ਮੰਤਰੀ ਭਗਵੰਤ ਮਾਨ ਨੇ 31 ਅਕਤੂਬਰ ਨੂੰ ਮੰਤਰੀ ਮੰਡਲ ਦੀ ਮੀਟਿੰਗ ਸੱਦੀ

ਚੰਡੀਗੜ੍ਹ - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 31 ਅਕਤੂਬਰ ਨੂੰ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਸੱਦ ਲਈ ਹੈ। ਇਹ ਮੀਟਿੰਗ 31 ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 12 ਵਜੇ ਚੰਡੀਗੜ੍ਹ ਵਿਖੇ ਸਥਿਤ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਉੱਤੇ ਹੋਵੇਗੀ। ਪੰਜਾਬ ਸਰਕਾਰ ਨੇ ਹਲੇ ਤੱਕ ਮੀਟਿੰਗ ਬਾਰੇ ਕੋਈ ਏਜੰਡਾ ਜਾਰੀ ਨਹੀਂ ਕੀਤਾ ਹੈ। ਪਰ ਸੂਬਾ ਸਰਕਾਰ ਵੱਲੋਂ ਇਹ ਮੀਟਿੰਗ ਦਿਵਾਲੀ ਤੋਂ ਇੱਕ ਹਫਤਾ ਪਹਿਲਾਂ ਸੱਦਣ ਕਰਕੇ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਕੋਈ ਦਿਵਾਲੀ ਦਾ ਵੱਡਾ ਤੋਹਫਾ ਦਿੱਤਾ ਜਾ ਸਕਦਾ ਹੈ। ਇਸ ਲਈ ਲੋਕਾਂ ਨੂੰ ਮੰਤਰੀ ਮੰਡਲ ਦੀਆਂ ਮੀਟਿੰਗ ਤੋਂ ਬਹੁਤ ਆਸਾਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਦਾ ਇਜਲਾਸ ਹਾਲੇ 27 ਅਕਤੂਬਰ ਨੂੰ ਹੀ ਖਤਮ ਹੋਇਆ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 31 ਅਕਤੂਬਰ ਨੂੰ ਮੰਤਰੀ ਮੰਡਲ ਦੀ ਮੀਟਿੰਗ ਵੀ ਸੱਦ ਲਈ ਹੈ।



ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਬਿਕਰਮਜੀਤ ਮਜੀਠੀਆ ਖ਼ਿਲਾਫ਼ ਚਾਰਜਸ਼ੀਟ ਦਾਖ਼ਲ

ਮੋਹਾਲੀ : ਸ਼ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਕਾਨੂੰਨੀ ਮੁਸ਼ਕਿਲਾਂ ਵਿੱਚ ਇੱਕ ਵਾਰ ਫਿਰ ਵੱਡਾ ਵਾਧਾ ਹੁੰਦਾ ਨਜ਼ਰ ਆ ਰਿਹਾ ਹੈ।



ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਮੋਹਾਲੀ ਦੀ ਵਿਸ਼ੇਸ਼ ਅਦਾਲਤ ਵਿੱਚ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਅਧਿਕਾਰਤ ਤੌਰ 'ਤੇ 40 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖਲ ਕਰ ਦਿੱਤੀ ਗਈ ਹੈ।

ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਹ ਚਾਰਜਸ਼ੀਟ ਕੋਈ ਆਮ ਦਸਤਾਵੇਜ਼ ਨਹੀਂ ਹੈ, ਬਲਕਿ ਇਹ ਲਗਭਗ 40,000 ਪੰਨਿਆਂ ਦੀ ਇੱਕ ਵਿਸ਼ਾਲ ਚਾਰਜਸ਼ੀਟ ਹੈ, ਜਿਸ ਵਿੱਚ ਅਕਾਲੀ ਆਗੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀਆਂ ਵਿੱਤੀ ਗਤੀਵਿਧੀਆਂ, ਬੈਂਕ ਖਾਤਿਆਂ ਅਤੇ ਜਾਇਦਾਦਾਂ ਨਾਲ ਜੁੜੇ ਕਈ ਅਹਿਮ ਸਬੂਤ ਸ਼ਾਮਲ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਮਜੀਠੀਆ ਖਿਲਾਫ਼ ਇੰਨੇ ਵੱਡੇ ਪੱਧਰ 'ਤੇ ਕਾਨੂੰਨੀ ਸ਼ਿਕੰਜਾ ਕੱਸਿਆ ਗਿਆ ਹੋਵੇ । ਇਸ ਤੋਂ ਪਹਿਲਾਂ ਅਗਸਤ 2025 ਵਿੱਚ ਵੀ ਇਸੇ ਮਾਮਲੇ ਨਾਲ ਸਬੰਧਤ 40,000 ਪੰਨਿਆਂ ਦੀ ਹੀ ਇੱਕ ਹੋਰ ਚਾਰਜਸ਼ੀਟ ਅਦਾਲਤ ਵਿੱਚ ਪੇਸ਼ ਕੀਤੀ ਗਈ ਸੀ।

ਸਪੇਨ 'ਚ 2 ਰੇਲ ਗੱਡੀਆਂ ਟਕਰਾਈਆਂ, ਹਾਦਸੇ 'ਚ 46 ਲੋਕਾਂ ਦੀ ਮੌਤ

ਟੋਲੇਡੋ ਸੂਬੇ ਦੇ ਉਰਦਾ ਨੇੜੇ ਵਾਪਰਿਆ ਹਾਦਸਾ



ਟੋਲੇਡੋ: ਸਪੇਨ ਵਿੱਚ ਬੁੱਧਵਾਰ ਸਵੇਰੇ ਦੋ ਹਾਈ-ਸਪੀਡ ਟਰੇਨਾਂ ਦੀ ਟੱਕਰ ਕਾਰਨ ਇੱਕ ਵੱਡਾ ਰੇਲ ਹਾਦਸਾ ਵਾਪਰ ਗਿਆ ਹੈ। ਇਹ ਹਾਦਸਾ ਮੱਧ ਸਪੇਨ ਦੇ ਟੋਲੇਡੋ ਸੂਬੇ ਵਿੱਚ ਉਰਡਾ ਨੇੜੇ ਵਾਪਰਿਆ। ਸਪੇਨ ਦੇ ਪ੍ਰਧਾਨ ਮੰਤਰੀ ਨੇ ਇਸ ਨੂੰ ਇੱਕ 'ਗੰਭੀਰ' ਘਟਨਾ ਕਰਾਰ ਦਿੱਤਾ ਹੈ। ਇਸ ਹਾਦਸੇ ਵਿੱਚ ਮ੍ਰਿਤਕਾਂ ਦੀ ਗਿਣਤੀ ਵੱਧ ਕੇ 46 ਹੋ ਗਈ ਹੈ, ਜਦੋਂ ਕਿ ਕਈ ਹੋਰ ਲੋਕ ਜ਼ਖ਼ਮੀ ਹੋਏ ਹਨ। ਇਸ ਹਾਦਸੇ ਤੋਂ ਬਾਅਦ ਮੈਡ੍ਰਿਡ ਤੋਂ ਦੱਖਣੀ ਸਪੇਨ ਦੇ ਅੰਦਾਲੂਸੀਆ ਇਲਾਕੇ ਨੂੰ ਜੋੜਨ ਵਾਲੀ ਹਾਈ-ਸਪੀਡ ਰੇਲ ਲਾਈਨ 'ਤੇ ਆਵਾਜਾਈ ਨੂੰ ਰੋਕ ਦਿੱਤਾ ਗਿਆ ਹੈ। ਸੀਐਨਐਨ ਦੀ ਰਿਪੋਰਟ ਮੁਤਾਬਕ, ਰੇਲਵੇ ਇਨਫਰਾਸਟਰਕਚਰ ਮੈਨੇਜਰ 1496 ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਇਹ ਟੱਕਰ ਸਪੇਨ ਦੇ ਮੱਧ ਸੂਬੇ ਟੋਲੇਡੋ ਵਿੱਚ ਮੋਰਾ, ਓਰਗਾਜ਼ ਅਤੇ ਉਰਡਾ ਕਸਬਿਆਂ ਵਿਚਕਾਰ ਹੋਈ। ਇਨ੍ਹਾਂ ਵਿੱਚੋਂ ਇੱਕ ਟ?ਰੇਨ ਸਰਕਾਰੀ ਕੰਪਨੀ 'ਰੇਨਫੇ' ਦੀ ਸੀ, ਜਦੋਂ ਕਿ ਦੂਜੀ ਟਰੇਨ 'ਇਰਿਓ' ਕੰਪਨੀ ਦੀ ਸੀ।

ਦੱਸ ਦੇਈਏ ਕਿ ਇਹ ਦੋਵੇਂ ਟਰੇਨਾਂ ਸਪੇਨ ਦੀ ਰਾਜਧਾਨੀ ਮੈਡ੍ਰਿਡ ਨੂੰ ਦੱਖਣੀ ਅੰਦਾਲੂਸੀਆ ਸੂਬੇ ਦੇ ਸੇਵਿਲੇ ਸ਼ਹਿਰ ਨਾਲ ਜੋੜਨ ਵਾਲੇ ਰੂਟ 'ਤੇ ਚੱਲ ਰਹੀਆਂ ਸਨ। ਇਸ ਹਾਦਸੇ ਕਾਰਨ ਫਿਲਹਾਲ ਮੈਡ੍ਰਿਡ ਤੋਂ ਅੰਦਾਲੂਸੀਆ ਜਾਣ ਵਾਲੀ ਹਾਈ-ਸਪੀਡ ਰੇਲ ਲਾਈਨ ਨੂੰ ਬੰਦ ਕਰਨਾ ਪਿਆ ਹੈ।

1 ਨਵੰਬਰ ਤੋਂ ਬਦਲ ਜਾਵੇਗਾ ਸਕੂਲਾਂ ਦਾ ਸਮਾਂ

ਸਰਕਾਰੀ, ਪ੍ਰਾਈਵੇਟ ਤੇ ਏਡਿਡ ਸਕੂਲਾਂ ਲਈ ਨਵੀਂ ਸਮਾਂ-ਸਾਰਣੀ ਜਾਰੀ

ਚੰਡੀਗੜ੍ਹ, 28 ਅਕਤੂਬਰ (ਪੈ.ਗਾਮ-ਏ-ਜਗਤ)

ਪਹਾੜਾਂ 'ਤੇ ਹੋ ਰਹੀ ਬਰਫ਼ਬਾਰੀ ਅਤੇ ਮੌਸਮ ਦੇ ਬਦਲੇ ਮਿਜ਼ਾਜ ਕਾਰਨ ਚੰਡੀਗੜ੍ਹ ਅਤੇ ਪੰਜਾਬ ਵਿੱਚ ਠੰਢ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਸਵੇਰੇ ਅਤੇ ਸ਼ਾਮ ਦੇ ਸਮੇਂ ਵਧ ਰਹੀ ਸਰਦੀ ਨੂੰ ਧਿਆਨ ਵਿੱਚ ਰੱਖਦਿਆਂ, ਸਕੂਲੀ ਬੱਚਿਆਂ ਨੂੰ ਠੰਢ ਤੋਂ ਬਚਾਉਣ ਲਈ ਚੰਡੀਗੜ੍ਹ ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਵੱਲੋਂ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਚੰਡੀਗੜ੍ਹ ਵਿੱਚ ਨਵੀਂ ਸਮਾਂ-ਸਾਰਣੀ 1 ਨਵੰਬਰ ਤੋਂ ਲਾਗੂ ਹੋਵੇਗੀ, ਜਦੋਂ ਕਿ 2 ਨਵੰਬਰ ਤੋਂ ਡਬਲ ਸ਼ਿਫਟ ਵਾਲੇ ਸਰਕਾਰੀ ਸਕੂਲ ਸਵੇਰੇ 7:50 ਵਜੇ ਖੁੱਲ੍ਹਣਗੇ। ਡਬਲ ਸ਼ਿਫਟ ਵਿੱਚ ਸਵੇਰ ਦੀ ਸ਼ਿਫ਼ਟ (ਛੇਵੀਂ ਤੋਂ 12ਵੀਂ ਜਮਾਤ) ਦਾ ਸਮਾਂ ਸਵੇਰੇ 8:00 ਵਜੇ ਤੋਂ ਦੁਪਹਿਰ 1:15 ਵਜੇ ਤੱਕ ਹੋਵੇਗਾ। ਦੂਜੇ ਪਾਸੇ ਦੁਪਹਿਰ ਦੀ ਸ਼ਿਫ਼ਟ (ਪਹਿਲੀ ਤੋਂ ਪੰਜਵੀਂ ਜਮਾਤ) ਦੇ ਵਿਦਿਆਰਥੀ ਦੁਪਹਿਰ 12:45 ਵਜੇ ਸਕੂਲ ਪਹੁੰਚਣਗੇ ਅਤੇ ਉਨ੍ਹਾਂ ਦੀ ਛੁੱਟੀ ਸ਼ਾਮ 5:00 ਵਜੇ ਹੋਵੇਗੀ, ਜਦਕਿ ਇਸ ਸ਼ਿਫ਼ਟ ਦਾ ਸਟਾਫ਼ ਸਵੇਰੇ 10:50 ਵਜੇ ਆ ਕੇ ਸ਼ਾਮ 5:10 ਵਜੇ ਛੁੱਟੀ ਕਰੇਗਾ। ਇਸੇ ਤਰ੍ਹਾਂ ਚੰਡੀਗੜ੍ਹ ਦੇ ਸਿੰਗਲ ਸ਼ਿਫਟ ਵਾਲੇ ਸਕੂਲਾਂ ਵਿੱਚ ਵਿਦਿਆਰਥੀ ਸਵੇਰੇ 8:20 ਵਜੇ ਸਕੂਲ ਪਹੁੰਚਣਗੇ ਅਤੇ ਦੁਪਹਿਰ 2:20 ਵਜੇ ਛੁੱਟੀ ਹੋਵੇਗੀ। ਇਹਨਾਂ ਸਕੂਲਾਂ ਦਾ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਸਵੇਰੇ 8:10 ਵਜੇ ਆਵੇਗਾ ਅਤੇ ਦੁਪਹਿਰ 2:30 ਵਜੇ ਛੁੱਟੀ ਹੋਵੇਗੀ। ਦੂਜੇ ਪਾਸੇ ਪੰਜਾਬ ਸਰਕਾਰ ਨੇ ਵੀ ਸੂਬੇ ਦੇ ਸਾਰੇ ਸਰਕਾਰੀ, ਨਿੱਜੀ, ਸਹਾਇਤਾ ਪ੍ਰਾਪਤ ਅਤੇ ਮਾਨਤਾ ਪ੍ਰਾਪਤ ਸਕੂਲਾਂ ਦਾ ਸਮਾਂ 2 ਨਵੰਬਰ ਤੋਂ ਬਦਲਣ ਦੇ ਹੁਕਮ ਦਿੱਤੇ ਹਨ।

'ਵਾਰਿਸ ਪੰਜਾਬ ਦੇ' ਨੇ ਜਥੇਬੰਦਕ ਢਾਂਚਾ ਕੀਤਾ ਭੰਗ; ਸਾਰੇ ਜ਼ਿਲ੍ਹਾ ਪ੍ਰਧਾਨ ਹਟਾਏ

ਜਲਦੀ ਹੀ ਕੀਤਾ ਜਾਵੇਗਾ ਨਵੇਂ ਢਾਂਚੇ ਅਤੇ ਨਵੀਆਂ ਜ਼ਿਲ੍ਹਾ ਪੱਧਰੀ ਨਿਯੁਕਤੀਆਂ ਦਾ ਐਲਾਨ

ਚੰਡੀਗੜ੍ਹ, 28 ਅਕਤੂਬਰ (ਪੈ.ਗਾਮ-ਏ-ਜਗਤ)

ਅਕਾਲੀ ਦਲ (ਵਾਰਿਸ ਪੰਜਾਬ ਦੇ) ਨੇ ਆਪਣੀ ਸੀਨੀਅਰ ਲੀਡਰਸ਼ਿਪ ਦੀ ਮੀਟਿੰਗ ਤੋਂ ਬਾਅਦ ਮੌਜੂਦਾ ਸੰਗਠਨਾਤਮਕ ਢਾਂਚਾ ਭੰਗ ਕਰ ਦਿੱਤਾ ਹੈ ਅਤੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਨੂੰ ਤੁਰੰਤ ਪ੍ਰਭਾਵ ਨਾਲ ਹਟਾ ਦਿੱਤਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਪਾਰਟੀ ਆਗੂ ਐਡਵੋਕੇਟ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਫੈਸਲੇ ਦਾ ਉਦੇਸ਼ ਜਥੇਬੰਦੀ ਨੂੰ ਮਜ਼ਬੂਤ ਕਰਨਾ, ਵਰਕਰਾਂ ਨਾਲ ਤਾਲਮੇਲ ਨੂੰ ਬਿਹਤਰ ਬਣਾਉਣਾ ਅਤੇ ਇਸ ਦੀਆਂ ਸਰਗਰਮੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਹੈ। ਪਾਰਟੀ ਵੱਲੋਂ ਜਲਦੀ ਹੀ ਨਵੇਂ ਜਥੇਬੰਦਕ ਢਾਂਚੇ, ਜ਼ਿਲ੍ਹਾ ਪੱਧਰੀ ਜ਼ਿੰਮੇਵਾਰੀਆਂ ਅਤੇ ਨਵੀਆਂ ਨਿਯੁਕਤੀਆਂ ਬਾਰੇ ਫੈਸਲਾ ਲਿਆ ਜਾਵੇਗਾ। ਪੱਤਰ ਵਿੱਚ ਲਿਖਿਆ ਗਿਆ ਹੈ, 'ਅਕਾਲੀ ਦਲ (ਵਾਰਿਸ ਪੰਜਾਬ ਦੇ), ਦੇ ਸਾਰੇ ਅਹੁਦੇਦਾਰਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਸਮੂਹ ਵਰਕਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀ ਇੱਕ ਅਹਿਮ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ, ਪਾਰਟੀ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਦੇ ਮੌਜੂਦਾ ਢਾਂਚੇ ਨੂੰ ਤੁਰੰਤ ਪ੍ਰਭਾਵ ਨਾਲ ਭੰਗ ਕੀਤਾ ਜਾ ਰਿਹਾ ਹੈ।' ਪੱਤਰ ਵਿੱਚ ਕਿਹਾ ਗਿਆ ਹੈ, 'ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ, ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ, ਨਵੇਂ ਢਾਂਚੇ ਦੇ ਵਿਸਥਾਰ ਅਤੇ ਅਗਲੀਆਂ ਨਿਯੁਕਤੀਆਂ ਬਾਰੇ ਫੈਸਲਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਜਲਦੀ ਹੀ ਲਿਆ ਜਾਵੇਗਾ।' ਪਾਰਟੀ ਦੇ ਸੰਯੁਕਤ ਦਫ਼ਤਰ ਸਕੱਤਰ ਜਤਿੰਦਰ ਸਿੰਘ ਮਹਿਤਾ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ, 'ਇਸ ਲਈ ਸਾਰੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪਾਰਟੀ ਦੇ ਫੈਸਲੇ ਦੀ ਪਾਲਣਾ ਕਰਨ ਅਤੇ ਅਗਲੇ ਹੁਕਮਾਂ ਤੱਕ ਪਾਰਟੀ ਦੀਆਂ ਨੀਤੀਆਂ ਤੇ ਅਨੁਸ਼ਾਸਨ ਅਨੁਸਾਰ ਆਪਣੀਆਂ ਸੇਵਾਵਾਂ ਜਾਰੀ ਰੱਖਣ।' ਸੂਤਰਾਂ ਨੇ ਦੱਸਿਆ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਵੱਲੋਂ ਵਧੇਰੇ ਉਦਾਰਵਾਦੀ ਅਤੇ ਧਰਮ ਨਿਰਪੱਖ ਸਿਆਸੀ ਪਹੁੰਚ ਅਪਣਾਉਣ ਤੋਂ ਬਾਅਦ ਇਹ ਮਤਭੇਦ ਉੱਭਰ ਕੇ ਸਾਹਮਣੇ ਆਏ ਹਨ। ਪੰਥਕ ਵਿਚਾਰਧਾਰਾ ਰੱਖਣ ਵਾਲੇ ਆਗੂ/ਵਰਕਰ ਇਸ ਕਦਮ ਤੋਂ ਖੁਸ਼ ਨਹੀਂ ਹਨ। ਮੌਜੂਦਾ ਸਮੇਂ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਇਸ ਸਿਆਸੀ ਧੜੇ ਦੀ ਅਗਵਾਈ ਕਰ ਰਹੇ ਹਨ।

ਰੋਪੜ 'ਚ ਦਰਦਨਾਕ ਹਾਦਸਾ, ਗੱਡੀ ਖੱਡ 'ਚ ਡਿੱਗਣ ਕਾਰਨ 4 ਦੀ ਮੌਤ

ਰੋਪੜ, 28 ਅਕਤੂਬਰ (ਪੈ.ਗਾਮ-ਏ-ਜਗਤ)

ਰੋਪੜ 'ਚ ਕੀਰਤਪੁਰ ਸਾਹਿਬ-ਮਨਾਲੀ ਫੋਰਲੇਨ ਨੈਸ਼ਨਲ ਹਾਈਵੇਅ ਤੇ ਬੁੱਧਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਦੇਹਣੀ-ਮਸੇਵਾਲ ਨੇੜੇ ਡੀਜੇ ਸਾਊਂਡ ਵਾਲੀ ਗੱਡੀ ਬੇਕਾਬੂ ਹੋ ਕੇ ਡੂੰਘੀ ਖੱਡ 'ਚ ਜਾ ਡਿੱਗੀ। ਇਸ ਹਾਦਸੇ 'ਚ 4 ਲੋਕਾਂ ਦੀ ਮੌਤ ਹੋ ਗਈ, ਜਦਕਿ ਕੁਝ ਹੋਰ ਜ਼ਖ਼ਮੀ ਦੱਸੇ ਜਾ ਰਹੇ ਹਨ। ਸਾਰੇ ਮ੍ਰਿਤਕ ਰੋਪੜ ਦੇ ਰਹਿਣ ਵਾਲੇ ਦੱਸ ਜਾ ਰਹੇ ਹਨ। ਮੁੱਢਲੀ ਜਾਣਕਾਰੀ ਮੁਤਾਬਕ, ਡੀਜੇ ਸਾਊਂਡ ਵਾਲੀ ਗੱਡੀ 'ਚ ਸਵਾਰ ਲੋਕ ਕੁੱਲੂ 'ਚ ਪ੍ਰੋਗਰਾਮ 'ਚ ਸ਼ਾਮਲ ਹੋਣ ਤੋਂ ਬਾਅਦ ਵਾਪਸ ਪਰਤ ਰਹੇ ਸਨ। ਇਸ ਦੌਰਾਨ ਦੇਹਣੀ ਮਸੇਵਾਲ ਨੇੜੇ ਗੱਡੀ ਅਚਾਨਕ ਬੇਕਾਬੂ ਹੋ ਗਈ ਤੇ ਸੜਕ ਤੋਂ ਹੇਠਾਂ ਡੂੰਘੀ ਖੱਡ 'ਚ ਜਾ ਡਿੱਗੀ।



ਹਾਦਸਾ ਇੰਨਾ ਭਿਆਨਕ ਸੀ ਕਿ ਚਾਰ ਲੋਕਾਂ ਦੀ ਜਾਨ ਚਲੀ ਗਈ, ਜਦਕਿ ਕੁਝ ਲੋਕ ਜ਼ਖ਼ਮੀ ਹੋ ਗਏ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਬਚਾਅ ਟੀਮਾਂ ਮੌਕੇ ਤੇ ਪਹੁੰਚ ਗਈਆਂ ਤੇ ਰਾਹਤ ਕਾਰਜ ਸ਼ੁਰੂ ਕੀਤੇ। ਬਚਾਅ ਟੀਮਾਂ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਖੱਡ 'ਚੋਂ ਬਾਹਰ ਕੱਢਿਆ। ਇਸ ਤੋਂ ਬਾਅਦ ਲਾਸ਼ਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਹਸਪਤਾਲ ਦੀ ਮੋਰਚਰੀ 'ਚ ਭੇਜ ਦਿੱਤਾ ਗਿਆ। ਇਸ ਦਰਦਨਾਕ ਹਾਦਸੇ ਤੋਂ ਬਾਅਦ ਇਲਾਕੇ 'ਚ ਸੋਗ ਦੀ ਲਹਿਰ ਹੈ। ਫਿਲਹਾਲ ਗੱਡੀ ਦੇ ਬੇਕਾਬੂ ਹੋਣ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਨੌਜਵਾਨ ਦੀ ਮੌਤ ਤੋਂ ਬਾਅਦ ਪੀੜਤ ਪਰਿਵਾਰ ਨਾਲ ਦੁੱਖ ਵੰਡਾਉਣ ਪਹੁੰਚੇ ਚਰਨਜੀਤ ਚੰਨੀ



ਮਾਨਸਾ, 28 ਅਕਤੂਬਰ (ਪੈ.ਗਾਮ-ਏ-ਜਗਤ)

ਮਾਨਸਾ ਜ਼ਿਲ੍ਹੇ ਦੇ ਪਿੰਡ ਭੰਮੇ ਕਲਾਂ ਵਿੱਚ ਇੱਕ ਨੌਜਵਾਨ ਦੀ ਮੌਤ ਦਾ ਮਾਮਲਾ ਲਗਾਤਾਰ ਚਰਚਾ ਵਿੱਚ ਬਣਿਆ ਹੋਇਆ ਹੈ ਅਤੇ ਇਸ ਨੇ ਇੱਕ ਨਵਾਂ ਮੋੜ ਲੈ ਲਿਆ ਹੈ। ਸ਼ੁਰੂ ਵਿੱਚ ਪਰਿਵਾਰ ਵੱਲੋਂ ਨੌਜਵਾਨ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਣ ਦੇ ਦੋਸ਼ ਲਗਾਏ ਜਾ ਰਹੇ ਸਨ, ਪਰ ਪੁਲੀਸ ਜਾਂਚ ਵਿੱਚ ਇਹ ਮਾਮਲਾ ਕਤਲ ਦਾ ਸਾਹਮਣੇ ਆਇਆ ਹੈ।

ਪੁਲੀਸ ਨੇ ਕਾਰਵਾਈ ਕਰਦਿਆਂ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਨ੍ਹਾਂ ਖ਼ਿਲਾਫ਼ ਦੀ ਧਾਰਾ 302 ਤਹਿਤ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਦੁਖਦਾਈ ਘਟਨਾ ਤੋਂ ਬਾਅਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਿੰਡ ਭੰਮੇ ਕਲਾਂ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਮਾਮਲੇ ਸਬੰਧੀ ਜਾਣਕਾਰੀ ਹਾਸਲ ਕੀਤੀ। ਹੁਣ ਦੇਖਣਾ ਹੋਵੇਗਾ ਕਿ ਇਸ ਮਾਮਲੇ ਦੀ ਜਾਂਚ ਦੌਰਾਨ ਅੱਗੇ ਕੀ ਖੁਲਾਸੇ ਹੁੰਦੇ ਹਨ ਅਤੇ ਪੀੜਤ ਪਰਿਵਾਰ ਨੂੰ ਕਦੋਂ ਤੱਕ ਇਨਸਾਫ਼ ਮਿਲਦਾ ਹੈ।

ਸੋਨੀਆ ਗਾਂਧੀ ਦੀ ਵੋਟਰ ਸੂਚੀ ਮਾਮਲੇ 'ਚ ਸੁਣਵਾਈ ਟਲੀ, 6 ਨਵੰਬਰ ਨੂੰ ਹੋਵੇਗੀ ਅਗਲੀ ਕਾਰਵਾਈ

ਨਵੀਂ ਦਿੱਲੀ। ਕਾਂਗਰਸ ਦੀ ਸੀਨੀਅਰ ਆਗੂ ਸੋਨੀਆ ਗਾਂਧੀ ਦਾ ਨਾਮ ਸਾਲ 1980 ਵਿੱਚ ਵੋਟਰ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਨਾਲ ਜੁੜੇ ਮਾਮਲੇ ਦੀ ਸੁਣਵਾਈ ਬੁੱਧਵਾਰ ਨੂੰ ਰਾਊਜ਼ ਐਵੇਨਿਊ ਸਥਿਤ ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ (ਏਸੀਜੇਐੱਮ) ਦੀ ਅਦਾਲਤ ਵਿੱਚ ਟਲ ਗਈ। ਵਕੀਲਾਂ ਦੀ ਹੜਤਾਲ ਕਾਰਨ ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ ਵਿਨੋਦ ਜੋਸ਼ੀ ਨੇ ਸੁਣਵਾਈ 6 ਨਵੰਬਰ ਤੱਕ ਮੁਲਤਵੀ ਕਰ ਦਿੱਤੀ। ਇਹ ਮਾਮਲਾ ਸੋਨੀਆ ਗਾਂਧੀ ਦੇ ਭਾਰਤੀ ਨਾਗਰਿਕ ਬਣਨ ਤੋਂ ਪਹਿਲਾਂ ਵੋਟਰ ਸੂਚੀ ਵਿੱਚ ਉਨ੍ਹਾਂ ਦਾ ਨਾਮ ਸ਼ਾਮਲ ਕੀਤੇ ਜਾਣ ਦੇ ਦੋਸ਼ਾਂ ਨਾਲ ਸਬੰਧਤ ਹੈ।



ਸ਼ਰਾਬ ਦੀ ਆਨਲਾਈਨ ਬੁਕਿੰਗ: ਦਿੱਲੀ ਸਰਕਾਰ ਵੱਲੋਂ ਠੇਕਿਆਂ 'ਤੇ ਭੀੜ ਘਟਾਉਣ ਲਈ ਐਪ ਲਾਂਚ



ਨਵੀਂ ਦਿੱਲੀ, 28 ਅਕਤੂਬਰ (ਪੈ.ਗਾਮ-ਏ-ਜਗਤ)

ਦਿੱਲੀ ਸਰਕਾਰ ਨਾਲ ਸਬੰਧਤ DSIIDC ਨੇ ਸ਼ਰਾਬ ਦੀਆਂ ਦੁਕਾਨਾਂ 'ਤੇ ਲੰਬੀਆਂ ਲਾਈਨਾਂ ਨੂੰ ਘਟਾਉਣ ਅਤੇ ਖਰੀਦਦਾਰੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣ ਲਈ 'ਦਿੱਲੀ ਲਿਕਰ ਬੁਕਿੰਗ' ਐਪ ਲਾਂਚ ਕੀਤੀ ਹੈ। ਇਸ ਸੁਵਿਧਾ ਤਹਿਤ ਗਾਹਕ ਐਪ ਰਾਹੀਂ ਆਪਣਾ ਪਸੰਦੀਦਾ ਬ੍ਰਾਂਡ ਚੁਣ ਕੇ ਆਨਲਾਈਨ ਭੁਗਤਾਨ ਕਰ ਸਕਦੇ ਹਨ ਅਤੇ DSI-IDC ਦੇ ਲਗਭਗ 200 ਆਊਟਲੇਟਾਂ ਤੋਂ QR ਕੋਡ ਸਕੈਨ ਕਰਵਾ ਕੇ 48 ਘੰਟਿਆਂ ਦੇ ਅੰਦਰ ਆਪਣਾ ਆਰਡਰ ਪ੍ਰਾਪਤ ਕਰ ਸਕਦੇ ਹਨ। ਹਾਲਾਂਕਿ, ਇਹ ਪ੍ਰਣਾਲੀ ਹੋਮ ਡਿਲਿਵਰੀ ਪ੍ਰਦਾਨ ਨਹੀਂ ਕਰਦੀ ਅਤੇ ਸ਼ਰਾਬ ਦੀ ਨਿੱਜੀ ਸਪੁਰਦਗੀ ਲਈ ਦੁਕਾਨ 'ਤੇ ਜਾਣਾ ਲਾਜ਼ਮੀ ਹੋਵੇਗਾ। ਇਹ ਪ੍ਰਕਿਰਿਆ 'ਦਿੱਲੀ ਲਿਕਰ ਬੁਕਿੰਗ' ਐਪ ਨੂੰ ਸਥਾਪਿਤ (ਇੰਸਟਾਲ) ਕਰਨ ਨਾਲ ਸ਼ੁਰੂ ਹੋਈ ਹੈ। ਗਾਹਕ ਉਪਲਬਧ ਬ੍ਰਾਂਡ, ਬੋਤਲ ਦਾ ਸਾਈਜ਼ ਅਤੇ ਮਾਤਰਾ ਚੁਣ ਸਕਦੇ ਹਨ, ਅਤੇ ਫਿਰ ਉਹ DSIIDC ਆਊਟਲੇਟ ਚੁਣ ਸਕਦੇ ਹਨ ਜਿੱਥੋਂ ਉਹ ਆਰਡਰ ਪ੍ਰਾਪਤ ਕਰਨਾ ਚਾਹੁੰਦੇ ਹਨ। ਭੁਗਤਾਨ ਐਪ ਰਾਹੀਂ ਡਿਜੀਟਲ ਰੂਪ ਵਿੱਚ ਕੀਤਾ ਜਾਂਦਾ ਹੈ। ਇੱਕ ਵਾਰ ਭੁਗਤਾਨ ਸਫ਼ਲ ਹੋਣ ਤੋਂ ਬਾਅਦ, ਐਪ ਇੱਕ QR ਕੋਡ ਤਿਆਰ ਕਰਦੀ ਹੈ। ਗਾਹਕ ਨੂੰ ਫਿਰ ਚੁਣੇ ਗਏ ਸਟੋਰ 'ਤੇ ਜਾਣਾ ਪਵੇਗਾ ਅਤੇ ਆਰਡਰ ਪ੍ਰਾਪਤ ਕਰਨ ਲਈ ਕਾਊਂਟਰ 'ਤੇ QR ਕੋਡ ਸਕੈਨ ਕਰਵਾਉਣਾ ਪਵੇਗਾ। ਇਸ ਲਈ ਇਹ ਪ੍ਰਣਾਲੀ ਖਰੀਦਦਾਰੀ ਦੀ ਜ਼ਿਆਦਾਤਰ ਪ੍ਰਕਿਰਿਆ ਨੂੰ ਆਨਲਾਈਨ ਕਰ ਦਿੰਦੀ ਹੈ, ਪਰ ਹੋਮ ਡਿਲਿਵਰੀ ਪ੍ਰਦਾਨ ਨਹੀਂ ਕਰਦੀ।

ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਬਾਅਦ ਪਹਿਲਾ ਕੰਮ ਪੰਜਾਬ ਨੂੰ ਨਸ਼ਾ ਮੁਕਤ ਕਰਨਾ- ਹਰਸਿਮਰਤ ਕੌਰ ਬਾਦਲ

ਸਾਬਕਾ ਵਿਧਾਇਕ ਐੱਨ. ਕੇ. ਸ਼ਰਮਾ ਦੀ ਅਗਵਾਈ ਵਿੱਚ ਜ਼ੀਰਕਪੁਰ ਵਿਖੇ ਹੋਈ ਬੀਬੀਆਂ ਦੀ ਵਿਸ਼ਾਲ ਰੈਲੀ

ਜ਼ੀਰਕਪੁਰ, 28 ਅਕਤੂਬਰ (ਪੈ.ਗਾਮ-ਏ-ਜਗਤ)

ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਕੇਂਦਰੀ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਗਈ ÷ਮਾਵਾਂ ਧੀਆਂ ਦੀ ਲਲਕਾਰ,ਬੰਦ ਕਰਾਵਾਂਗੇ ਨਸ਼ੇ ਦਾ ਕਾਰੋਬਾਰ÷ ਤਹਿਤ ਜ਼ੀਰਕਪੁਰ ਦੇ ਸਾਬਕਾ ਵਿਧਾਇਕ ਐੱਨ . ਕੇ. ਸ਼ਰਮਾ ਦੀ ਅਗਵਾਈ ਵਿੱਚ ਇੱਥੋਂ ਦੇ ਲੋਹਗੜ੍ਹ ਪਾਰਕ ਸਾਹਮਣੇ ਦੁਸਹਿਰਾ ਗਰਾਊਂਡ ਵਿੱਚ ਔਰਤਾਂ ਦੀ ਵਿਸ਼ਾਲ ਰੈਲੀ ਕੀਤੀ ਗਈ ਜਿਸ ਵਿੱਚ ਡੇਰਾਬੱਸੀ ਹਲਕੇ ਤੋਂ ਲੱਗਭਗ 5 ਹਜ਼ਾਰ ਦੇ ਕਰੀਬ ਔਰਤਾਂ ਨੇ ਹੁੰਮਹੁਮਾ ਕੇ ਭਾਗ ਲਿਆ। ਰੈਲੀ ਨੂੰ ਸੰਬੋਧਨ ਕਰਦਿਆਂ ਬੀਬਾ ਹਰਸਿਮਰਤ ਕੌਰ ਬਾਦਲ ਨੇ ਆਪ ਸਰਕਾਰ ਨੂੰ ਨਸ਼ਿਆਂ ਦੇ ਮੁੱਦੇ ਤੇ ਰਾਜਸੀ ਰਗੜੇ ਲਾਉਂਦਿਆਂ ਕਿਹਾ ਕਿ ਮੌਜੂਦਾ ਆਪ ਸਰਕਾਰ ਦੇ ਰਾਜਭਾਗ ਦੌਰਾਨ ਨਸ਼ਾ ਪੰਜਾਬ ਦੀ ਗਲੀ ਗਲੀ,ਮਹੱਲੇ ਮਹੱਲੇ ਅਤੇ ਘਰ ਘਰ ਤੱਕ ਪਹੁੰਚ ਚੁੱਕਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮੁੱਦੇ ਤੇ ਮੁੱਖ ਮੰਤਰੀ ਨੂੰ ਸਵਾਲ ਕਰਨ ਵਾਲਿਆਂ ਉੱਪਰ ਝੂਠੇ ਪਰਚੇ ਦਰਜ ਕਰਕੇ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ। ਰੈਲੀ ਨੂੰ ਸੰਬੋਧਨ ਕਰਨ ਉਪਰੰਤ ਬੀਬਾ ਬਾਦਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਨੇ ਨਸ਼ੇ ਖਿਲਾਫ਼ ਜੰਗ ਵਿੱਚ ਆਪਣੀ ਜਾਨ ਗਵਾਈ ਹੈ ਪਰ ਪਰਿਵਾਰ ਨੂੰ ਅਜੇ ਤੱਕ ਇਨਸਾਫ ਨਹੀਂ ਮਿਲਿਆ। ਉਹਨਾਂ ਨੇ ਮਰਹੂਮ ਪਰਵਿੰਦਰ ਸਿੰਘ ਝੋਟਾ ਦੀ ਮਾਂ ਅਤੇ ਪਤਨੀ ਨੂੰ ਮਾਈ ਭਾਗੋ ਦੀਆਂ ਅਸਲ ਵਾਰਸ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਰੋਸ ਮੁਜ਼ਾਹਰੇ ਹੋ ਰਹੇ ਹਨ ਪਰ ਮੁੱਖ ਮੰਤਰੀ ਪਰਿਵਾਰ ਸਮੇਤ ਵਿਦੇਸ਼ਾਂ ਦੀਆਂ ਸੈਰਾਂ ਕਰ ਰਿਹਾ ਸੀ । ਉਨ੍ਹਾਂ ਕਿਹਾ ਕਿ ਮਾਨ ਸਰਕਾਰ ਅਜੇ ਤੱਕ ਇਹ ਨਹੀਂ ਦੱਸ ਸਕੀ ਕਿ ਝੋਟਾ ਨੂੰ ਗੋਲੀ ਮਾਰਨ ਵਾਲੇ ਕੈਮਿਸਟ ਅਸ਼ਨਵੀ ਕੁਮਾਰ ਨੂੰ ਉਸ ਤੇ ਮੁਕੱਦਮੇ ਦਰਜ ਹੋਣ ਦੇ ਬਾਵਜੂਦ ਹਥਿਆਰ ਦਾ ਲਾਇਸੈਂਸ ਕਿਸ ਦੀ ਸਿਫਾਰਸ਼ ਤੇ ਦਿੱਤਾ ਗਿਆ। ਉਨ੍ਹਾਂ ਮੁੱਖ ਮੰਤਰੀ ਤੇ ਹਮਲੇ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਦਾ ਪਰਿਵਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਨਾਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨੂੰ ਇਨਸਾਫ਼ ਦੇਣ ਦੀ ਬਜਾਏ ਮੌਜੂਦਾ ਮਾਨ ਸਰਕਾਰ ਉਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਰਹੀ ਹੈ ਇੱਥੋਂ ਤੱਕ ਕਿ ਮੁੱਖ ਮੰਤਰੀ ਪਰਵਿੰਦਰ ਸਿੰਘ ਝੋਟੇ ਦੇ ਪਰਿਵਾਰ ਨੂੰ ਮਿਲਣ ਤੱਕ ਨਹੀਂ ਗਿਆ। ਉਨ੍ਹਾਂ ਨਸ਼ਿਆਂ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਲੋਕਾਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨੇ ਆਪਣਾ ਇਕਲੌਤਾ ਪੁੱਤਰ ਗੁਆਇਆ ਹੈ, ਪਰਿਵਾਰ ਨੂੰ ਉਨ੍ਹਾਂ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰਨ ਦਾ ਪੂਰਾ ਹੱਕ ਹੈ।



ਜਿਨ੍ਹਾਂ ਨੇ ਕਥਿਤ ਤੌਰ 'ਤੇ ਅਸ਼ਵਨੀ ਕੁਮਾਰ ਨੂੰ ਹਥਿਆਰਾਂ ਦਾ ਲਾਇਸੰਸ ਜਾਰੀ ਕੀਤਾ ਅਤੇ ਉਸ ਦੇ ਮੈਡੀਕਲ ਸਟੋਰ 'ਤੇ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਦੀ ਮਨਜ਼ੂਰੀ ਦਿੱਤੀ ।

ਕੈਂਸਰ ਦੀਆਂ ਦਵਾਈਆਂ ਦੀਆਂ ਕੀਮਤਾਂ ਵਿੱਚ 90 ਫ਼ੀਸਦੀ ਤੱਕ ਦੀ ਕਟੌਤੀ

- ਨਵੀਆਂ ਦਰਾਂ 9 ਨਵੰਬਰ ਤੋਂ ਲਾਗੂ

ਨਵੀਂ ਦਿੱਲੀ, 28 ਅਕਤੂਬਰ (ਪੈ.ਗਾਮ-ਏ-ਜਗਤ)

ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਟੀ ਵੱਲੋਂ ਕੈਂਸਰ ਦੇ ਮਰੀਜ਼ਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਅਥਾਰਟੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਕੈਂਸਰ ਵਿਰੋਧੀ ਦਵਾਈਆਂ ਦੇ 543 ਬ੍ਰਾਂਡਾਂ ਦੀਆਂ ਕੀਮਤਾਂ ਵਿੱਚ ਸੋਧ ਕੀਤੀ ਗਈ ਹੈ, ਜਿਸ ਤਹਿਤ ਕੁਝ ਦਵਾਈਆਂ ਦੀਆਂ ਕੀਮਤਾਂ ਵਿੱਚ 90 ਫੀਸਦੀ ਤੋਂ ਵੀ ਵੱਧ ਦੀ ਕਟੌਤੀ ਹੋਈ ਹੈ। ਦਵਾਈਆਂ ਦੀਆਂ ਇਹ ਨਵੀਆਂ ਅਤੇ ਘਟੀਆਂ ਹੋਈਆਂ ਪ੍ਰਚੂਨ ਕੀਮਤਾਂ 9 ਨਵੰਬਰ ਤੋਂ ਲਾਗੂ ਹੋ ਜਾਣਗੀਆਂ।

ਕੀਮਤਾਂ ਵਿੱਚ ਇਹ ਵੱਡੀ ਸੋਧ ਐੱਨ.ਪੀ.ਪੀ.ਏ. ਦੇ 17 ਅਕਤੂਬਰ ਦੇ ਉਸ ਫੈਸਲੇ ਦਾ ਨਤੀਜਾ ਹੈ, ਜਿਸ ਵਿੱਚ 137 ਗੈਰ-ਅਨੁਸੂਚਿਤ ਕੈਂਸਰ ਵਿਰੋਧੀ ਦਵਾਈਆਂ ਦੇ ਟਰੇਡ ਮਾਰਜਿਨ (ਵਪਾਰਕ ਮੁਨਾਫੇ) ਨੂੰ ਤਰਕਸੰਗਤ ਬਣਾਉਣ ਦਾ ਫੈਸਲਾ ਲਿਆ ਗਿਆ ਸੀ। ਇਸ ਕਦਮ ਦਾ ਮੁੱਖ ਉਦੇਸ਼ ਦਵਾਈਆਂ 'ਤੇ ਵਸੂਲੇ ਜਾਂਦੇ ਬਹੁਤ ਜ਼ਿਆਦਾ ਮੁਨਾਫੇ ਨੂੰ ਰੋਕਣਾ ਅਤੇ ਕੈਂਸਰ ਦੇ ਇਲਾਜ ਨੂੰ ਆਮ ਲੋਕਾਂ ਲਈ ਵਧੇਰੇ ਕਿਫਾਇਤੀ ਬਣਾਉਣਾ ਹੈ। ਜਿਨ੍ਹਾਂ ਦਵਾਈਆਂ ਦੀਆਂ ਕੀਮਤਾਂ ਵਿੱਚ ਭਾਰੀ ਕਟੌਤੀ ਕੀਤੀ ਗਈ ਹੈ, ਉਨ੍ਹਾਂ ਵਿੱਚ ਛਾਤੀ ਦੇ ਕੈਂਸਰ ਦੇ ਇਲਾਜ ਲਈ ਵਰਤੀ ਜਾਣ ਵਾਲੀ ਆਰਪੀਜੀ ਲਾਈਫ ਸਾਇੰਸਿਜ਼ ਦੀ 'ਅਨਾਰਜ਼ੋਲ' ਸ਼ਾਮਲ ਹੈ। ਇਸ ਦੀਆਂ 10 ਗੋਲੀਆਂ ਦੇ ਪੈਕ ਦੀ ਕੀਮਤ 695.76 ਰੁਪਏ ਤੋਂ ਘਟਾ ਕੇ ਹੁਣ ਮਹਿਜ਼ 73 ਰੁਪਏ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਡਾ. ਰੈੱਡੀਜ਼ ਲੈਬਾਰਟਰੀਜ਼ ਦੇ ਅਜ਼ੈਸੀਟਿਨ ਇੰਜੈਕਸ਼ਨ ਦੀ ਕੀਮਤ 6,337 ਰੁਪਏ ਤੋਂ ਘਟਾ ਕੇ 1,495.04 ਰੁਪਏ ਰਹਿ ਗਈ ਹੈ। ਐਬਟ ਹੈਲਥਕੇਅਰ ਦੇ ਬੇਵਾਸੀਜ਼ੈਬ ਇੰਜੈਕਸ਼ਨ ਦੀ 4 ਮਿਲੀਲੀਟਰ ਸ਼ੀਸ਼ੀ ਦੀ ਕੀਮਤ ਪਹਿਲਾਂ ਵਾਲੇ 21,767.70 ਰੁਪਏ ਦੇ ਮੁਕਾਬਲੇ ਹੁਣ 5,930.13 ਰੁਪਏ ਹੋਵੇਗੀ, ਜਦਕਿ ਆਰ ਪੀ ਜੀ ਲਾਈਫ ਸਾਇੰਸਿਜ਼ ਦੇ ਡੇਬਰੂਮੈਬ ਇੰਜੈਕਸ਼ਨ (1 ਮਿਲੀਲੀਟਰ ਪ੍ਰੀ-ਫਿਲਡ ਸਰਿੰਜ) ਦੀ ਕੀਮਤ 22,031.25 ਰੁਪਏ ਤੋਂ ਘਟ ਕੇ 5,941 ਰੁਪਏ ਹੋ ਗਈ ਹੈ। ਇਸ ਤੋਂ ਇਲਾਵਾ ਆਰ ਪੀ ਜੀ ਲਾਈਫ ਸਾਇੰਸਿਜ਼ ਦੇ ਐਨੂਟਾ ਕੈਪਸੂਲ (28 ਕੈਪਸੂਲਾਂ ਦਾ ਪੈਕ) ਦੀ ਨਵੀਂ ਕੀਮਤ 2,232 ਰੁਪਏ ਹੋਵੇਗੀ, ਜੋ ਪਹਿਲਾਂ 6,578.20 ਰੁਪਏ ਸੀ।



ਸੰਪਾਦਕ ਦੀ ਕਲਮ ਤੋਂ

ਆਧੁਨਿਕ ਜੀਵਨ ਦਾ ਵਧਦਾ ਦਬਾਅ ਅਤੇ ਬਚਪਨ



ਇਸ ਡਿਜੀਟਲ ਯੁੱਗ ਵਿੱਚ ਬਚਪਨ ਦਾ ਸਰੂਪ ਤੇਜ਼ੀ ਨਾਲ ਬਦਲ ਰਿਹਾ ਹੈ। ਆਧੁਨਿਕ ਸਿੱਖਿਆ ਦਾ ਦਬਾਅ, ਤਕਨੀਕੀ ਤਰੱਕੀ ਅਤੇ ਸੋਸ਼ਲ ਮੀਡੀਆ ਦੀ ਵਧਦੀ ਪਹੁੰਚ ਨੇ ਬੱਚਿਆਂ ਦੇ ਜੀਵਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ। ਬਚਪਨ, ਜਿਸ ਨੂੰ ਕਦੇ ਖੇਡਣ, ਹੱਸਣ, ਕਲਪਨਾ ਕਰਨ ਅਤੇ ਨਵੀਆਂ ਚੀਜ਼ਾਂ ਸਿੱਖਣ ਦਾ ਸਮਾਂ ਮੰਨਿਆ ਜਾਂਦਾ ਸੀ, ਹੁਣ ਮੁਕਾਬਲੇ, ਉਮੀਦਾਂ ਅਤੇ ਜ਼ਿੰਮੇਵਾਰੀਆਂ ਨਾਲ ਘਿਰਦਾ ਜਾ ਰਿਹਾ ਹੈ। ਬੱਚਿਆਂ ਉੱਤੇ ਪੜ੍ਹਾਈ ਵਿੱਚ ਚੰਗੇ ਨਤੀਜੇ ਲਿਆਉਣ ਦਾ ਦਬਾਅ ਪਹਿਲਾਂ ਨਾਲੋਂ ਕਿਤੇ ਵੱਧ ਹੈ। ਸਕੂਲ ਦਾ ਕੰਮ, ਟੈਸਟ, ਟਿਊਸ਼ਨਾਂ ਅਤੇ ਹੋਰ ਗਤੀਵਿਧੀਆਂ ਉਨ੍ਹਾਂ ਦੀ ਰੋਜ਼ਾਨਾ ਦੀ ਸਮਾਂ-ਸਾਰਣੀ ਦਾ ਵੱਡਾ ਹਿੱਸਾ ਬਣ ਗਈਆਂ ਹਨ। ਮਾਪੇ ਵੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਪੜ੍ਹਾਈ ਦੇ ਨਾਲ ਖੇਡਾਂ ਅਤੇ ਹੋਰ ਖੇਤਰਾਂ ਵਿੱਚ ਵੀ ਅੱਗੇ ਰਹਿਣ। ਇਸ ਮੁਕਾਬਲੇ ਵਿੱਚ ਬੱਚਿਆਂ ਲਈ ਆਪਣੀ ਮਰਜ਼ੀ ਨਾਲ ਖੇਡਣ, ਦੋਸਤਾਂ ਨਾਲ ਸਮਾਂ ਬਿਤਾਉਣ ਅਤੇ ਨਵੀਆਂ ਚੀਜ਼ਾਂ ਦੀ ਖੋਜ ਕਰਨ ਲਈ ਬਹੁਤ ਘੱਟ ਸਮਾਂ ਬਚਦਾ ਹੈ।



ਦਵਿੰਦਰ ਕੁਮਾਰ
ਸੰਪਾਦਕ, ਪੈ.ਗਾਮ-ਏ-ਜਗਤ

ਸਿੱਖਿਆ ਦਾ ਮਕਸਦ ਸਿਰਫ਼ ਚੰਗੇ ਅੰਕ ਪ੍ਰਾਪਤ ਕਰਨਾ ਨਹੀਂ, ਸਗੋਂ ਬੱਚਿਆਂ ਦਾ ਸਮਾਜਿਕ, ਭਾਵਨਾਤਮਕ ਅਤੇ ਰਚਨਾਤਮਕ ਵਿਕਾਸ ਵੀ ਹੋਣਾ ਚਾਹੀਦਾ ਹੈ।

ਆਧੁਨਿਕ ਸਿੱਖਿਆ ਵਿੱਚ ਸੋਚਣ, ਸਮੱਸਿਆਵਾਂ ਦੇ ਹੱਲ ਲੱਭਣ ਅਤੇ ਨਵੇਂ ਹੁਨਰ ਸਿੱਖਣ ਉੱਤੇ ਜ਼ੋਰ ਦੇਣਾ ਚੰਗੀ ਗੱਲ ਹੈ। ਪਰ ਇਸ ਦੇ ਨਾਲ ਬੱਚਿਆਂ ਦੀ ਕਲਪਨਾ, ਖੇਡ ਅਤੇ ਰਚਨਾਤਮਕਤਾ ਨੂੰ ਵੀ ਬਰਾਬਰ ਮਹੱਤਵ ਮਿਲਣਾ ਚਾਹੀਦਾ ਹੈ। ਬੱਚੇ ਸਿਰਫ਼ ਕਿਤਾਬਾਂ ਅਤੇ ਕਲਾਸਾਂ ਰਾਹੀਂ ਹੀ ਨਹੀਂ ਸਿੱਖਦੇ, ਸਗੋਂ ਖੇਡਦਿਆਂ, ਗਲਤੀਆਂ ਕਰਦਿਆਂ ਅਤੇ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਨੂੰ ਸਮਝਦਿਆਂ ਵੀ ਬਹੁਤ ਕੁਝ ਸਿੱਖਦੇ ਹਨ। ਜੇਕਰ ਉਨ੍ਹਾਂ ਦਾ ਹਰ ਸਮਾਂ ਕਿਸੇ ਨਾ ਕਿਸੇ ਕੰਮ ਲਈ ਤੈਅ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਕੁਦਰਤੀ ਸਿੱਖਣ ਦੀ ਇੱਛਾ ਅਤੇ ਸੋਚਣ ਦੀ ਆਜ਼ਾਦੀ ਪ੍ਰਭਾਵਿਤ ਹੋ ਸਕਦੀ ਹੈ। ਤਕਨੀਕੀ ਤਰੱਕੀ ਨੇ ਵੀ ਬੱਚਿਆਂ ਦੇ ਜੀਵਨ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ। ਮੋਬਾਈਲ ਫੋਨ, ਟੈਬਲੇਟ ਅਤੇ ਇੰਟਰਨੈੱਟ ਰਾਹੀਂ ਉਨ੍ਹਾਂ ਨੂੰ ਦੁਨੀਆ ਭਰ ਦੀ ਜਾਣਕਾਰੀ ਆਸਾਨੀ ਨਾਲ ਮਿਲ ਜਾਂਦੀ ਹੈ। ਇਸ ਦੇ ਕਈ ਲਾਭ ਹਨ, ਪਰ ਇਸ ਦੀ ਬੇਲੋੜੀ ਅਤੇ ਬੇਕਾਬੂ ਵਰਤੋਂ ਚਿੰਤਾ ਦਾ ਵਿਸ਼ਾ ਵੀ ਹੈ। ਬੱਚੇ ਛੋਟੀ ਉਮਰ ਵਿੱਚ ਹੀ ਅਜਿਹੀ ਸਮੱਗਰੀ ਦੇਖਣ ਅਤੇ ਪੜ੍ਹਨ ਲੱਗ ਪੈਂਦੇ ਹਨ, ਜੋ ਉਨ੍ਹਾਂ ਦੀ ਉਮਰ ਅਤੇ ਸਮਝ ਦੇ ਅਨੁਕੂਲ ਨਹੀਂ ਹੁੰਦੀ। ਇਸ ਨਾਲ ਬਚਪਨ ਅਤੇ ਬਾਲਗ ਜੀਵਨ ਵਿਚਕਾਰਲੀ ਹੱਦ ਧੁੰਦਲੀ ਹੋਣ ਲੱਗਦੀ ਹੈ। ਕਈ ਵਾਰ ਬੱਚੇ ਅਜਿਹੇ ਵਿਸ਼ਿਆਂ ਅਤੇ ਸਮਾਜਿਕ ਮਸਲਿਆਂ ਬਾਰੇ ਚਿੰਤਤ ਹੋਣ ਲੱਗਦੇ ਹਨ, ਜਿਨ੍ਹਾਂ ਨੂੰ ਸਮਝਣ ਲਈ ਉਨ੍ਹਾਂ ਨੂੰ ਅਜੇ ਹੋਰ ਸਮਾਂ ਅਤੇ ਸਹੀ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ।

ਸੋਸ਼ਲ ਮੀਡੀਆ ਦਾ ਪ੍ਰਭਾਵ ਵੀ ਇਸ ਤਬਦੀਲੀ ਦਾ ਇੱਕ ਅਹਿਮ ਕਾਰਨ ਹੈ। ਛੋਟੀ ਉਮਰ ਤੋਂ ਹੀ ਬੱਚੇ ਦੂਜਿਆਂ ਦੀਆਂ ਤਸਵੀਰਾਂ, ਰਹਿਣ-ਸਹਿਣ ਅਤੇ ਜੀਵਨ ਸ਼ੈਲੀ ਨਾਲ ਆਪਣੀ ਤੁਲਨਾ ਕਰਨ ਲੱਗਦੇ ਹਨ। ਲਾਈਕਾਂ, ਟਿੱਪਣੀਆਂ ਅਤੇ ਸਾਂਝੀਆਂ ਕੀਤੀਆਂ ਤਸਵੀਰਾਂ ਰਾਹੀਂ ਮਿਲਣ ਵਾਲੀ ਪ੍ਰਵਾਨਗੀ ਉਨ੍ਹਾਂ ਲਈ ਮਹੱਤਵਪੂਰਨ ਬਣ ਜਾਂਦੀ ਹੈ। ਕਈ ਬੱਚੇ ਦੂਜਿਆਂ ਵਾਂਗ ਦਿਖਣ ਜਾਂ ਉਨ੍ਹਾਂ ਵਰਗੀ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰਦੇ ਹਨ। ਇਸ ਕਾਰਨ ਉਨ੍ਹਾਂ ਵਿੱਚ ਹੀਣ ਭਾਵਨਾ, ਚਿੰਤਾ ਅਤੇ ਆਪਣੇ ਆਪ ਨੂੰ ਸਾਬਤ ਕਰਨ ਦਾ ਦਬਾਅ ਹੁੰਦਾ ਹੈ। ਇੰਟਰਨੈੱਟ ਉੱਤੇ ਦਿਖਾਈ ਜਾਣ ਵਾਲੀ ਜ਼ਿੰਦਗੀ ਹਮੇਸ਼ਾ ਅਸਲ ਨਹੀਂ ਹੁੰਦੀ, ਪਰ ਬੱਚਿਆਂ ਲਈ ਇਸ ਅੰਤਰ ਨੂੰ ਸਮਝਣਾ ਸੌਖਾ ਨਹੀਂ ਹੁੰਦਾ। ਇਸ ਤੋਂ ਇਲਾਵਾ, ਸਮਾਜਿਕ ਉਮੀਦਾਂ ਵੀ ਬੱਚਿਆਂ ਉੱਤੇ ਅਸਰ ਪਾਉਂਦੀਆਂ ਹਨ। ਮਾਪੇ ਅਕਸਰ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਉਨ੍ਹਾਂ ਨੂੰ ਹਰ ਖੇਤਰ ਵਿੱਚ ਅੱਗੇ ਦੇਖਣਾ ਚਾਹੁੰਦੇ ਹਨ। ਇਸ ਇੱਛਾ ਵਿੱਚ ਕਈ ਵਾਰ ਉਹ ਬੱਚਿਆਂ ਦੀ ਉਮਰ, ਰੁਚੀ ਅਤੇ ਸਮਰੱਥਾ ਤੋਂ ਵੱਧ ਉਮੀਦਾਂ ਰੱਖ ਲੈਂਦੇ ਹਨ। ਕੁਝ ਬੱਚਿਆਂ ਨੂੰ ਘਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ ਪਰਿਵਾਰਕ ਸਮੱਸਿਆਵਾਂ ਦਾ ਭਾਵਨਾਤਮਕ ਬੋਝ ਵੀ ਝੱਲਣਾ ਪੈਂਦਾ ਹੈ। ਇਨ੍ਹਾਂ ਸਾਰੇ ਦਬਾਵਾਂ ਦਾ ਅਸਰ ਬੱਚਿਆਂ ਦੀ ਮਾਨਸਿਕ ਅਤੇ ਭਾਵਨਾਤਮਕ ਸਿਹਤ ਉੱਤੇ ਹੁੰਦਾ ਹੈ। ਲਗਾਤਾਰ ਮੁਕਾਬਲੇ, ਉਮੀਦਾਂ ਅਤੇ ਤੁਲਨਾ ਕਾਰਨ ਉਨ੍ਹਾਂ ਵਿੱਚ ਤਣਾਅ, ਚਿੜਚਿੜਾਪਣ ਅਤੇ ਆਤਮ-ਵਿਸ਼ਵਾਸ ਦੀ ਕਮੀ ਪੈਦਾ ਹੋ ਸਕਦੀ ਹੈ। ਜੇਕਰ ਬੱਚਿਆਂ ਨੂੰ ਖੁੱਲ੍ਹ ਕੇ ਖੇਡਣ, ਆਪਣੀ ਪਸੰਦ ਦੀਆਂ ਗਤੀਵਿਧੀਆਂ ਕਰਨ ਅਤੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਦਾ ਮੌਕਾ ਨਾ ਮਿਲੇ ਤਾਂ ਉਨ੍ਹਾਂ ਦਾ ਸੁਭਾਵਿਕ ਵਿਕਾਸ ਪ੍ਰਭਾਵਿਤ ਹੁੰਦਾ ਹੈ। ਬਚਪਨ ਵਿੱਚ ਮਿਲਣ ਵਾਲੇ ਅਜਿਹੇ ਤਜਰਬੇ ਹੀ ਅੱਗੇ ਚੱਲ ਕੇ ਵਿਅਕਤੀ ਦੀ ਸੋਚ, ਸੁਭਾਅ ਅਤੇ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰਦੇ ਹਨ। ਸਕੂਲਾਂ ਨੂੰ ਪੜ੍ਹਾਈ ਦੇ ਨਾਲ ਖੇਡਾਂ, ਕਲਾ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਲਈ ਵੀ ਢੁਕਵਾਂ ਸਮਾਂ ਦੇਣਾ ਚਾਹੀਦਾ ਹੈ। ਬੱਚਿਆਂ ਉੱਤੇ ਬੇਲੋੜੇ ਟੈਸਟਾਂ ਅਤੇ ਹੋਮਵਰਕ ਦਾ ਬੋਝ ਘਟਾਉਣ ਦੇ ਨਾਲ ਉਨ੍ਹਾਂ ਦੀ ਸਿੱਖਣ ਦੀ ਰੁਚੀ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਮਾਪਿਆਂ ਨੂੰ ਵੀ ਬੱਚਿਆਂ ਦੀ ਤੁਲਨਾ ਦੂਜਿਆਂ ਨਾਲ ਕਰਨ ਦੀ ਥਾਂ ਉਨ੍ਹਾਂ ਦੀਆਂ ਰੁਚੀਆਂ ਅਤੇ ਸਮਰੱਥਾਵਾਂ ਨੂੰ ਸਮਝਣਾ ਚਾਹੀਦਾ ਹੈ। ਮੋਬਾਈਲ ਅਤੇ ਇੰਟਰਨੈੱਟ ਦੀ ਵਰਤੋਂ ਲਈ ਉਮਰ ਅਨੁਸਾਰ ਹੱਦਾਂ ਤੈਅ ਕਰਨੀਆਂ ਅਤੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਵੀ ਮਹੱਤਵਪੂਰਨ ਹੈ। ਬਚਪਨ ਮਨੁੱਖੀ ਜੀਵਨ ਦਾ ਇੱਕ ਅਨਮੋਲ ਪੜਾਅ ਹੈ, ਜਿਸ ਨੂੰ ਮੁਕਾਬਲੇ ਅਤੇ ਉਮੀਦਾਂ ਦੀ ਭੇਟ ਨਹੀਂ ਚੜ੍ਹਾਉਣਾ ਚਾਹੀਦਾ। ਬੱਚਿਆਂ ਨੂੰ ਸਿਰਫ਼ ਭਵਿੱਖ ਦੇ ਕਾਮਯਾਬ ਵਿਅਕਤੀ ਬਣਾਉਣ ਦੀ ਤਿਆਰੀ ਕਰਵਾਉਣਾ ਹੀ ਕਾਫ਼ੀ ਨਹੀਂ, ਸਗੋਂ ਉਨ੍ਹਾਂ ਨੂੰ ਅੱਜ ਇੱਕ ਖੁਸ਼ਹਾਲ ਬਚਪਨ ਦੇਣਾ ਵੀ ਜ਼ਰੂਰੀ ਹੈ।

ਡਿਜ਼ੀਟਲ ਪੇਮੈਂਟ ਨੂੰ ਦਰਪੇਸ਼ ਗੰਭੀਰ ਚੁਣੌਤੀਆਂ: ਸਹੂਲਤ ਜਾਂ ਸੰਕਟ?



ਡਿਜ਼ੀਟਲ ਪੇਮੈਂਟ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਅੱਜ ਦੇ ਸਮੇਂ ਦਾ ਸਭ ਤੋਂ ਵੱਡਾ ਤੇ ਸਭ ਤੋਂ ਗੰਭੀਰ ਵਿਸ਼ਾ ਬਣ ਚੁੱਕਾ ਹੈ, ਕਿਉਂਕਿ ਜਿਸ ਤੇਜ਼ੀ ਨਾਲ ਭਾਰਤ ਡਿਜੀਟਲ ਇੰਡੀਆ ਵਲ ਵੱਧ ਰਿਹਾ ਹੈ ਉਸੇ ਤੇਜ਼ੀ ਨਾਲ ਇਸਦੇ ਖ਼ਤਰੇ ਵੀ ਵੱਧ ਰਹੇ ਹਨ, ਅਸੀਂ ਰੋਜ਼ਾਨਾ ਸੁਣਦੇ ਹਾਂ ਕਿ ਭਾਰਤ ਵਿੱਚ UPI ਨੇ ਦੁਨੀਆ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ, ਹਰ ਮਹੀਨੇ 15 ਹਜ਼ਾਰ ਕਰੋੜ ਤੋਂ ਵੱਧ ਟਰਾਂਜੈਕਸ਼ਨ ਹੋ ਰਹੀਆਂ ਹਨ, ਹਰ ਛੋਟੀ ਤੋਂ ਛੋਟੀ ਰੇਹੜੀ ਤੋਂ ਲੈ ਕੇ ਵੱਡੇ ਤੋਂ ਵੱਡੇ ਸ਼ੋਅਰੂਮ ਤੱਕ QR Code ਲੱਗਾ ਹੋਇਆ ਹੈ, ਸਰਕਾਰ ਵੀ ਕਹਿ ਰਹੀ ਹੈ ਕਿ ਕੈਸ਼ਲੈੱਸ ਬਣੋ, ਪਰ ਇਸ ਚਮਕ-ਧਮਕ ਦੇ ਪਿੱਛੇ ਜੋ ਹਨੇਰਾ ਹੈ ਉਹ ਬਹੁਤ ਡੂੰਘਾ ਹੈ, ਪਹਿਲੀ ਸਭ ਤੋਂ ਵੱਡੀ ਚੁਣੌਤੀ ਹੈ ਸਾਈਬਰ ਕ੍ਰਾਈਮ, ਜਿਸਨੂੰ ਆਮ ਭਾਸ਼ਾ ਵਿੱਚ ਠੱਗੀ ਕਿਹਾ ਜਾਂਦਾ ਹੈ, ਰੋਜ਼ਾਨਾ ਪੰਜਾਬ, ਹਰਿਆਣਾ, ਹਿਮਾਚਲ ਤੇ ਪੂਰੇ ਭਾਰਤ ਵਿੱਚ ਹਜ਼ਾਰਾਂ ਲੋਕ ਠੱਗੇ ਜਾ ਰਹੇ ਹਨ, ਠੱਗੀ ਦੇ ਨਵੇਂ-ਨਵੇਂ ਤਰੀਕੇ ਆ ਗਏ ਹਨ, ਕਦੇ ਫੋਨ ਆਉਂਦਾ ਹੈ ਕਿ ਮੈਂ ਬੈਂਕ ਮੈਨੇਜਰ ਬੋਲ ਰਿਹਾ ਹਾਂ ਤੁਹਾਡਾ ਖਾਤਾ ਬੰਦ ਹੋ ਜਾਵੇਗਾ OTP ਦੱਸੋ, ਕਦੇ ਮੈਸੇਜ ਆਉਂਦਾ ਹੈ ਕਿ ਤੁਹਾਡੀ ਬਿਜਲੀ ਕੱਟੀ ਜਾ ਰਹੀ ਹੈ, ਇਸ ਲਿੰਕ ਤੇ ਕਲਿੱਕ ਕਰਕੇ ਬਿੱਲ ਭਰੋ, ਕਦੇ ਵਟਸਐਪ ਤੇ ਲਿੰਕ ਆਉਂਦਾ ਹੈ ਕਿ ਤੁਹਾਨੂੰ 50 ਹਜ਼ਾਰ ਦਾ ਇਨਾਮ ਲੱਗਾ ਹੈ, ਕਦੇ ਕਿਹਾ ਜਾਂਦਾ ਹੈ ਕਿ ਮੈਂ ਤੁਹਾਡਾ ਬੇਟਾ ਹਾਂ ਮੇਰਾ ਐਕਸੀਡੈਂਟ ਹੋ ਗਿਆ ਹੈ ਪੈਸੇ ਭੇਜੋ, ਕਦੇ OLX ਤੇ ਫੌਜੀ ਬਣ ਕੇ ਠੱਗੀ ਕੀਤੀ ਜਾਂਦੀ ਹੈ, ਕਦੇ ਫੇਕ UPI 94 ਭੇਜ ਕੇ ਪੈਸੇ ਮੰਗਣ ਦੀ ਥਾਂ ਪੈਸੇ ਕੱਟਣ ਵਾਲੀ Request ਭੇਜ ਦਿੱਤੀ ਜਾਂਦੀ ਹੈ ਜਿਸਨੂੰ ਲੋਕ ਭੋਲੇਪਨ ਵਿੱਚ Accept ਕਰ ਲੈਂਦੇ ਹਨ, ਇਹ ਸਾਰੇ ਤਰੀਕੇ ਇੰਨੇ ਸ਼ਾਤਰ ਹਨ ਕਿ ਪੜ੍ਹਿਆ-ਲਿਖਿਆ ਬੰਦਾ ਵੀ ਫਸ ਜਾਂਦਾ ਹੈ, ਦੂਜੀ ਚੁਣੌਤੀ ਹੈ।



ਚਮਕੌਰ ਸਿੰਘ ਕੈਰਵੇ

ਡਿਜ਼ੀਟਲ ਅਨਪੜ੍ਹਤਾ, ਸਾਡੇ ਦੇਸ਼ ਵਿੱਚ ਅਜੇ ਵੀ ਕਰੋੜਾਂ ਲੋਕ ਅਜਿਹੇ ਹਨ ਜਿਨ੍ਹਾਂ ਨੇ ਕਦੇ ਸਕੂਲ ਦਾ ਮੂੰਹ ਨਹੀਂ ਦੇਖਿਆ, ਬਜ਼ੁਰਗਾਂ ਨੂੰ, ਪੇਂਡੂ ਔਰਤਾਂ ਨੂੰ, ਕਿਸਾਨਾਂ ਨੂੰ UPI, QR, PIN, OTP, CVV ਵਿੱਚ ਕੋਈ ਫਰਕ ਨਹੀਂ ਪਤਾ, ਉਹਨਾਂ ਨੂੰ ਲੱਗਦਾ ਹੈ ਕਿ ਮੋਬਾਈਲ ਤੇ ਜੋ ਵੀ ਆਵੇ ਉਹ ਸਰਕਾਰ ਦਾ ਮੈਸੇਜ ਹੈ, ਇਸੇ ਅਨਪੜ੍ਹਤਾ ਦਾ ਫਾਇਦਾ ਠੱਗ ਚੁੱਕਦੇ ਹਨ, ਬਹੁਤ ਸਾਰੇ ਲੋਕਾਂ ਨੂੰ ਇਹ ਵੀ ਨਹੀਂ ਪਤਾ ਕਿ ਸਹੀ ਪੇਮੈਂਟ ਹੋਣ ਤੇ ਕਿਹੜੀ ਆਵਾਜ਼ ਆਉਂਦੀ ਹੈ ਤੇ ਗਲਤ ਸਕਰੀਨਸ਼ਾਟ ਕਿਹੋ ਜਿਹਾ ਹੁੰਦਾ ਹੈ, ਅੱਜਕਲ੍ਹ ਨਕਲੀ ਪੇਮੈਂਟ ਸਕਰੀਨਸ਼ਾਟ ਬਣਾਉਣ ਵਾਲੀਆਂ ਐਪਾਂ ਆ ਗਈਆਂ ਹਨ, ਦੁਕਾਨਦਾਰ ਨੂੰ ਦਿਖਾਇਆ ਕਿ ਦੇਖੋ ਪੈਸੇ ਭੇਜ ਦਿੱਤੇ, ਪਰ ਅਸਲ ਵਿੱਚ ਖਾਤੇ ਵਿੱਚ ਇਕ ਰੁਪਿਆ ਵੀ ਨਹੀਂ ਆਇਆ, ਇਸ ਨਾਲ ਛੋਟੇ ਦੁਕਾਨਦਾਰਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ, ਤੀਜੀ ਚੁਣੌਤੀ ਹੈ ਤਕਨੀਕੀ ਢਾਂਚੇ ਦੀ ਕਮਜ਼ੋਰੀ, ਡਿਜੀਟਲ ਪੇਮੈਂਟ ਦਾ ਸਾਰਾ ਦਾਰੋਮਦਾਰ ਇੰਟਰਨੈੱਟ, ਬਿਜਲੀ ਤੇ ਸਰਵਰ ਤੇ ਹੈ, ਪੇਂਡੂ ਖੇਤਰਾਂ ਵਿੱਚ ਅਜੇ ਵੀ ਇੰਟਰਨੈੱਟ ਬਹੁਤ ਹੌਲੀ ਹੈ, ਕਈ ਵਾਰ ਪੇਮੈਂਟ ਕਰਦੇ-ਕਰਦੇ ਵਿਚਾਲੇ ਹੀ ਨੈੱਟ ਚਲਾ ਜਾਂਦਾ ਹੈ, ਪੈਸਾ ਕੱਟ ਜਾਂਦਾ ਹੈ ਪਰ ਅਗਲੇ ਨੂੰ ਮਿਲਦਾ ਨਹੀਂ, ਫਿਰ 48 ਘੰਟੇ ਤੱਕ ਉਹ ਪੈਸਾ ਹੋਲਡ ਵਿੱਚ ਰਹਿੰਦਾ ਹੈ, ਇਸ ਨਾਲ ਗਾਹਕ ਤੇ ਦੁਕਾਨਦਾਰ ਵਿੱਚ ਝਗੜਾ ਹੁੰਦਾ ਹੈ, ਕਈ ਵਾਰ ਬੈਂਕਾਂ ਦੇ ਸਰਵਰ ਡਾਊਨ ਹੋ ਜਾਂਦੇ ਹਨ, ਤਿਉਹਾਰਾਂ ਵਾਲੇ ਦਿਨ ਜਦੋਂ ਲੋਡ ਵੱਧ ਹੁੰਦਾ ਹੈ ਤਾਂ UPI ਫੇਲ੍ਹ ਹੋਣਾ ਆਮ ਗੱਲ ਹੋ ਗਈ ਹੈ, ਉਸ ਸਮੇਂ ਜੇ ਜੇਬ ਵਿੱਚ ਨਕਦ ਨਾ ਹੋਵੇ ਤਾਂ ਬੰਦਾ ਬੇਵੱਸ ਹੋ ਜਾਂਦਾ ਹੈ, ਚੌਥੀ ਚੁਣੌਤੀ ਹੈ ਡਾਟਾ ਦੀ ਚੋਰੀ ਤੇ ਨਿੱਜਤਾ ਦਾ ਖ਼ਤਮ ਹੋਣਾ, ਤੁਸੀਂ ਅੱਜ ਕੀ ਖਰੀਦਿਆ, ਕਿੱਥੇ ਗਏ, ਕਿਸ ਹੋਟਲ ਵਿੱਚ ਖਾਧਾ, ਕਿਹੜੀ ਦਵਾਈ ਲਈ, ਇਹ ਸਾਰੀ ਜਾਣਕਾਰੀ ਤੁਹਾਡੀ ਪੇਮੈਂਟ ਐਪ ਕੰਪਨੀ ਕੋਲ ਚਲੀ ਜਾਂਦੀ ਹੈ, ਇਹ ਕੰਪਨੀਆਂ ਇਸ ਡਾਟਾ ਨੂੰ ਵੇਚ ਕੇ ਅਰਬਾਂ ਰੁਪਏ ਕਮਾਉਂਦੀਆਂ ਹਨ, ਤੁਹਾਨੂੰ ਫਿਰ ਉਸੇ ਚੀਜ਼ ਦੇ ਇਸ਼ਤਿਹਾਰ ਦਿਖਾਈ ਦਿੰਦੇ ਹਨ, ਕੱਲ ਨੂੰ ਇਹੀ ਡਾਟਾ ਸਰਕਾਰਾਂ ਜਾਂ ਗਲਤ ਹੱਥਾਂ ਵਿੱਚ ਚਲਾ ਗਿਆ ਤਾਂ ਤੁਹਾਡੀ ਪੂਰੀ ਜ਼ਿੰਦਗੀ ਦਾ ਨਕਸ਼ਾ ਉਹਨਾਂ ਕੋਲ ਹੋਵੇਗਾ, ਪੰਜਵੀਂ ਚੁਣੌਤੀ ਹੈ ਖਰਚ ਕਰਨ ਦੀ ਆਦਤ ਦਾ ਵਿਗੜਨਾ, ਜਦੋਂ ਹੱਥ ਵਿੱਚ ਨੋਟ ਹੁੰਦਾ ਸੀ ਤਾਂ ਦਿਲ ਵਿੱਚ ਦਰਦ ਹੁੰਦਾ ਸੀ ਖਰਚ ਕਰਨ ਵੇਲੇ, ਹੁਣ ਸਿਰਫ਼ ਇਕ ਉਂਗਲ ਦਾ ਟੱਚ ਹੈ ਤੇ ਹਜ਼ਾਰਾਂ ਰੁਪਏ ਉੱਡ ਜਾਂਦੇ ਹਨ, ਨੌਜਵਾਨਾਂ ਵਿੱਚ ਇਸ ਨਾਲ ਫਿਜ਼ੂਲਖਰਚੀ ਬਹੁਤ ਵੱਧ ਗਈ ਹੈ, ਹੁਣ ਤਾਂ Buy Now Pay Later, Credit Card, Instant Loan ਐਪਾਂ ਨੇ ਨੌਜਵਾਨਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਦਿੱਤਾ ਹੈ, 5000 ਦਾ ਕਰਜ਼ਾ ਲੈ ਕੇ 15000 ਵਿਆਜ ਭਰਨਾ ਪੈ ਰਿਹਾ ਹੈ, ਬਹੁਤ ਸਾਰੇ ਨੌਜਵਾਨ ਇਸ ਕਰਜ਼ੇ ਕਰਕੇ ਖ਼ੁਦਕੁਸ਼ੀ ਤੱਕ ਕਰ ਰਹੇ ਹਨ, ਛੇਵੀਂ ਚੁਣੌਤੀ ਹੈ ਛੋਟੇ ਵਪਾਰੀਆਂ ਤੇ ਵਾਧੂ ਖਰਚਾ, ਹਰ ਡਿਜੀਟਲ ਟਰਾਂਜੈਕਸ਼ਨ ਤੇ ਭਾਵੇਂ ਕਹਿਣ ਨੂੰ ਜ਼ੀਰੋ ਫੀਸ ਹੈ ਪਰ ਅਸਲ ਵਿੱਚ Payment Gateway, QR Soundbox ਦਾ ਕਿਰਾਇਆ, ਇੰਟਰਨੈੱਟ ਦਾ ਬਿੱਲ, ਤੇ ਕਈ ਵਾਰ MDR ਚਾਰਜ ਦੁਕਾਨਦਾਰ ਨੂੰ ਹੀ ਭਰਨਾ ਪੈਂਦਾ ਹੈ, ਸੱਤਵੀਂ ਚੁਣੌਤੀ ਹੈ ਕਾਨੂੰਨੀ ਮਦਦ ਦਾ ਨਾ ਮਿਲਣਾ, ਜੇ ਤੁਹਾਡੀ ਜੇਬ ਕੱਟੀ ਜਾਵੇ ਤਾਂ ਤੁਸੀਂ ਥਾਣੇ ਜਾ ਸਕਦੇ ਹੋ, ਪਰ ਜੇ ਤੁਹਾਡਾ ਡਿਜੀਟਲ ਖਾਤਾ ਖਾਲੀ ਹੋ ਜਾਵੇ ਤਾਂ ਪਤਾ ਹੀ ਨਹੀਂ ਲੱਗਦਾ ਕਿ ਕਿੱਥੇ ਜਾਈਏ, ਸਾਈਬਰ ਸੈੱਲ ਵਿੱਚ ਰਿਪੋਰਟ ਕਰੋ ਤਾਂ ਮਹੀਨਿਆਂ ਤੱਕ ਸੁਣਵਾਈ ਨਹੀਂ ਹੁੰਦੀ, ਬੈਂਕ ਕਹਿੰਦਾ ਹੈ ਸਾਡੀ ਜ਼ਿੰਮੇਵਾਰੀ ਨਹੀਂ, ਪੁਲਿਸ ਕਹਿੰਦੀ ਹੈ ਪੈਸਾ ਬਾਹਰ ਦੇ ਰਾਜ ਵਿੱਚ ਚਲਾ ਗਿਆ, ਅੱਠਵੀਂ ਚੁਣੌਤੀ ਹੈ ਬੱਚਿਆਂ ਤੇ ਨੌਜਵਾਨਾਂ ਵਿੱਚ ਗੇਮਿੰਗ ਤੇ ਜੂਏ ਦੀ ਲਤ, ਫ੍ਰੀ ਫਾਇਰ, ਡਰੀਮ 11 ਵਰਗੀਆਂ ਐਪਾਂ ਵਿੱਚ ਬੱਚੇ ਮਾਪਿਆਂ ਦੇ ਫੋਨ ਤੋਂ ਹਜ਼ਾਰਾਂ ਰੁਪਏ ਦੀ ਪੇਮੈਂਟ ਕਰ ਦਿੰਦੇ ਹਨ, ਮਾਪਿਆਂ ਨੂੰ ਪਤਾ ਹੀ ਨਹੀਂ ਲੱਗਦਾ, ਨੌਵੀਂ ਚੁਣੌਤੀ ਹੈ ਭਰੋਸੇ ਦਾ ਸੰਕਟ, ਜਦੋਂ ਇਕ ਵਾਰ ਕਿਸੇ ਨਾਲ ਫਰਾਡ ਹੁੰਦਾ ਹੈ ਤਾਂ ਉਹ ਜ਼ਿੰਦਗੀ ਭਰ ਡਿਜੀਟਲ ਪੇਮੈਂਟ ਤੋਂ ਡਰਦਾ ਹੈ, ਉਹ ਦੁਬਾਰਾ ਕੈਸ਼ ਵਲ ਮੁੜ ਜਾਂਦਾ ਹੈ, ਇਸ ਨਾਲ ਡਿਜੀਟਲ ਇੰਡੀਆ ਦਾ ਸੁਪਨਾ ਟੁੱਟਦਾ ਹੈ, ਹੱਲ ਕੀ ਹੈ, ਹੱਲ ਇਹ ਹੈ ਕਿ ਸਰਕਾਰ ਨੂੰ ਹਰ ਪਿੰਡ, ਹਰ ਸਕੂਲ, ਹਰ ਪੰਚਾਇਤ ਵਿੱਚ ਡਿਜੀਟਲ ਜਾਗਰੂਕਤਾ ਕੈਂਪ ਲਾਉਣੇ ਚਾਹੀਦੇ ਹਨ, ਬਜ਼ੁਰਗਾਂ ਨੂੰ ਸਿਖਾਉਣਾ ਚਾਹੀਦਾ ਹੈ ਕਿ OTP ਕਿਸੇ ਨੂੰ ਨਹੀਂ ਦੇਣਾ, ਕਿਸੇ ਅਣਜਾਣ ਲਿੰਕ ਤੇ ਕਲਿੱਕ ਨਹੀਂ ਕਰਨਾ, ਹਰ ਪੇਮੈਂਟ ਤੋਂ ਬਾਅਦ ਬੈਲੇਂਸ ਚੈੱਕ ਕਰਨਾ, ਦੋ ਫੈਕਟਰ ਵਾਲੀ ਸੁਰੱਖਿਆ ਲਾਉਣੀ, ਆਪਣੇ ਫੋਨ ਵਿੱਚ ਸਕਰੀਨ ਲਾਕ ਤੇ ਐਪ ਲਾਕ ਲਾਉਣਾ, ਬੈਂਕਾਂ ਨੂੰ ਚਾਹੀਦਾ ਹੈ ਕਿ ਫਰਾਡ ਦਾ ਪੈਸਾ 24 ਘੰਟੇ ਵਿੱਚ ਵਾਪਸ ਕਰਨ ਦਾ ਨਿਯਮ ਸਖ਼ਤੀ ਨਾਲ ਲਾਗੂ ਕਰਨ, ਤੇ ਸਾਨੂੰ ਸਾਰਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਡਿਜੀਟਲ ਪੇਮੈਂਟ ਸਹੂਲਤ ਲਈ ਹੈ, ਗੁਲਾਮੀ ਲਈ ਨਹੀਂ, ਕੈਸ਼ ਨੂੰ ਵੀ ਨਾਲ ਰੱਖੋ, ਸਮਾਰਟ ਬਣੋ, ਸੁਰੱਖਿਅਤ ਬਣੋ, ਸਾਵਧਾਨ ਰਹੋ, ਕਿਉਂਕਿ ਤੁਹਾਡੀ ਇਕ ਛੋਟੀ ਜਿਹੀ ਲਾਪਰਵਾਹੀ ਤੁਹਾਡੀ ਸਾਰੀ ਉਮਰ ਦੀ ਕਮਾਈ ਖਤਮ ਕਰ ਸਕਦੀ ਹੈ, ਡਿਜ਼ੀਟਲ ਬਣੋ ਪਰ ਦਿਮਾਗ ਨਾਲ ਬਣੋ।

ਜਲ ਬਚੇਗਾ ਤਾਂ ਪੰਜਾਬ ਬਚੇਗਾ

ਪੰਜਾਬ ਨੂੰ ਸਦੀਆਂ ਤੋਂ 'ਪੰਜ ਦਰਿਆਵਾਂ ਦੀ ਧਰਤੀ' ਕਿਹਾ ਜਾਂਦਾ ਹੈ। ਇਹ ਧਰਤੀ ਆਪਣੀ ਉਪਜਾਊ ਮਿੱਟੀ, ਹਰਿਆਲੀ ਅਤੇ ਭਰਪੂਰ ਪਾਣੀ ਕਾਰਨ ਦੇਸ਼ ਦਾ ਅੰਨ ਭੰਡਾਰ ਬਣੀ। ਪਰ ਅੱਜ ਇਹੀ ਪੰਜਾਬ ਇੱਕ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਹੇਠਾਂ ਜਾ ਰਿਹਾ ਹੈ, ਦਰਿਆਵਾਂ ਦਾ ਪਾਣੀ ਘਟ ਰਿਹਾ ਹੈ ਅਤੇ ਜਲਵਾਯੂ ਪਰਿਵਰਤਨ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਜੇਕਰ ਅਸੀਂ ਹੁਣ ਵੀ ਨਾ ਸੰਭਲੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਨੂੰ ਪਾਣੀ ਲਈ ਸੰਘਰਸ਼ ਕਰਨਾ ਪਵੇਗਾ। ਇਸ ਲਈ ਅੱਜ ਦਾ ਸਭ ਤੋਂ ਵੱਡਾ ਸੰਦੇਸ਼ ਹੈ-ਜਲ ਬਚੇਗਾ ਤਾਂ ਪੰਜਾਬ ਬਚੇਗਾ।

ਡਿੱਗਦਾ ਭੂ-ਜਲ ਪੱਧਰ


ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਵਿੱਚ ਟਿਊਬਵੈੱਲਾਂ ਰਾਹੀਂ ਬੇਹਿਸਾਬ ਪਾਣੀ ਕੱਢਿਆ ਜਾ ਰਿਹਾ ਹੈ। ਝੋਨੇ ਵਰਗੀਆਂ ਵੱਧ ਪਾਣੀ ਮੰਗਣ ਵਾਲੀਆਂ ਫ਼ਸਲਾਂ ਦੀ ਲਗਾਤਾਰ ਖੇਤੀ ਨੇ ਧਰਤੀ ਹੇਠਲੇ ਪਾਣੀ ਦੇ ਭੰਡਾਰਾਂ 'ਤੇ ਭਾਰੀ ਦਬਾਅ ਪਾਇਆ ਹੈ। ਕਈ ਇਲਾਕਿਆਂ ਵਿੱਚ ਪਾਣੀ ਪਹਿਲਾਂ ਨਾਲੋਂ ਕਈ ਗੁਣਾ ਡੂੰਘਾਈ ਤੋਂ ਮਿਲ ਰਿਹਾ ਹੈ। ਇਸ ਨਾਲ ਕਿਸਾਨਾਂ ਦੀ ਲਾਗਤ ਵੀ ਵਧ ਰਹੀ ਹੈ ਅਤੇ ਭਵਿੱਖ ਲਈ ਚਿੰਤਾ ਵੀ।

ਜਲ ਸੰਕਟ ਦੇ ਮੁੱਖ ਕਾਰਨ

ਪਾਣੀ ਦੀ ਕਮੀ ਦਾ ਕਾਰਨ ਕੇਵਲ ਘੱਟ ਵਰਖਾ ਨਹੀਂ ਹੈ। ਇਸ ਦੇ ਕਈ ਮਨੁੱਖੀ ਕਾਰਨ ਵੀ ਹਨ—

- **ਝੋਨੇ ਦੀ ਵੱਧ ਖੇਤੀ ਅਤੇ ਫ਼ਸਲੀ ਵਿਭਿੰਨਤਾ ਦੀ ਘਾਟ।**
- **ਵਰਖਾ ਦੇ ਪਾਣੀ ਨੂੰ ਸੰਭਾਲਣ ਦੀ ਕਮੀ।**
- **ਰਵਾਇਤੀ ਤਲਾਬਾਂ ਅਤੇ ਜਲ ਸਰੋਤਾਂ ਦਾ ਖ਼ਤਮ ਹੋਣਾ।**
- **ਸ਼ਹਿਰੀਕਰਨ ਅਤੇ ਕੰਕਰੀਟ ਦੇ ਫੈਲਾਅ ਕਾਰਨ ਪਾਣੀ ਦਾ ਧਰਤੀ ਵਿੱਚ ਨਾ ਸਮਾਉਣਾ।**
- **ਉਦਯੋਗਿਕ ਅਤੇ ਘਰੇਲੂ ਪਾਣੀ ਦੀ ਬਰਬਾਦੀ।**
- **ਜਲਵਾਯੂ ਪਰਿਵਰਤਨ ਕਾਰਨ ਅਨਿਯਮਿਤ ਵਰਖਾ।**

ਖੇਤੀ 'ਤੇ ਗੰਭੀਰ ਪ੍ਰਭਾਵ



ਪੰਜਾਬ ਦੀ ਆਰਥਿਕਤਾ ਦਾ ਵੱਡਾ ਹਿੱਸਾ ਖੇਤੀ 'ਤੇ ਨਿਰਭਰ ਕਰਦਾ ਹੈ। ਜੇਕਰ ਭੂ-ਜਲ ਲਗਾਤਾਰ ਘਟਦਾ ਰਿਹਾ ਤਾਂ ਖੇਤੀ ਦੀ ਲਾਗਤ ਵਧੇਗੀ, ਉਤਪਾਦਨ ਘਟੇਗਾ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧਣਗੀਆਂ। ਭਵਿੱਖ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਵੀ ਗੰਭੀਰ ਹੋ ਸਕਦੀ ਹੈ।

ਹੱਲ ਕੀ ਹਨ?

ਇਸ ਸੰਕਟ ਤੋਂ ਬਚਣਾ ਅਸੰਭਵ ਨਹੀਂ, ਪਰ ਇਸ ਲਈ ਸਾਂਝੇ ਯਤਨਾਂ ਦੀ ਲੋੜ ਹੈ।

- **ਝੋਨੇ ਦੀ ਥਾਂ ਘੱਟ ਪਾਣੀ ਵਾਲੀਆਂ ਫ਼ਸਲਾਂ ਨੂੰ ਉਤਸ਼ਾਹਿਤ ਕੀਤਾ ਜਾਵੇ।**
- **ਡ੍ਰਿਪ ਅਤੇ ਸਪ੍ਰਿੰਕਲਰ ਸਿੰਚਾਈ ਵਰਗੀਆਂ ਆਧੁਨਿਕ ਤਕਨੀਕਾਂ ਨੂੰ ਅਪਣਾਇਆ ਜਾਵੇ।**
- **ਹਰ ਪਿੰਡ ਅਤੇ ਸ਼ਹਿਰ ਵਿੱਚ ਵਰਖਾ ਦੇ ਪਾਣੀ ਦੀ ਸੰਭਾਲ (Rainwater Harvesting) ਲਾਜ਼ਮੀ ਬਣਾਈ ਜਾਵੇ।**
- **ਪੁਰਾਣੇ ਤਲਾਬਾਂ, ਛੱਪੜਾਂ ਅਤੇ ਜਲ ਸਰੋਤਾਂ ਨੂੰ ਮੁੜ ਜੀਵੰਤ ਕੀਤਾ ਜਾਵੇ।**
- **ਰੁੱਖ ਲਗਾਉਣ ਅਤੇ ਜੰਗਲਾਂ ਦਾ ਰਕਬਾ ਵਧਾਇਆ ਜਾਵੇ।**
- **ਪਾਣੀ ਦੀ ਬੇਲੋੜੀ ਵਰਤੋਂ ਨੂੰ ਰੋਕਣ ਲਈ ਲੋਕਾਂ ਵਿੱਚ ਜਾਗਰੂਕਤਾ ਫੈਲਾਈ ਜਾਵੇ।**

ਹਰ ਨਾਗਰਿਕ ਦੀ ਜ਼ਿੰਮੇਵਾਰੀ

ਜਲ ਸੰਭਾਲ ਸਿਰਫ਼ ਸਰਕਾਰ ਜਾਂ ਕਿਸਾਨਾਂ ਦੀ ਜ਼ਿੰਮੇਵਾਰੀ ਨਹੀਂ। ਹਰ ਘਰ, ਹਰ ਸਕੂਲ ਅਤੇ ਹਰ ਸੰਸਥਾ ਨੂੰ ਪਾਣੀ ਦੀ ਇੱਕ-ਇੱਕ ਬੂੰਦ ਦੀ ਕਦਰ ਕਰਨੀ ਪਵੇਗੀ। ਟਪਕਦੇ ਨਲ ਬੰਦ ਕਰਨਾ, ਲੋੜ ਅਨੁਸਾਰ ਹੀ ਪਾਣੀ ਵਰਤਣਾ, ਵਰਖਾ ਦਾ ਪਾਣੀ ਇਕੱਠਾ ਕਰਨਾ ਅਤੇ ਬੱਚਿਆਂ ਵਿੱਚ ਜਲ ਸੰਭਾਲ ਦੀ ਆਦਤ ਪੈਦਾ ਕਰਨਾ ਸਾਡੇ ਸਾਂਝੇ ਫ਼ਰਜ਼ ਹਨ।

ਭਵਿੱਖ ਦੀ ਸੋਚ

ਜੇ ਅਸੀਂ ਅੱਜ ਜਲ ਸੰਭਾਲ ਨੂੰ ਆਪਣੀ ਜੀਵਨਸ਼ੈਲੀ ਦਾ ਹਿੱਸਾ ਬਣਾ ਲਈਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਦੀ ਕਮੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਪਰ ਜੇ ਅਸੀਂ ਲਾਪਰਵਾਹ ਰਹੇ ਤਾਂ ਪੰਜਾਬ ਦੀ ਹਰਿਆਲੀ, ਖੇਤੀ ਅਤੇ ਆਰਥਿਕ ਖੁਸ਼ਹਾਲੀ ਸਭ ਖ਼ਤਰੇ ਵਿੱਚ ਪੈ ਸਕਦੀ ਹੈ।

ਸਿੱਟਾ



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

ਪਾਣੀ ਕੁਦਰਤ ਦਾ ਸਭ ਤੋਂ ਕੀਮਤੀ ਤੋਹਫ਼ਾ ਹੈ। ਇਸ ਦਾ ਕੋਈ ਬਦਲ ਨਹੀਂ। ਪੰਜਾਬ ਦੀ ਪਹਿਚਾਣ, ਖੇਤੀਬਾੜੀ, ਆਰਥਿਕਤਾ ਅਤੇ ਲੋਕਾਂ ਦੀ ਜ਼ਿੰਦਗੀ ਪਾਣੀ ਨਾਲ ਹੀ ਜੁੜੀ ਹੋਈ ਹੈ। ਇਸ ਲਈ ਸਮਾਂ ਆ ਗਿਆ ਹੈ ਕਿ ਅਸੀਂ ਪਾਣੀ ਨੂੰ ਅਸੀਮ ਸੰਸਾਧਨ ਨਹੀਂ, ਸਗੋਂ ਇੱਕ ਸੀਮਤ ਅਤੇ ਅਮੋਲਕ ਧਰੋਹਰ ਸਮਝੀਏ। ਜੇ ਅਸੀਂ ਅੱਜ ਪਾਣੀ ਦੀ ਹਰ ਬੂੰਦ ਬਚਾਵਾਂਗੇ, ਤਾਂ ਹੀ ਕੱਲ੍ਹ ਪੰਜਾਬ ਦੀ ਹਰਿਆਲੀ, ਖੁਸ਼ਹਾਲੀ ਅਤੇ ਜੀਵਨ ਬਚੇਗਾ। ਅਸਲ ਵਿੱਚ, ਜਲ ਬਚੇਗਾ ਤਾਂ ਪੰਜਾਬ ਬਚੇਗਾ÷ ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਸਾਡੇ ਭਵਿੱਖ ਦੀ ਸੁਰੱਖਿਆ ਦਾ ਸੰਕਲਪ ਹੈ।

ਮਾਂ ਬਗਲਾਮੁਖੀ ਮੰਦਰ, ਕੋਟਲਾ ਨਾਮਕ

ਹਿਮਾਚਲ ਦੀ ਧਰਤੀ ਦੇ ਕਣ-ਕਣ ਵਿੱਚ ਰੱਬ ਵੱਸਦਾ ਹੈ। ਦੇਵਭੂਮੀ ਹੋਣ ਕਰਕੇ ਇੱਥੇ ਮੰਦਰਾਂ ਦੀ ਭਰਮਾਰ ਹੈ। ਅਜਿਹਾ ਹੀ ਇੱਕ ਵਿਲੱਖਣ ਮੰਦਰ ਪਠਾਨਕੋਟ-ਕਾਂਗੜਾ ਸੜਕ 'ਤੇ ਪਠਾਨਕੋਟ ਤੋਂ ਲਗਭਗ 45 ਕਿਲੋਮੀਟਰ ਦੂਰ ਕੋਟਲਾ ਨਾਮਕ ਵਿਖੇ ਇੱਕ ਉੱਚੀ ਪਹਾੜੀ 'ਤੇ ਸਥਿਤ ਹੈ। ਕਿਲ੍ਹੇ ਦੇ ਰੂਪ ਵਿੱਚ ਬਣਿਆ ਇਹ ਮੰਦਰ ਮਾਂ ਬਗਲਾਮੁਖੀ ਨੂੰ ਸਮਰਪਿਤ ਹੈ।

ਇਸ ਮੰਦਰ ਦੀ ਵਿਲੱਖਣਤਾ ਇਹ ਵੀ ਹੈ ਕਿ ਪਹਾੜੀ ਦੇ ਆਲੇ-ਦੁਆਲੇ ਪਾਣੀ ਵਗਦਾ ਹੈ, ਜਿਸ ਕਾਰਨ ਇਹ ਥਾਂ ਟਾਪੂ ਵਰਗੀ ਦਿਖਾਈ ਦਿੰਦੀ ਹੈ। ਮੰਦਰ ਤੱਕ ਪਹੁੰਚਣ ਲਈ ਲਗਭਗ 140 ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ। ਪੂਰੀ ਪਹਾੜੀ ਕਰੀਬ 350 ਕਨਾਲ ਖੇਤਰ ਵਿੱਚ ਫੈਲੀ ਹੋਈ ਦੱਸੀ ਜਾਂਦੀ ਹੈ, ਜਦਕਿ ਮੰਦਰ ਦਾ ਪਰਿਸਰ ਲਗਭਗ ਦੋ ਕਨਾਲ ਵਿੱਚ ਸਥਿਤ ਹੈ। ਮੰਦਰ ਦੀ ਉਚਾਈ ਤੋਂ ਕਾਂਗੜਾ ਘਾਟੀ ਅਤੇ ਧੌਲਾਧਾਰ ਪਰਬਤਮਾਲਾ ਦੇ ਬਰਫ਼ ਨਾਲ ਢਕੇ ਪਹਾੜਾਂ ਤੇ ਹਰਿਆਲੀ ਦੇ ਮਨਮੋਹਕ ਦ੍ਰਿਸ਼ ਦਿਖਾਈ ਦਿੰਦੇ ਹਨ। ਮੰਦਰ ਨੂੰ ਇਤਿਹਾਸਕ ਧਰੋਹਰ ਮੰਨਿਆ ਜਾਂਦਾ ਹੈ ਅਤੇ ਇਸ ਦੀ ਦੇਖਭਾਲ ਪੁਰਾਤੱਤਵ ਵਿਭਾਗ ਦੇ ਅਧੀਨ ਹੋਣ ਦੀ ਗੱਲ ਕਹੀ ਜਾਂਦੀ ਹੈ।

ਮੰਦਰ ਦੇ ਮੁੱਖ ਪੁਜਾਰੀ ਪੰਡਿਤ ਅਸੀਮ ਸਾਗਰ ਜੀ ਦੇ ਦੱਸਣ ਅਨੁਸਾਰ, ਇਹ ਮੰਦਰ ਮਹਾਭਾਰਤ ਕਾਲ ਨਾਲ ਸਬੰਧਤ ਮੰਨਿਆ ਜਾਂਦਾ ਹੈ। ਧਾਰਮਿਕ ਮਾਨਤਾ ਹੈ ਕਿ ਤ੍ਰੇਤਾ ਯੁੱਗ ਵਿੱਚ ਸ੍ਰੀ ਰਾਮ ਨੇ ਰਾਵਣ 'ਤੇ ਜਿੱਤ ਪ੍ਰਾਪਤ ਕਰਨ ਲਈ ਇੱਥੇ ਤਾਂਤਰਿਕ ਆਰਾਧਨਾ ਕੀਤੀ ਸੀ। ਪਾਂਡਵਾਂ, ਦਰੋਣਾਚਾਰੀਆ ਅਤੇ ਰਾਵਣ-ਮੇਘਨਾਦ ਵੱਲੋਂ ਵੀ ਇੱਥੇ ਪੂਜਾ ਕੀਤੇ ਜਾਣ ਦੀਆਂ ਮਾਨਤਾਵਾਂ ਪ੍ਰਚਲਿਤ ਹਨ। ਕਿਹਾ ਜਾਂਦਾ ਹੈ ਕਿ ਨਗਰਕੋਟ ਦੇ ਰਾਜਾ ਸੰਸਾਰ ਚੰਦ ਕਟੋਚ ਜੰਗ ਤੋਂ ਪਹਿਲਾਂ ਇੱਥੇ ਅਸੀਸ ਲੈਣ ਆਉਂਦੇ ਸਨ।

ਸਥਾਨਕ ਪਰੰਪਰਾ ਅਨੁਸਾਰ, 14ਵੀਂ ਸਦੀ ਵਿੱਚ ਗੁਲੇਰ ਰਿਆਸਤ ਦੇ ਰਾਜਾ ਰਾਮ ਚੰਦ ਗੁਲੇਰੀਆ ਨੇ ਕੋਟਲਾ ਕਿਲ੍ਹੇ ਦੇ ਰੂਪ ਵਿੱਚ ਇਸ ਮੰਦਰ ਨੂੰ ਆਪਣੀ ਕੁਲ ਦੇਵੀ ਵਜੋਂ ਸਥਾਪਿਤ ਕੀਤਾ ਸੀ। ਪੁਰਾਤਨ ਪਾਂਡੂਲਿਪੀਆਂ ਵਿੱਚ ਮਾਂ ਬਗਲਾਮੁਖੀ ਦੇ ਜਿਸ ਸਰੂਪ ਦਾ ਵਰਣਨ ਮਿਲਦਾ ਹੈ, ਉਸ ਨਾਲ ਮਿਲਦੀ-ਜੁਲਦੀ ਮੂਰਤੀ ਇੱਥੇ ਸਥਾਪਿਤ ਹੋਣ ਦੀ ਗੱਲ ਵੀ ਕਹੀ ਜਾਂਦੀ ਹੈ। ਇਹ ਜਾਣਕਾਰੀਆਂ ਸਥਾਨਕ ਧਾਰਮਿਕ ਮਾਨਤਾਵਾਂ ਅਤੇ ਪਰੰਪਰਾਵਾਂ ਵਜੋਂ ਵੇਖਣਯੋਗ ਹਨ।





ਹਰ ਸਾਲ ਵਿਸਾਖ ਮਹੀਨੇ ਦੀ ਅੱਠਵੀਂ ਅਤੇ ਨੌਵੀਂ ਤਾਰੀਖ਼ ਨੂੰ ਇੱਥੇ ਭੰਡਾਰਾ ਅਤੇ ਜਾਗਰਣ ਕਰਵਾਇਆ ਜਾਂਦਾ ਹੈ। ਇਸ ਮੌਕੇ ਦੇਸ਼-ਵਿਦੇਸ਼ ਤੋਂ ਸ਼ਰਧਾਲੂ ਪਹੁੰਚਦੇ ਹਨ। ਸੁੱਖ-ਸ਼ਾਂਤੀ ਅਤੇ ਕਸ਼ਟਾਂ ਤੋਂ ਮੁਕਤੀ ਦੀ ਕਾਮਨਾ ਨਾਲ ਲੋਕ ਤੜਕਸਾਰ ਤੋਂ ਦੇਰ ਰਾਤ ਤੱਕ ਹਵਨ-ਯੱਗ ਅਤੇ ਪਾਠ ਕਰਵਾਉਂਦੇ ਹਨ।



ਜੀਵਨ ਕੁਮਾਰ 'ਜੀਵਨ'
ਲੇਖਕ

ਸਾਲ 1982 ਤੋਂ ਇੱਥੇ ਅਖੰਡ ਜੋਤ ਜਗਦੀ ਆ ਰਹੀ ਹੈ। ਮਾਂ ਬਗਲਾਮੁਖੀ ਨੂੰ 'ਪੀਤਾਂਬਰਾ' ਵੀ ਕਿਹਾ ਜਾਂਦਾ ਹੈ। ਦਸ ਮਹਾਂਵਿਦਿਆਵਾਂ ਵਿੱਚੋਂ ਇੱਕ ਮੰਨੀ ਜਾਂਦੀ ਮਾਂ ਬਗਲਾਮੁਖੀ ਨੂੰ ਧਾਰਮਿਕ ਪਰੰਪਰਾ ਵਿੱਚ ਸ਼ਤਰੂਨਾਸ਼ਿਨੀ ਦੇਵੀ ਵਜੋਂ ਪੂਜਿਆ ਜਾਂਦਾ ਹੈ। ਇੱਥੇ ਵਿਸ਼ੇਸ਼ ਸ਼ਤਰੂਨਾਸ਼ਿਨੀ ਯੱਗ ਵੀ ਕਰਵਾਏ ਜਾਂਦੇ ਹਨ। ਪੂਰਾ ਮੰਦਰ ਪੀਲੇ ਰੰਗ ਵਿੱਚ ਰੰਗਿਆ ਹੋਇਆ ਹੈ, ਜੋ ਇਸ ਦੀ ਪਛਾਣ ਦਾ ਇੱਕ ਖ਼ਾਸ ਹਿੱਸਾ ਹੈ। ਇਤਿਹਾਸਕ ਮਹੱਤਤਾ ਅਤੇ ਕੁਦਰਤੀ ਸੁੰਦਰਤਾ ਦੇ ਬਾਵਜੂਦ, ਮੰਦਰ ਵਿੱਚ ਸਹੂਲਤਾਂ ਦੀ ਘਾਟ ਮਹਿਸੂਸ ਹੁੰਦੀ ਹੈ। ਪੁਜਾਰੀ ਜੀ ਦੇ ਅਨੁਸਾਰ, ਸ਼ਰਧਾਲੂ ਅਤੇ ਮੰਦਰ ਕਮੇਟੀ ਆਪਣੇ ਪੱਧਰ 'ਤੇ ਸੁਧਾਰ ਕਰਕੇ ਸਹੂਲਤਾਂ ਵਧਾਉਣਾ ਚਾਹੁੰਦੇ ਹਨ, ਪਰ ਪੁਰਾਤੱਤਵ ਵਿਭਾਗ ਪੁਰਾਤਨ ਢਾਂਚੇ ਵਿੱਚ ਤਬਦੀਲੀਆਂ ਕਰਨ ਬਾਰੇ ਸਾਵਧਾਨੀ ਵਰਤਦਾ ਹੈ।

ਇਲਾਕੇ ਦੇ ਲੋਕਾਂ ਦੀ ਮੰਗ ਹੈ ਕਿ ਮੰਦਰ ਦੇ ਪ੍ਰਬੰਧ ਅਤੇ ਸੰਭਾਲ ਬਾਰੇ ਸਰਕਾਰ ਤੇ ਸੰਬੰਧਤ ਵਿਭਾਗ ਮਿਲ ਕੇ ਕੋਈ ਅਜਿਹਾ ਰਾਹ ਕੱਢਣ, ਜਿਸ ਨਾਲ ਇਤਿਹਾਸਕ ਵਿਰਾਸਤ ਦੀ ਸੁਰੱਖਿਆ ਵੀ ਹੋਵੇ ਅਤੇ ਸ਼ਰਧਾਲੂਆਂ ਲਈ ਬੁਨਿਆਦੀ ਸਹੂਲਤਾਂ ਵੀ ਵਧ ਸਕਣ। ਮਾਂ ਬਗਲਾਮੁਖੀ ਦਾ ਇਹ ਮੰਦਰ ਧਾਰਮਿਕ ਆਸਥਾ, ਇਤਿਹਾਸਕ ਪਰੰਪਰਾ ਅਤੇ ਕੁਦਰਤੀ ਸੁੰਦਰਤਾ ਦਾ ਅਨੋਖਾ ਮੇਲ ਹੈ। ਜਦੋਂ ਵੀ ਮੌਕਾ ਮਿਲੇ, ਇਸ ਇਤਿਹਾਸਕ ਅਤੇ ਧਾਰਮਿਕ ਸਥਾਨ ਦੇ ਦਰਸ਼ਨ ਜ਼ਰੂਰ ਕਰੋ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ, ਇੰਡਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

ਅੱਜ ਵਿਸ਼ਵ ਸਟਰੋਕ ਦਿਵਸ ਤੇ ਵਿਸ਼ੇਸ਼

ਦੁਨੀਆਂ ਦਾ ਸਭ ਤੋਂ ਵੱਡਾ ਖਜ਼ਾਨਾ ਹੈ ਮਨੁੱਖੀ ਸਿਹਤ



ਕੇ.ਐੱਸ. ਅਮਰ
ਪਿੰਡ ਤੇ ਡਾਕ. ਕੋਟਲੀ ਖਾਸ ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ, ਮੋਬਾ. 94653-69343



ਮਨੁੱਖੀ ਜੀਵਨ ਅਦਭੁੱਤ ਹੈ। ਮਨੁੱਖੀ ਸਿਹਤ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਮਾਇਆ ਹੈ। ਧਰਤੀ ਤੇ ਵੱਸਦੇ ਸਮਾਜਕ ਪ੍ਰਾਣੀਆਂ ਵਿੱਚੋਂ ਮਨੁੱਖ ਸਭ ਤੋਂ ਸਰਵ ਸ੍ਰੇਸ਼ਟ ਹੈ। ਆਦਿਵਾਸੀ ਮਨੁੱਖ ਤੋਂ ਹੁਣ ਤੱਕ ਦਾ ਸਫ਼ਰ ਇਹ ਦੱਸਦਾ ਹੈ ਕਿ ਮਨੁੱਖ ਨੇ ਅੱਜ ਵਿਗਿਆਨਕ ਖ਼ੇਤਰ ਵਿੱਚ ਬਹੁਤ ਸਾਰੀਆ ਮੱਲਾਂ ਮਾਰੀਆਂ ਹਨ। ਪ੍ਰਿਥਵੀ ਗ੍ਰਹਿ ਤੇ ਵਸਦਾ ਹੋਇਆ ਅੱਜ ਦਾ ਮਨੁੱਖ ਹੁਣ ਦੂਜੇ ਗ੍ਰਹਿਾਂ ਤੱਕ ਪਹੁੰਚਣ ਦੀ ਸਮਰੱਥਾ ਰੱਖਦਾ ਹੈ। ਮਨੁੱਖੀ ਸਿਹਤ ਦੇ ਖ਼ੇਤਰ ਵਿੱਚ ਵੀ ਉਸਨੇ ਬੇਮਿਸਾਲ ਤਰੱਕੀ ਕੀਤੀ ਹੈ ਜਿਸ ਨਾਲ ਉਸ ਦੀ ਉਮਰ ਵਿੱਚ ਵੀ ਵਾਧਾ ਦਰਜ਼ ਕੀਤਾ ਗਿਆ ਹੈ। ਵਿਗਿਆਨਕ ਤਕਨੀਕਾਂ ਨਾਲ ਉਸਨੇ ਬਹੁਤ ਸਾਰੀਆਂ ਖਤਰਨਾਕ ਬਿਮਾਰੀਆਂ ਉਪਰ ਵੀ ਕਾਬੂ ਪਾਇਆ ਹੈ ਪ੍ਰੰਤੂ ਇਸ ਦੇ ਬਾਵਜੂਦ ਵੀ ਉਹ ਮੌਤ ਨੂੰ ਨਹੀਂ ਜਿੱਤ ਸਕਿਆ। ਅਜੇ ਵੀ ਜ਼ਿੰਦਗੀ ਵਿੱਚ ਉਸ ਨੂੰ ਬਹੁਤ ਸਾਰੀਆਂ ਬਿਮਾਰੀਆਂ ਪਰੇਸ਼ਾਨ ਕਰਦੀਆਂ ਹਨ ਜਿਸ ਵਿੱਚੋਂ ਇੱਕ ਹੈ। ÷ਦਿਮਾਗ ਦਾ ਦੌਰਾ÷ਜਿਸ ਨੂੰ ਹਰ ਸਾਲ 29 ਅਕਤੂਬਰ ਨੂੰ ਵਿਸ਼ਵ ਸਟਰੋਕ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਵਿਸ਼ਵ ਸਟਰੋਕ ਸੰਸਥਾ ਵੱਲੋਂ 2006 ਵਿੱਚ ਸ਼ੁਰੂ ਕੀਤਾ ਗਿਆ ਸੀ।

ਸਟਰੋਕ ਕੀ ਹੁੰਦਾ ਹੈ?

ਸਟਰੋਕ ਨੂੰ ਆਮ ਭਾਸ਼ਾ ਵਿੱਚ *ਫਾਲਿਜ* ਕਿਹਾ ਜਾਂਦਾ ਹੈ। ਇਹ ਦਿਮਾਗ ਦਾ ਦੌਰਾ ਹੈ।

ਜਦੋਂ ਦਿਮਾਗ ਨੂੰ ਖ਼ੂਨ ਪਹੁੰਚਾਉਣ ਵਾਲੀ ਨਾੜੀ ਬੰਦ ਹੋ ਜਾਂਦੀ ਹੈ ਜਾਂ ਫਟ ਜਾਂਦੀ ਹੈ, ਤਾਂ ਦਿਮਾਗ ਦੇ ਸੈੱਲ ਮਰਨੇ ਸ਼ੁਰੂ ਹੋ ਜਾਂਦੇ ਹਨ। ਇਸ ਨਾਲ ਸਰੀਰ ਦਾ ਇੱਕ ਹਿੱਸਾ ਕੰਮ ਕਰਨਾ ਬੰਦ ਕਰ ਦਿੰਦਾ ਹੈ।

ਸਿਹਤ ਮਾਹਰਾਂ ਅਨੁਸਾਰ

ਸਟਰੋਕ ਦੀਆਂ 2 ਕਿਸਮਾਂ ਹਨ:

1. ਨਾੜੀ ਵਿੱਚ ਖ਼ੂਨ ਦਾ ਥੱਕਾ ਜੰਮ ਜਾਣ ਨਾਲ ਹੋਇਆ ਸਟਰੋਕ।

2.ਦਿਮਾਗ ਵਿੱਚ ਨਾੜੀ ਫਟ ਜਾਣ ਨਾਲ ਹੋਇਆ ਸਟਰੋਕ।

ਡਾਕਟਰਾ ਦਾ ਮੰਨਣਾ ਹੈ ਕਿ ਜ਼ਿੰਦਗੀ ਇੱਕ ਸੰਘਰਸ਼ ਹੈ ਅਤੇ ਸਟਰੋਕ ਤੋਂ ਬਾਅਦ ਵੀ ਜ਼ਿੰਦਗੀ ਹੈ, ਇਲਾਜ ਅਤੇ ਹਿੰਮਤ ਨਾਲ ਜ਼ਿੰਦਗੀ ਨੂੰ ਫਿਰ ਤੋਂ ਪਟੜੀ ਤੇ ਲਿਆਂਦਾ ਜਾ ਸਕਦਾ ਹੈ ।

ਸਟਰੋਕ ਦੀ ਪਹਿਚਾਣ ਇਸ ਦੇ ਲੱਛਣਾਂ ਤੋਂ ਕੀਤੀ ਜਾ ਸਕਦੀ ਹੈ।

ਜਿਵੇਂ ਚਿਹਰਾ ਇੱਕ ਪਾਸੇ ਵੱਲ ਝੁੱਕ ਜਾਂਦਾ ਹੈ ਅਤੇ ਜਦੋਂ ਵਿਅਕਤੀ ਹੱਸਦਾ ਹੈ ਤਾਂ ਉਸਦਾ ਮੂੰਹ ਟੇਢਾ ਦਿਖਾਈ ਦਿੰਦਾ ਹੈ। ਇਸੇਤਰ੍ਹਾਂ ਹੀ ਇੱਕ ਬਾਂਹ ਉੱਪਰ ਨਹੀਂ ਚੁੱਕੀ ਜਾ ਸਕਦੀ, ਮਰੀਜ਼ ਨੂੰ ਦੋਵੇਂ ਬਾਂਹਾਂ ਉੱਪਰ ਚੁੱਕਣ ਲਈ ਕਹੋ।

ਬੋਲਣ ਵਿੱਚ ਲੜਖੜਾਹਟ ਆਉਂਦੀ ਹੈ ਅਤੇ ਬੋਲੀ ਸਮਝ ਨਹੀਂ ਆਉਂਦੀ।

ਅਚਾਨਕ ਤੇਜ਼ ਸਿਰਦਰਦ, ਇਕ ਅੱਖ ਦੀ ਨਜ਼ਰ ਜਾਣੀ, ਚੱਕਰ ਆਉਣਾ, ਤੁਰਨ ਵਿੱਚ ਮੁਸ਼ਕਲ ਆਉਣੀ। ਜੇਕਰ ਉਪਰੋਕਤ ਲੱਛਣ ਆ ਰਹੇ ਹਨ ਤਾਂ ਇਹ ਸਮਝੋ ਕਿ ਸਮਾਂ ਬਹੁਤ ਕੀਮਤੀ ਹੈ, ਤੁਰੰਤ 108 ਜਾਂ 102 ਤੇ ਫੋਨ ਕਰੋ ਜਾਂ ਮਰੀਜ਼ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਓ। ਸਟਰੋਕ ਵਿੱਚ ਹਰ ਮਿੰਟ ਵਿੱਚ 19 ਲੱਖ ਦਿਮਾਗੀ ਸੈੱਲ ਮਰਦੇ ਹਨ। ਸਟਰੋਕ ਤੋਂ ਬਚਣ ਲਈ ਕੁਝ ਸਾਵਧਾਨੀਆਂ ਵੀ ਹਨ ਜਿਸ ਨਾਲ 80% ਸਟਰੋਕ ਰੋਕੇ ਜਾ ਸਕਦੇ ਹਨ ਜਿਵੇਂ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖੋ ,ਸ਼ੂਗਰ ਅਤੇ ਕੋਲੈਸਟਰੋਲ ਦੀ ਜਾਂਚ ਕਰਵਾਓ

ਸਿਗਰਟ, ਬੀੜੀ, ਸ਼ਰਾਬ ਬਿਲਕੁਲ ਬੰਦ ਕਰੋ, ਹਰ ਰੋਜ਼ ਘੱਟੋ ਘੱਟ 30 ਮਿੰਟ ਸੈਰ ਜਾਂ ਕਸਰਤ ਕਰੋ, ਲੂਣ ਅਤੇ ਤਲੀਆਂ ਚੀਜ਼ਾਂ ਘੱਟ ਖਾਓ,ਫਲ-ਸਬਜ਼ੀਆਂ ਵੱਧ ਖਾਓ, ਮੋਟਾਪਾ ਘਟਾਓ ਅਤੇ ਤਣਾਅ ਤੋਂ ਬਚੋ।

ਪੰਜਾਬ ਵਿੱਚ ਸਟਰੋਕ ਦੇ ਕੇਸ਼ ਲਗਾਤਾਰ ਵੱਧ ਰਹੇ ਹਨ, ਕਾਰਨ ਘਿਓ, ਪਰਾਂਠੇ, ਸ਼ਰਾਬ ਅਤੇ ਬਲੱਡ ਪ੍ਰੈਸ਼ਰ ਦੀ ਦਵਾਈ ਲੈਣ ਵਿੱਚ ਅਣਗਹਿਲੀ।

ਇਹ ਹਮੇਸ਼ਾ ਯਾਦ ਰੱਖੋ ਕਿ ਸਟਰੋਕ ਦਾ ਇਲਾਜ ਸਿਰਫ਼ 4-5 ਘੰਟੇ ਦੇ ਅੰਦਰ-ਅੰਦਰ ਹੀ ਸੰਭਵ ਹੈ। ਇਸ ਨੂੰ ਸੁਨਹਿਰੀ ਸਮਾਂ ਕਿਹਾ ਜਾਂਦਾ ਹੈ। ਜਿੰਨੀ ਜਲਦੀ ਹਸਪਤਾਲ ਪਹੁੰਚੋਗੇ, ਓਨਾ ਹੀ ਦਿਮਾਗ ਬਚੇਗਾ।

ਕੰਮ ਦੀ ਚੀਜ਼





ਰਮੇਸ਼ ਐਮ.ਐਮ.
ਰੀਵਿਊ ਕਰਤਾ : ਹਾਸ-ਵਿਅੰਗਕਾਰ, ਬਠਿੰਡਾ

ਸਾਡੇ ਘਰ 'ਚ ਇੱਕ ਪਰਛੱਤੀ ਸੀ। ਪਹਿਲਾਂ ਇਹਦਾ ਬਹੁਤ ਰਿਵਾਜ਼ ਹੁੰਦਾ ਸੀ। ਇਹ ਤਕਰੀਬਨ ਹਰ ਘਰ ਵਿੱਚ ਹੁੰਦੀ ਸੀ। ਘਰ ਵਿੱਚ ਕੋਈ ਵੀ ਵਾਧੂ ਸਾਮਾਨ ਪਿਆ ਹੁੰਦਾ ਤਾਂ ਘਰ ਦੇ ਸਾਰੇ ਮੈਂਬਰ ਕਹਿ ਦਿੰਦੇ ਕਿ ਇਹਨੂੰ ਪਰਛੱਤੀ ਤੇ ਸਿੱਟ ਦਿਉ। ਜਿਵੇਂ ਸਾਈਕਲ, ਸਕੂਟਰ ਜਾਂ ਕਾਰ ਦਾ ਟਾਇਰ ਜਾਂ ਟਿਊਬ ਬਦਲਾਇਆ ਹੋਵੇ ਤਾਂ ਪੁਰਾਣਾ ਟਾਇਰ ਜਾਂ ਟਿਊਬ ਲਿਆਕੇ ਪਰਛੱਤੀ ਤੇ ਰੱਖ ਦੇਣਾ। ਪਹਿਲਾਂ ਅਸੀਂ ਕੋਈ ਵੀ ਚੀਜ਼ ਨਵੀਂ ਪਵਾਉਂਦੇ ਤਾਂ ਪੁਰਾਣੀ ਨੂੰ ਘਰੇ ਚੱਕ ਲਿਆਉਂਦੇ ਸੀ, ਕਿ ਕਦੇ ਕੰਮ ਆਜੂ। ਜਿਵੇਂ ਸਾਈਕਲ ਦੀ ਟਿਊਬ ਸਾਈਕਲ ਦੇ ਪਿੱਛੇ ਕੈਰੀਅਰ ਤੇ ਕੋਈ ਚੀਜ਼ ਬੰਨਣ ਦੇ ਕੰਮ ਆਜੂ। ਟਾਇਰ ਕੋਈ ਭਾਰੀ ਚੀਜ਼ ਲਾਹੁਣ ਵੇਲੇ ਥੱਲੇ ਰੱਖਿਆ ਜਾਊ, ਵਗੈਰਾ ਵਗੈਰਾ। ਏਵੇਂ ਇਸ ਪਰਛੱਤੀ ਤੇ ਪੁਰਾਣੇ ਕਿੱਲ, ਪੱਤਰੀਆਂ, ਖ਼ਰਾਬ ਹੋਈਆਂ ਟੂਟੀਆਂ, ਪੁਰਾਣਾ ਬਿਜਲੀ ਦਾ ਸਾਮਾਨ ਵਗੈਰਾ ਰੱਖ ਦਿੱਤਾ ਜਾਂਦਾ, ਤਾਂ ਕਿ ਕਦੇ ਵੀ ਇੰਨ੍ਹਾਂ ਦੀ ਲੋੜ੍ਹ ਪੈ ਸਕਦੀ ਹੈ। ਇੱਥੋਂ ਤੱਕ ਕਿ ਜਿਹੜੀ ਚੀਜ਼ ਖ਼ਰਾਬ ਹੋਣ ਕਰਕੇ ਬਦਲੀ ਹੁੰਦੀ ਤਾਂ ਉਸ ਖ਼ਰਾਬ ਚੀਜ਼ ਨੂੰ ਵੀ ਸਾਂਭ ਕੇ ਰੱਖ ਲੈਂਦੇ ਕਿ ਇਸ ਵਿੱਚ ਲੱਗੇ ਪੇਚ ਬਹੁਤ ਕੰਮ ਦੀ ਚੀਜ਼ ਹੈ, ਕਦੇ ਇਨ੍ਹਾਂ ਦੀ ਵੀ ਲੋੜ੍ਹ ਪੈ ਸਕਦੀ ਹੈ। ਕਹਿਣ ਦਾ ਮਤਲਬ ਕੋਈ ਵੀ ਚੀਜ਼ ਸੁੱਟਣ ਨੂੰ ਜੀ ਨਾ ਕਰਦਾ।

ਘਰਵਾਲੀ ਨੇ ਹਰ ਸਾਲ ਦਿਵਾਲੀ ਨੂੰ ਉਹ ਪਰਛੱਤੀ ਸਾਫ਼ ਕਰਨੀ ਤੇ ਨਾਲ ਈ ਮੈਨੂੰ ਬੁਰਾ ਭਲਾ ਬੋਲੀ ਜਾਂਦੀ। ਇਨ੍ਹਾਂ ਨੂੰ ਸਿੱਟ ਦੇ ਕਿਸੇ ਪਾਸੇ, ਅੱਗ ਲਾਦੇ, 10 ਸਾਲ ਹੋਗੇ ਆਹ ਟਾਇਰ ਪਏ ਨੂੰ, ਦੱਸ ਕੀ ਸਿਰ ਚ ਮਾਰਨੈ। ਮੱਛਰਾਂ ਤੇ ਚੂਹਿਆਂ ਦਾ ਰਹਿਣ ਬਸੇਰਾ ਬਣਾ ਰੱਖਿਐ, ਬਿਮਾਰੀ ਦਾ ਘਰ। ਉਸਨੇ ਵਾਧੂ ਸਾਮਾਨ ਦਾ ਟੋਕਰਾ ਭਰਕੇ ਥੱਲੇ ਲੈ ਆਉਣਾ ਸੁੱਟਣ ਵਾਸਤੇ। ਮੈਂ ਜਦੋਂ ਦੇਖਦਾ, ਚੁੱਕ ਕੇ ਫੇਰ ਪਰਛੱਤੀ ਤੇ ਰੱਖਿਆ ਆਉਂਦਾ। ਬਈ ਇਹ ਤਾਂ ਸਾਰੀਆਂ ਕੰਮ ਦੀਆਂ ਚੀਜ਼ਾਂ ਹਨ। ਸੁੱਟ ਤਾਂ ਕਦੋਂ ਮਰਜੀ ਦੇਈਏ। ਜਿੱਦੋਂ ਲੋੜ੍ਹ ਪੈ ਗਈ ਇਹੋ ਜਾ ਸਮਾਨ ਤਾਂ ਮਿਲਣਾ ਈ ਨੀ। ਪਰ ਜਦੋਂ ਕਦੇ ਘਰੇ ਮਿਸਤਰੀ ਲੱਗਣਾ, ਉਸਨੇ ਕੋਈ ਮੇਖ ਜਾਂ ਪੱਤਰੀ ਮੰਗ ਲੈਣੀ ਤਾਂ ਸਾਰੇ ਜਣੇ ਪਰਛੱਤੀ ਤੇ ਭਾਲਦੇ ਫਿਰਦੇ ਪਰ ਪਰਛੱਤੀ ਐਨੀ ਜ਼ਿਆਦਾ ਭਰੀ ਹੋਣ ਕਰਕੇ, ਓਥੋਂ ਕੁਝ ਨਾ ਲੱਭਦਾ। ਨਾਲੇ ਉਤਲੀ ਛੱਤ ਨੀਵੀਂ ਹੋਣ ਕਰਕੇ ਕੋਡੇ ਕੋਡੇ ਹੋਕੇ ਥੱਕ ਜਾਣਾ। ਅੱਧੇ ਘੰਟੇ ਦੀਆਂ ਟੱਕਰਾਂ ਪਿੱਛੋਂ ਫਿਰ ਸਮਾਨ ਨਵਾਂ ਹੀ ਲੈਕੇ ਆਉਂਣਾ ਪੈਂਦਾ।

ਅੱਜ ਫ਼ੇਰ ਦਿਵਾਲੀ ਆਉਣ ਚ ਇੱਕ ਹਫ਼ਤਾ ਬਾਕੀ ਸੀ। ਐਂਤਵਾਰ ਹੋਣ ਕਰਕੇ ਸਾਰੇ ਘਰ ਦੀ ਸਫ਼ਾਈ ਹੋ ਰਹੀ ਸੀ। ਪਰਛੱਤੀ ਦਾ ਸਾਰਾ ਸਾਮਾਨ ਇੱਕ ਵੱਡੇ ਸਾਰੇ ਟੋਕਰੇ ਵਿੱਚ ਪਾਕੇ ਥੱਲੇ ਰੱਖਿਆ ਪਿਆ ਸੀ। ਮੇਰੇ ਘਰ ਬੜਦਿਆਂ ਹੀ ਘਰਵਾਲੀ ਉੱਚੀ ਉੱਚੀ ਬੋਲਕੇ ਗਲ ਪੈ ਗਈ। ਕਹਿੰਦੀ, ਅੱਜ... ਜਾਂ ਤਾਂ ਆ ਸਮਾਨ ਘਰੋਂ ਕੱਢ ਦੇ, ਨਹੀਂ ਮੈਂ ਘਰ ਛੱਡ ਕੇ ਜਾਨੀਂ ਐਂ। ਐਡੀ ਵੱਡੀ ਗੱਲ ਸੁਣ ਕੇ 'ਮੈਂ ਬੋਲਾਂ ਕੰਧ ਬੋਲੇ'। ਪੰਜ ਸੱਤ ਮਿੰਟ ਤਾਂ ਮੈਨੂੰ ਕੋਈ ਗੱਲ ਈ ਨਾ ਔੜੀ। ਪਰ ਮਨ ਬਹੁਤ ਉਦਾਸ, ਕਿ ਸਾਰਾ ਸਾਮਾਨ ਈ ਕੰਮ ਆਉਣ ਵਾਲਾ ਸੀ। ਹਰ ਚੀਜ਼ ਕੰਮ ਦੀ ਸੀ। ਮੈਨੂੰ ਟੋਕਰੇ ਵਿੱਚ ਸਾਰਾ ਸਾਮਾਨ ਦਿੱਖ ਰਿਹਾ ਸੀ। ਪਰ ਮੈਨੂੰ ਪਤਾ ਸੀ ਜੇਕਰ ਕੋਈ ਚੀਜ਼ ਕੱਢ ਕੇ ਰੱਖਣ ਦੀ ਕੋਸ਼ਿਸ਼ ਕੀਤੀ ਪਤਾ ਨੀ ਇਹ ਕੀ ਕਦਮ ਚੁੱਕ ਲਵੇ। ਭਾਵੇਂ ਪਤੈ, ਕਿ ਫੋਕਾ ਡਰਾਵਾ ਈ ਦਿੰਦੀ ਐ। ਪਰ ਆਪਾਂ ਪ੍ਰਤਿਆ ਕੇ ਕਿਉਂ ਦੇਖੀਏ। ਮੈਂ ਕੌੜਾ ਘੁੱਟ ਪੀਕੇ ਠੰਡੇ ਜੇ ਦਿਮਾਗ ਨਾਲ ਹੱਸਦੇ ਨੇ ਕਿਹਾ, ਐਂਤਕੀ ਤਾਂ.. ਮੈਂ ਵੀ ਮਨ ਬਣਾ ਲਿਆ ਸੀ.. ਕਿ ਇਸ ਦਿਵਾਲੀ ਨੂੰ ਸਾਰਾ ਪੁਰਾਣਾ ਸਾਮਾਨ ਘਰੋਂ ਕੱਢ ਦੇਣੈ। ਹੁਣ ਇਹ ਵੀ ਉਲਟ ਨਾ ਸਮਝ ਲੀਂ ਕਿਤੇ? ਤੇਰੇ ਤੋਂ ਡਰ ਲੱਗਦੈ ਭਾਈ। ਇਹ ਗੱਲ ਸੁਣਕੇ ਘਰਵਾਲੀ ਹੱਸ ਪਈ ਤੇ ਮੇਰੀ ਜਾਨ ਚ ਜਾਨ ਆਈ।

ਅਗਲੇ ਦਿਨ ਸਵੇਰੇ ਜਦੋਂ ਗਲੀ ਵਿੱਚ ਸਫ਼ਾਈ ਵਾਲਾ ਆਇਆ ਤਾਂ ਮੈਂ ਅਹਿਸਾਨ ਜਾ ਕਰਕੇ ਉਸ ਨੂੰ ਕੋਲ ਬੁਲਾਕੇ ਕਿਹਾ। ਕਿ ਜਾਂਦਾ ਹੋਇਆ ਆ ਟੋਕਰੇ ਵਾਲਾ ਸਾਰਾ ਸਮਾਨ ਤੂੰ ਆਪਣੇ ਘਰ ਲੈ ਜੀਂ। ਤੇਰੇ ਕੰਮ ਆਜੂਗਾ। ਇਸ ਵਿੱਚ ਸਾਰੀਆਂ ਕੰਮ ਦੀਆਂ ਚੀਜ਼ਾਂ ਹਨ। ਉਸਨੇ ਟੋਕਰੇ ਚ ਹੱਥ ਮਾਰਕੇ ਦੇਖਿਆ ਤੇ ਕਹਿੰਦਾ, ਬਾਊਜੀ ਇਸ ਤੋਂ ਜ਼ਿਆਦਾ ਸਮਾਨ ਤਾਂ ਕੱਲ੍ਹ ਮੇਰੀ ਘਰ ਵਾਲੀ ਨੇ ਮੈਥੋਂ ਬਾਹਰ ਸੁੱਟਵਾਇਐ। ਇਹ ਗੰਦ ਲਿਜਾਕੇ ਮੈਂ ਉਸ ਤੋਂ ਗਾਲ੍ਹਾਂ ਖਾਣੀਐਂ। ਉਹਦੀ ਗੱਲ ਸੁਣਕੇ ਮੇਰੇ ਹੋਸ਼ ਉੱਡਗੇ। ਮੈਨੂੰ ਲੱਗਿਆ ਕਿ ਮੈਂ ਕਿੱਡਾ ਮੂਰਖ ਸੀ ਜੋ 10-12 ਸਾਲਾਂ ਦਾ ਗੰਦ ਸਾਂਭ ਕੇ ਰੱਖੀ ਬੈਠੈਂ। ਮੈਂ ਕਿਹਾ ਚੰਗਾ ਚੱਲ ਬਾਹਰ ਈ ਸੁੱਟ ਦੇਈਂ। ਕਹਿੰਦਾ ਨੇੜੇ ਤੇੜੇ ਸੁੱਟਣ ਨੂੰ ਥਾਂ ਹੈਣੀ, ਦੂਰ ਸੁੱਟ ਕੇ ਆਉਣਾ ਪਊ। ਸੁੱਟਣ ਦਾ 200 ਰੁਪੀਆ ਲਵਾਂਗਾ ਬਾਊਜੀ ਤੇ ਨਾਲੇ ਕੱਲ੍ਹ ਨੂੰ ਸੁੱਟਕੇ ਆਊਂਗਾ। ਮੈਂ ਜੇਬ ਚੋਂ 300 ਕੱਢਿਆ ਤੇ ਉਹਨੂੰ ਦੇਕੇ, ਹੁਣੇ ਚੁੱਕਣ ਲਈ ਕਿਹਾ।

13 ਸਾਲਾਂ ਬਾਅਦ ਪੰਜਾਬ ਨੇ ਜਿੱਤੀ ਵੀਨੂੰ ਮਾਂਕੜ ਟਰਾਫੀ

ਮੀਤ ਹੇਅਰ ਵੱਲੋਂ ਮੋਹਾਲੀ ਏਅਰਪੋਰਟ 'ਤੇ ਜੇਤੂ ਟੀਮ ਦਾ ਸ਼ਾਨਦਾਰ ਸਵਾਗਤ



ਮੋਹਾਲੀ, 28 ਅਕਤੂਬਰ
(ਪੈਗ਼ਾਮ-ਏ-ਜਗਤ)

ਪੰਜਾਬ ਕ੍ਰਿਕਟ ਲਈ ਮਾਣ ਵਾਲੇ ਪਲਾਂ ਵਿੱਚ ਉਸ ਸਮੇਂ ਹੋਰ ਇਜ਼ਾਫਾ ਹੋਇਆ, ਜਦੋਂ ਪੰਜਾਬ ਅੰਡਰ-19 ਟੀਮ ਦੇ ਖਿਡਾਰੀ 13 ਸਾਲਾਂ ਬਾਅਦ ਵੀਨੂੰ ਮਾਂਕੜ ਟਰਾਫੀ ਜਿੱਤ ਕੇ ਪੰਜਾਬ ਵਾਪਸ ਪਹੁੰਚੇ। ਮੋਹਾਲੀ ਏਅਰਪੋਰਟ 'ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਜੇਤੂ ਟੀਮ ਦਾ ਸਵਾਗਤ ਕੀਤਾ ਅਤੇ ਖਿਡਾਰੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।

ਪੰਜਾਬ ਅੰਡਰ-19 ਟੀਮ ਨੇ ਇੰਦੌਰ ਦੇ ਦਿੱਲੀ ਕਾਲਜ ਗਰਾਊਂਡ ਵਿਖੇ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ ਮੁੰਬਈ ਨੂੰ ਹਰਾ ਕੇ ਵੀਨੂੰ ਮਾਂਕੜ ਟਰਾਫੀ ਆਪਣੇ ਨਾਮ ਕੀਤੀ। ਪੰਜਾਬ ਨੇ ਇਹ ਵੱਕਾਰੀ ਖਿਤਾਬ 13 ਸਾਲਾਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਜਿੱਤ ਕੇ ਪੰਜਾਬ ਕ੍ਰਿਕਟ ਦੇ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਅਧਿਆਇ ਜੋੜਿਆ ਹੈ।

ਜੇਤੂ ਟੀਮ ਦੇ ਸਵਾਗਤ ਲਈ ਮੋਹਾਲੀ ਏਅਰਪੋਰਟ 'ਤੇ ਵੱਡੀ ਗਿਣਤੀ ਵਿੱਚ ਕ੍ਰਿਕਟ ਪ੍ਰੇਮੀ ਵੀ ਪਹੁੰਚੇ। ਇਸ ਮੌਕੇ ਖਿਡਾਰੀਆਂ ਅਤੇ ਟੀਮ ਅਧਿਕਾਰੀਆਂ ਦਾ ਜੋਸ਼ ਅਤੇ ਉਤਸ਼ਾਹ ਦੇਖਣਯੋਗ ਸੀ। ਮੀਤ ਹੇਅਰ ਨੇ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਅੰਡਰ-19 ਟੀਮ ਦੀ ਇਹ ਜਿੱਤ ਪੰਜਾਬ ਕ੍ਰਿਕਟ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਖਿਡਾਰੀਆਂ ਨੇ ਪੂਰੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਕ੍ਰਿਕਟ ਖੇਡੀ ਅਤੇ ਫਾਈਨਲ ਵਿੱਚ ਮੁੰਬਈ ਨੂੰ ਹਰਾ ਕੇ ਆਪਣੀ ਕਾਬਲੀਅਤ ਸਾਬਤ ਕੀਤੀ। ਉਨ੍ਹਾਂ ਕਿਹਾ, "ਪੰਜਾਬ ਕ੍ਰਿਕਟ ਲਗਾਤਾਰ ਤਰੱਕੀ ਕਰ ਰਹੀ ਹੈ ਅਤੇ ਸਾਡੀਆਂ ਟੀਮਾਂ ਵੱਖ-ਵੱਖ ਫਾਰਮੈਟਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ। ਅੰਡਰ-19 ਟੀਮ ਵੱਲੋਂ 13 ਸਾਲਾਂ ਬਾਅਦ ਵੀਨੂੰ ਮਾਂਕੜ ਟਰਾਫੀ ਜਿੱਤਣਾ ਸਾਡੇ ਲਈ ਬੇਹੱਦ ਖੁਸ਼ੀ ਅਤੇ ਮਾਣ ਦਾ ਪਲ ਹੈ। ਸਾਨੂੰ ਆਪਣੇ ਨੌਜਵਾਨ ਖਿਡਾਰੀਆਂ ਦੀ ਮਿਹਨਤ ਅਤੇ ਕਾਬਲੀਅਤ 'ਤੇ ਪੂਰਾ ਭਰੋਸਾ ਹੈ ਅਤੇ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਕ੍ਰਿਕਟ ਹੋਰ ਵੀ ਕਈ ਵੱਡੀਆਂ ਟਰਾਫੀਆਂ ਆਪਣੇ ਨਾਮ ਕਰੇਗੀ। ਮੀਤ ਹੇਅਰ ਨੇ ਖਿਡਾਰੀਆਂ, ਕੋਚਿੰਗ ਸਟਾਫ਼ ਅਤੇ ਟੀਮ ਨਾਲ ਜੁੜੇ ਸਾਰੇ ਮੈਂਬਰਾਂ ਨੂੰ ਇਸ ਇਤਿਹਾਸਕ ਸਫਲਤਾ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਨੌਜਵਾਨ ਕ੍ਰਿਕਟਰਾਂ ਦੇ ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਮਾਣ ਪ੍ਰਗਟ ਕਰਦਿਆਂ ਕਿਹਾ ਗਿਆ ਕਿ ਇਹ ਜਿੱਤ ਪੰਜਾਬ ਵਿੱਚ ਕ੍ਰਿਕਟ ਦੇ ਮਜ਼ਬੂਤ ਭਵਿੱਖ ਦੀ ਇੱਕ ਹੋਰ ਮਿਸਾਲ ਹੈ। ਇਸ ਟੀਮ ਵਿੱਚ ਸ਼ਾਮਲ ਖਿਡਾਰੀ ਅਰਜੁਨ ਰਾਜਪੂਤ 695 ਦੌੜਾਂ ਨਾਲ ਟਾਪ ਸਕੋਰਰ ਬਣਿਆ ਜਿਸ ਵਿੱਚ ਤਿੰਨ ਸੈਂਕੜੇ ਸ਼ਾਮਲ ਸਨ। ਅਰਜੁਨ ਰਾਜਪੂਤ ਨੇ 11 ਵਿਕਟਾਂ ਲੈ ਕੇ ਆਲ ਰਾਊਂਡ ਪ੍ਰਦਰਸ਼ਨ ਕੀਤਾ। ਇਸ਼ਾਨ ਸੂਦ ਨੇ ਕੁੱਲ 13 ਵਿਕਟਾਂ ਲਈਆਂ। ਫਾਈਨਲ ਵਿੱਚ ਚਾਰ ਵਿਕਟਾਂ ਲਈਆਂ। ਸਾਗਰ ਵਿਰਕ ਨੇ ਕੁੱਲ 351 ਦੌੜਾਂ ਬਣਾਈਆਂ ਜਿਸ ਵਿੱਚ ਫ਼ਾਈਨਲ ਵਿੱਚ 111 ਦੌੜਾਂ ਦੀ ਸ਼ਾਨਦਾਰ ਪਾਰੀ ਸ਼ਾਮਲ ਹੈ।

ਰੁੱਖ ਲਗਾਓ

ਜੇ ਚਾਹੁੰਦੇ ਚਾਰੇ ਪਾਸੇ ਹਰਿਆਲੀ,
ਘਰ ਘਰ ਵਿੱਚ ਹੋਵੇ ਖ਼ੁਸ਼ਹਾਲੀ।
ਵਾਤਾਵਰਣ ਸਾਰਾ ਹੋਏ ਚੰਗੇਰਾ,
ਆਕਸੀਜਨ ਭਰਿਆ ਸਵੇਰਾ।
ਚੰਗੀ ਸਿਹਤ ਨਾ ਕੋਈ ਰੋਗੀ ਹੋਵੇ,
ਨਾਲ ਬਿਮਾਰੀ ਨਾ ਕੋਈ ਰੋਵੇ।
ਚਿੜੀਆਂ ਚੁਕਣ ਰੋਜ਼ ਸਵੇਰੇ,
ਪੰਛੀ ਗਾਵਣ ਸੁਭਾ-ਸਵੇਰੇ।
ਪਸ਼ੂ ਵੀ ਸਾਡੇ ਨਵੇਂ ਨਰੋਏ,
ਦੁੱਧ-ਦਹੀਂ ਦੀ ਘਾਟ ਨਾ ਹੋਏ।
ਵਿੱਚ ਬਰਸਾਤਾਂ ਵਰਖਾ ਪੂਰੀ,
ਧਰਤੀ ਦੀ ਪਿਆਸ ਨਾ ਰਹੇ ਅਧੂਰੀ।
ਤਪਸ਼ ਐਵੇਂ ਨਾ ਵਧਦੀ ਜਾਵੇ,
ਨਾ ਇਨਸਾਨ ਦੇਖ ਘਬਰਾਏ।
ਲੱਖਾਂ ਹੀ ਤੁਸੀਂ ਰੁੱਖ ਲਗਾਓ,
'ਗੋਸਲ' ਵਾਂਗ ਖੁਸ਼ ਹੋ ਜਾਓ।
ਬਹਾਦਰ ਸਿੰਘ ਗੋਸਲ, ਮਕਾਨ ਨੰ: 3098, ਸੈਕਟਰ-37ਡੀ, ਚੰਡੀਗੜ੍ਹ।

ਅਦਾਰਾ
"ਪੈਗ਼ਾਮ-ਏ-ਜਗਤ"
ਅਖ਼ਬਾਰ ਲਈ
ਪੰਜਾਬ ਦੇ ਵੱਖ-ਵੱਖ
ਸਟੇਸ਼ਨਾਂ ਤੋਂ
ਪੱਤਰਕਾਰਾਂ ਦੀ ਲੋੜ।



9878862733,
9872340701

ਵਕਤ ਦੇ ਪਰਾਂ 'ਤੇ

ਕਲਮਾਂ ਦੀ ਪਰਵਾਜ਼ ਬਾਝੋਂ ਹੁਣ ਸਰਨਾ ਨਹੀਂ,
ਸਹਿਮ ਰਹੀ ਅਵਾਜ਼, ਚੁੱਪ ਰਹਿ ਸਰਨਾ ਨਹੀਂ।
ਤੁਰੇ ਜਾ ਰਹੇ ਕਾਫ਼ਲੇ ਪਿੰਡਾਂ ਤੋਂ ਸ਼ਹਿਰਾਂ ਵੱਲ,
ਉਠਾਏ ਬਿਨਾ ਅਵਾਜ਼, ਸੱਜਣਾ ਸਰਨਾ ਨਹੀਂ।
ਪੰਜਾਬ ਖਾਲੀ ਹੋ ਰਿਹੈ ਪਰਵਾਸ ਕਰਦੇ ਲੋਕ,
ਜਨਮ ਭੂਮੀ ਵੇਚ ਗੈਰਾਂ ਨੂੰ, ਕਦੇ ਸਰਨਾ ਨਹੀਂ।
ਆਉਂਦੇ ਰਹੇ ਧਾੜਵੀ ਲੁੱਟਦੇ ਸੀ ਜੋ ਅਸਮਤਾਂ,
ਜਾਬਰ ਬਣੇ ਆਪਣੇ, ਰੋਕੇ ਖੁਣੋਂ ਸਰਨਾ ਨਹੀਂ।
ਹਾਲ ਜੰਤਰ ਮੰਤਰ ਦਾ ਦੇਖ ਰਹੀ ਹੈ ਦੁਨੀਆਂ,
ਹੋਈ ਹੈ ਥੂਹ ਥੂਹ, ਗਭਰੂਆਂ ਨੇ ਡਰਨਾ ਨਹੀਂ।
ਲਿਖਿਆ ਕੰਧ ਉੱਤੇ ਪੜ੍ਹਨਾ ਪਵੇਗਾ ਆਖਿਰ,
ਜਾਗਦੀਆਂ ਜ਼ਮੀਰਾਂ ਨੇ, ਕਦੇ ਵੀ ਜਰਨਾ ਨਹੀਂ।
ਇਤਿਹਾਸ ਗਵਾਹ ਹੈ ਹਿੱਕ ਡਾਹਕੇ ਲੜਦੇ ਸਦਾ,
ਮਾਰ ਕੇ ਜ਼ਾਲਿਮ ਥੱਕੇ, ਪਰ ਇਨ੍ਹਾਂ ਮਰਨਾ ਨਹੀਂ। **-ਸੇਵਾ ਸਿੰਘ "ਨੂਰਪੁਰੀ"**

.ਗ਼ਜ਼ਲ

ਕੱਚਾ ਘੜਾ ਪਾਣੀਆਂ ਉੱਤੇ ਤਰਦਾ ਨੀਂ,
ਅਮਰ ਹੁੰਦੈ ਇਸ਼ਕ ਕਦੀ ਮਰਦਾ ਨੀਂ।
ਮੂੰਹ ਵਿਭੀਸ਼ਣ ਜੇਕਰ ਅਪਣਾ ਖੋਲ੍ਹੇ ਨਾ,
ਰਾਮ ਹੱਥੋਂ ਅੱਜ ਵੀ ਰਾਵਣ ਮਰਦਾ ਨੀਂ।
ਲੰਘ ਜਾਣੀ ਹੈ ਇੰਝ ਹੀ ਜੋ ਰਹਿੰਦੀ ਹੈ,
ਅੱਜ ਮੇਰਾ ਤੇਰੇ ਬਿਨਾਂ ਭਾਵੇਂ ਸਰਦਾ ਨੀਂ।
ਜ਼ਿੰਦਗੀ ਹੈ ਮੇਰੀ ਇੱਕ ਖੁੱਲ੍ਹੀ ਕਿਤਾਬ,
ਮੇਰਾ ਕਿਸੇ ਤੋਂ ਕੋਈ ਓਹਲਾ ਪਰਦਾ ਨੀਂ।
ਸੰਗਤਾਂ ਨੂੰ ਸਿਖਿਆ ਦਿੰਦਾ ਹੈ ਜੋ ਬਾਬਾ,
ਕਿਹੜੀਆਂ ਕਰਤੂਤਾਂ ਉਹ ਕਰਦਾ ਨੀਂ।
ਗਰੜ-ਗਰੜ ਕਰਕੇ ਹੀ ਮੁੜ ਜਾਂਦਾ ਹੈ,
ਬੇਮੌਸਮਾਂ ਬੱਦਲ ਕਦੇ ਵੀ ਵਰ੍ਹਦਾ ਨੀਂ।
ਆ ਜਦੋਂ ਵੀ ਦਿਲ ਕਰੇ 'ਮਦਹੋਸ਼' ਤੇਰਾ,
ਜੋ ਬੰਦ ਰਹੇ ਦਰਵਜ਼ਾ ਮੇਰੇ ਘਰਦਾ ਨੀਂ। **-ਮਦਨ ਮਦਹੋਸ਼**

.ਗ਼ਜ਼ਲ

ਬਜ਼ੁਰਗਾਂ ਦੀ ਬਾਤ ਪਾਉਂਦੀ ਇੱਕ ਗ਼ਜ਼ਲ ਤੁਹਾਡੀ ਨਜ਼ਰ,
ਬਜ਼ੁਰਗਾਂ ਦੇ ਤਜਰਬੇ ਜ਼ਿੰਦਗੀ ਦੀ ਰਾਸ ਬਣਦੇ ਨੇ।
ਕਦੇ ਹਿੰਮਤ, ਕਦੇ ਜੇਰਾ, ਕਦੇ ਧਰਵਾਸ ਬਣਦੇ ਨੇ।
ਉਨ੍ਹਾਂ ਤਨ 'ਤੇ ਹੰਢਾਇਆ ਵੇਖਿਆ ਮਹਿਸੂਸ ਕੀਤਾ ਜੋ,
ਉਹ ਸਭ ਅਹਿਸਾਸ ਬੱਚਿਆਂ ਵਾਸਤੇ ਇਤਿਹਾਸ ਬਣਦੇ ਨੇ।
ਅਮਲ ਕਰਦੇ ਨੇ ਜੋ ਬੱਚੇ ਬਜ਼ੁਰਗਾਂ ਦੀ ਨਸੀਹਤ 'ਤੇ,
ਉਹ ਜੀਵਨ ਵਿੱਚ ਸਫ਼ਲ ਹੁੰਦੇ ਤੇ ਬੰਦੇ ਖ਼ਾਸ ਬਣਦੇ ਨੇ।
ਰਹੇ ਉਹ ਘਰ ਸਦਾ ਚੜ੍ਹਦੀ ਕਲਾ ਵਿੱਚ ਹਰ ਸਮੇਂ ਜਿੱਥੇ,
ਬੜੇ ਪੱਕੇ ਤੇ ਪੀਡੇ ਆਪਸੀ ਵਿਸ਼ਵਾਸ ਬਣਦੇ ਨੇ।
ਕਰੋੜਾਂ ਵਾਰ ਸਦਕੇ ਜਾਵਾਂ ਉਹਨਾਂ ਬੱਚਿਆਂ ਤੋਂ ਮੈਂ,
ਜੋ ਸਰਵਣ ਪੁੱਤ ਵਾਂਗੂੰ ਮਾਪਿਆਂ ਦੀ ਆਸ ਬਣਦੇ ਨੇ।
ਜੋ ਕੌੜੇ ਲਫ਼ਜ਼ ਸੁਣਦੇ ਆਪਣੀ ਸੰਤਾਨ ਦੇ ਮੂੰਹੋਂ,
ਬਜ਼ੁਰਗਾਂ ਵਾਸਤੇ ਉਹ ਲਫ਼ਜ਼ ਹੀ ਬਨਵਾਸ ਬਣਦੇ ਨੇ।
ਬਜ਼ੁਰਗਾਂ ਦਾ ਇਹ ਵੱਡਾਪਨ ਵੀ ਪੂਜਣ ਯੋਗ ਹੈ 'ਕੋਚਰ',
ਕਿ ਜਿਹੜੇ ਬਾਦਸ਼ਾਹ ਹੋ ਕੇ ਵੀ ਘਰ ਦੇ ਦਾਸ ਬਣਦੇ ਨੇ।
-ਡਾ. ਗੁਰਚਰਨ ਕੌਰ ਕੋਚਰ

ਬਾਲ ਕਵਿਤਾ

ਮੈਨਾ ਕਹਿੰਦੀ ਬੱਤਖ ਨੂੰ,
"ਸਾਡੇ ਵਲ ਨਾ ਆਇਆ ਕਰ,
ਕੈਂਓ-ਕੈਂਓ ਕਰਕੇ ਤੂੰ,
ਸਾਡਾ ਸਿਰ ਨਾ ਖਾਇਆ ਕਰ ।
ਬੱਤਖ ਅੱਗੋਂ ਉੱਤਰ ਦਿੱਤਾ,
"ਚੁੱਪ ਕਰ ਮੇਰੀਏ,ਭੈਣੇਂ ਨੀਂ,
ਨਿੱਕੀਆਂ-ਨਿੱਕੀਆਂ ਗੱਲਾਂ ਉੱਤੇ,
ਲੜਦੇ ਲੋਕ ਕੁਲਿਹਣੇ ਨੀਂ ।
ਮੈਨਾ ਇਕਦਮ ਖਿਝ ਕੇ ਬੋਲੀ,
"ਮੈਨੂੰ ਨਾ ਪ੍ਰਵਚਨ ਸੁਣਾ,
ਤੇਰਾ ਰਸਤਾ ਵੱਖਰਾ ਹੈ,
'ਤੇ ਮੇਰਾ ਆਪਣਾ ਵੱਖਰਾ ਰਾਹ,
ਮੇਰੇ ਨਾਲ ਨਾ ਮੱਥਾ ਲਾਵੀਂ,
ਤੈਨੂੰ ਦਊਂ ਮੈਂ ਸਬਕ ਸਿਖਾ ।
ਬੜੇ ਸਬਰ ਨਾਲ ਬੱਤਖ ਨੇ ਫ਼ਿਰ,
ਮੈਨਾ ਨੂੰ ਸਮਝਾਇਆ,
"ਤੇਰੀ ਮੇਰੀ ਜਾਤ ਹੈ ਇੱਕੋ,
ਇੱਕ ਦੋਹਾਂ ਦਾ ਜਾਇਆ,
ਪਿਆਰ ਦਾ ਪੱਲਾ ਛੱਡ ਕੇ ਅੜੀਏ,
ਕਾਹਤੋਂ ਵੈਰ ਵਧਾਇਆ?
ਅਕਲ ਵਾਲੀਆਂ ਗੱਲਾਂ ਸੁਣਕੇ,
ਮੈਨਾ ਕੁਝ ਨਾ ਬੋਲੀ ।
ਸ਼ਰਮ ਦੀ ਮਾਰੀ ਟਾਹਣ ਤੇ ਬੈਠੀ,
ਜਾਵੇ ਖੰਭ ਫਰੋਲੀ ।
ਮਨ ਅੰਦਰ ਹੁਣ ਏਹੀ ਸੋਚੇ,
ਛੱਡਾਂ ਕੌੜੀ ਬੋਲੀ ।
ਆਪਣੇ ਘਰ ਨੂੰ ਮੁੜਦੀ ਹੋਈ,
ਬੱਤਖ ਮੋਹ ਨਾਲ? ਬੋਲੀ,
"ਸੁਪਨੇ ਦੇ ਵਿੱਚ,ਕਦੇ ਕਿਸੇ ਨੂੰ,
ਕੌੜੇ ਬੋਲ ਨਾ ਕਹੀਏ,
ਪਿਆਰਾਂ ਦੀ ਗੱਲਵਕੜੀ ਪਾ ਕੇ,
ਹੱਸਦੇ-ਗਾਉਂਦੇ ਰਹੀਏ ।
-ਰਣਜੀਤ 'ਪੋਸੀ'



ਕਵਿਤਾ

ਇਹ ਵਿਊ-ਚੱਕਰ ਨਹੀਂ, ਕਰਮ-ਚੱਕਰ ਏ!
ਮਾਪੇ ਬੁਣਦੇ ਸੁਪਨੇ, ਪੁੱਤ ਭਵਿੱਖ ਬਣਾਉਂਦਾ ਏ,
ਚੰਗੇ ਕੱਲ੍ਹ ਦੀ ਆਸ ਵਿੱਚ, ਪਰਦੇਸ ਨੂੰ ਜਾਂਦਾ ਏ।
ਪੁੱਤ ਕਮਾਵੇ ਦੂਰ ਬੈਠ ਕੇ, ਮਾਂ ਰਾਹ ਤੱਕਦੀ ਰਹਿੰਦੀ ਏ,
ਕੋਠੀ ਭਾਵੇਂ ਉੱਚੀ ਹੋਵੇ, ਘਾਟ ਆਪਣੇਪਣ ਦੀ ਰਹਿੰਦੀ ਏ।
ਨਾ ਪੁੱਤ ਗ਼ਲਤ, ਨਾ ਮਾਪੇ ਗ਼ਲਤ, ਹਾਲਾਤਾਂ ਦੀ ਮਾਰ ਏ,
ਇੱਕ ਪਾਸੇ ਸੁਪਨੇ ਜਿਊਂਦੇ, ਦੂਜੇ ਪਾਸੇ ਉਡੀਕ ਬੇਸ਼ੁਮਾਰ ਏ।
ਆਓ ਰਲ ਕੇ ਪੰਜਾਬ ਬਣਾਈਏ, ਰੁਜ਼ਗਾਰ ਹੋਵੇ ਹਰ ਦੁਆਰ,
ਸੁਪਨੇ ਵੀ ਪੂਰੇ ਹੋਣ, ਆਪਣਿਆਂ ਦਾ ਵੀ ਮਿਲੇ ਪਿਆਰ। **-ਸਤਨਾਮ ਝਿੱਕਾ**

ਕਰਾਮਾਤ

ਮੈਂ ਆਪਣੀ ਤੇਹ ਵਿੱਚ
ਪਰਚਿਆ ਰੇਗਿਸਤਾਨ ਸਾਂ
ਮੁੱਦਤ ਤੋਂ ਮੈਂ
ਆਪਣੀ ਤਪਸ਼ 'ਚ ਤਪਦਾ
ਆਪਣੀ ਅਗਨ 'ਚ ਸੜਦਾ
ਆਪਣੀ ਕਾਇਆ 'ਚ ਸੁਲਘਦਾ
ਭੁੱਲ ਗਈ ਸੀ ਮੈਨੂੰ
ਛਾਂ, ਪਿਆਸ, ਨੀਰ
ਭੁੱਲ ਗਏ ਸਨ
ਮੈਨੂੰ ਇਹ ਸਾਰੇ ਲਫ਼ਜ਼
ਲਫ਼ਜ਼ਾਂ ਦੇ ਸਾਰੇ ਮਾਅਨੇ
ਮੇਰੇ ਕਣ ਕਣ ਨੇ
ਆਪਣੀ ਵਿਰਾਨਗੀ
ਆਪਣੀ ਤਪਸ਼
ਆਪਣੀ ਉਦਾਸੀ ਵਿੱਚ
ਪਰਚਣਾ ਸਿੱਖ ਲਿਆ ਸੀ ਪਰ
ਤੇਰੀਆਂ ਤਲੀਆਂ ਵਿਚੋਂ
ਮੋਹ ਦੀਆਂ
ਕੁਝ ਕੁ ਬੂੰਦਾਂ ਕੀ ਡਿੱਗੀਆਂ
ਕਿ ਮੇਰੇ ਕਣ ਕਣ ਵਿੱਚ
ਫੇਰ ਪਿਆਸ ਜਾਗ ਪਈ
ਜਿਉਣ ਦੀ ਪਿਆਸ
ਆਪਣੇ ਅੰਦਰੋਂ
ਕੁਝ ਉਗਾਉਣ ਦੀ ਪਿਆਸ
ਤੇਰੇ ਮੋਹ ਦੇ ਨੀਰ ਦੀਆਂ
ਕੁਝ ਕੁ ਬੂੰਦਾਂ ਨੇ ਇਹ ਕੀ
ਕਰਾਮਾਤ ਕਰ ਦਿੱਤੀ
ਕਿ ਇੱਕ ਮਾਰੂਥਲ ਵਿੱਚ ਵੀ
ਜਿਊਣ ਦੀ ਖਾਹਿਸ਼ ਭਰ ਦਿੱਤੀ।
-ਅਮਰਜੀਤ ਕੌਂਕੇ
(ਭਾਸ਼ਾ ਵਿਭਾਗ, ਪੰਜਾਬ ਵੱਲੋਂ 2014 ਵਿੱਚ ਸਰਵੋਤਮ ਪੁਸਤਕ ਪੁਰਸਕਾਰ ਨਾਲ ਸਨਮਾਨਿਤ ਮੇਰੀ ਪੁਸਤਕ 'ਪਿਆਸ' ਵਿੱਚੋਂ....)

ਕਵਿਤਾ

ਜੇ ਮੈਂ ਨਾ ਜੰਮਾਂ ਰਾਜਾਨ
ਜੇ ਮੈਂ ਹੋਵਾਂ ਨਿਰਸੰਤਾਨ
ਤਾਂ ਕੀ ਬਾਬਾ ਬਾਂਝ ਕਹੇਂਗਾ
ਜਾਂ ਫਿਰ ਮੰਦੜੇ ਬੋਲ ਕਹੇਂਗਾ
ਤਾਂ ਹੀਂ ਤਾਂ ਮੇਰੀ ਕੁੱਖ ਵਿੱਚ
ਮਰ ਗਈ ਮੇਰੀ ਰਾਜ ਕੁਮਾਰੀ
ਰਾਜਨ ਰਾਜਨ ਆਸ ਕਰਨ ਸਭ
ਮੀਆਂ, ਭਾਈ, ਪੁਜਾਰੀ
ਜਿਸ ਖੂਨ ਤੋਂ ਮੈਂ ਰਾਜਨ ਉਪਜਾਂ
ਆਣ ਤੇ ਉਹ ਮਹਾਂਵਾਰੀ
ਵਰਜਿਤ ਹੋ ਜਾਵੇ ਆਮਦ ਮੇਰੀ
ਕਹੇ ਮੰਦਿਰ ਖੜ੍ਹਾ ਪੁਜਾਰੀ
ਮੈਂ ਅਪਵਿੱਤਰ ਮੈਂ ਦੂਸ਼ਿਤ ਹਾਂ
ਮੈਂ ਰਾਜਨ ਜੰਮਨ ਹਾਰੀ
ਮੰਦਿਰ ਦੇ ਏ ਕਰਤਾ ਧਰਤਾ
ਇਹ ਕੀ ਤੇਰੇ ਕਾਰੇ
ਦੇਵਦਾਸੀ ਮੈਂ ਬਣ ਮੰਦਿਰ 'ਚ
ਅਪਣੇ ਦਿਨ ਗੁਜ਼ਾਰੇ
ਕਿੱਥੇ ਅਪਣੇ ਰੋਣੇ ਰੋਵਾਂ
ਮੰਦਿਰ, ਮਸਜਿਦ ਜਾਂ ਗੁਰਦਵਾਰੇ
ਜਿੱਥੇ ਸਾਰੇ ਕਾਰ ਵਿਹਾਰ
ਪੁਜਾਰੀ, ਮੀਆਂ, ਭਾਈ ਸਵਾਰੇ
ਸ਼ਬਦ ਗੁਰੂ 'ਚ ਥਾਂ ਨਾ ਕੋਈ
ਨਿਮਾਣੀ ਹੋਰ ਨਿਮਾਣੀ ਹੋਈ
ਅਲਾਪ ਸਕਾਂ ਨਾ ਮੈਂ ਰਾਗ ਕੋਈ
ਮੈਂ ਹਾਜ਼ਿਰ ਹੋ ਕੇ ਵੀ
ਗੈਰਹਾਜ਼ਿਰ ਹੋਈ
ਤੇਰੀ ਅਜ਼ਾਂ ਤੇ ਉੱਠ ਬਹਿੰਦੀ ਹਾਂ
ਕਾਲੇ ਜਾਮੇ 'ਚ ਮੈਂ ਰਹਿੰਦੀ ਹਾਂ
ਨਾ ਮੈਂ ਮਿੱਟੀ ਪਾ ਸਕਾਂ
ਨਾ ਮੈਂ ਹਾਜ਼ਰੀ ਲਾ ਸਕਾਂ
ਵਿੱਛੜੀ ਰੂਹ ਦੇ ਨਾਲ
ਮੀਆਂ, ਮੌਲਵੀ, ਮੁਸਤਫ਼ਾ
ਏਹ ਕੇਹਾ ਮਾਇਆ ਜਾਲ
ਮੈਂ ਤਾਂ ਹਾਂ ਸਨਮਾਨ ਦੀ ਭੁੱਖੀ
ਰਾਜਕੁਮਾਰੀ ਦੇ ਮਾਣ ਦੀ ਭੁੱਖੀ
ਨਾ ਕੁੱਖ ਵਿੱਚ ਇਸ ਮਾਰੋ ਕੋਈ
ਦਾਜ਼ ਦੇ ਭੂਤ ਨੂੰ ਸਾੜੋ ਕੋਈ
ਬੇਪੱਤ ਕਰੇ ਜੇ ਰਾਜਨ ਮੈਨੂੰ
ਪੱਥਰਾਂ ਦੇ ਨਾਲ ਮਾਰੋ ਕੋਈ
-ਹਰਸਿਮਰਤ ਕੌਰ
ਚੁੱਪ ਦੀ ਕਥਾ ਦੀ ਕੰਧ ਤੋਂ

ਸ਼ਹਿਰ ਤੇਰੇ



ਮਹਿੰਗੇ-ਮਹਿੰਗੇ ਪੱਥਰ ਲੱਗੇ ਤੇਰੇ ਸ਼ਹਿਰ ਮਕਾਨਾਂ ਨੂੰ।
ਪਾਣੀ ਨਾ ਪਰ ਪੁੱਛੇ ਕੋਈ ਬਾਹਰ ਖੜ੍ਹੇ ਦਰਬਾਨਾਂ ਨੂੰ।
ਏਕ ਨੂਰ ਤੋਂ ਸਭ ਜੱਗ ਉਪਜੇ ਕਿੰਝ ਕੋਈ ਸਮਝਾਵੇ,
ਕਿਸ ਗੰਦਗੀ ਨੇ ਕੀਤਾ ਖੌਰੇ ਪਲੀਤ ਇੱਥੇ ਇਨਸਾਨਾਂ ਨੂੰ।
ਸੱਚ ਦੀ ਬੋਲੀ ਬੋਲਣ ਵਾਲੇ ਨਿੱਤ ਸੂਲੀ 'ਤੇ ਚੜਦੇ ਨੇ,
ਸੱਚ ਨੂੰ ਲਾ ਕੇ ਰੱਖਣੇ ਪੈਂਦੇ ਤਾਲੇ ਯਾਰ ਜ਼ੁਬਾਨਾਂ ਨੂੰ।
ਉਲਟੇ ਰੁਖ਼ ਪਰਵਾਜ਼ ਭਰਨ ਦੀ ਆਦਤ ਰਹੀ ਏ ਸਾਡੀ,
ਭੁੱਖੇ ਪੇਟ ਤੇ ਨੰਗੇ ਪਿੰਡੇ 'ਪਾਲੀ' ਰੋਕਿਆ ਬੜੇ ਤੂਫ਼ਾਨਾਂ ਨੂੰ।
ਕਿਹੜੀਆਂ ਖੁਸ਼ੀਆਂ ਦੇ ਦੱਸ ਅਸੀਂ ਕੀ -ਕੀ ਜਸ਼ਨ ਮਨਾਈਏ,
ਦੱਸੋ ਕਿਹੜੇ ਜਖਮ ਤੇ ਲਾਈਏ ਤੁਹਾਡੀਆਂ ਫੋਕੀਆਂ ਸ਼ਾਨਾਂ ਨੂੰ ।
ਇੱਥੇ ਗੁਰਬਤ ਝੰਭੇ ਵਿੱਚ ਚੁਰਾਹਿਆਂ ਰੋਜ਼ ਹੀ ਸਾਨੂੰ ਮਿਲਦੇ ਨੇ,
ਦੋ ਡੰਗ ਰੋਟੀ ਬਾਝੋਂ ਮਰਦੇ ਦੱਸ ਉਹ ਕੀ ਕਰਨ ਪਕਵਾਨਾਂ ਨੂੰ।
'ਪਾਲੀ' ਗਰੀਬ ਦੇ ਦਿਲ ਦੀ ਹੂਕ ਕੋਈ ਰੱਬ ਸੁਣਦਾ ਨਹੀਂ,
ਵੱਖੋ ਵੱਖਰੇ ਰੰਗ ਦੇ ਝੂਲ ਰਹੇ ਜੋ ਰੱਬ ਦੇ ਘਰ ਨਿਸ਼ਾਨਾਂ ਨੂੰ। **-ਪਾਲੀ ਸਾਧੋਵਾਲ**

ਹੰਗਾਮਾਂ...



ਤਰਕ ਵਿਹੂਣਾ ਵਿਅਕਤੀ ਅਕਸਰ ਹੰਗਾਮੇ ਦਾ ਸਹਾਰਾ ਲੈਂਦੈ। ਫਾਲਤੂ ਦਾ ਹੰਗਾਮਾਂ ਖੜ੍ਹਾ ਕਰਕੇ ਰੱਖਣ ਵਾਲਾ ਅਕਸਰ ਲੋਕਾਂ ਦੇ ਨੱਕੋ ਬੁੱਲੋਂ ਲਹਿ ਹੀ ਜਾਂਦੈ॥ ਆਧੁਨਿਕ ਦੌਰ 'ਚ ਸਭ ਤਾਣੇ ਬਾਣੇ ਏਸ ਕਦਰ ਉਲਝ ਚੁੱਕੇ ਨੇ ਕਿ ਸ਼ੰਘਰਸ਼ ਕਰਨ ਵਾਲੇ ਨੂੰ ਲਗਦੈ ਕਿ ਹੱਕ ਲੈਣ ਲਈ ਥੋੜਾ ਬਹੁਤਾ ਹੰਗਾਮਾਂ ਤਾਂ ਕਰਨਾ ਹੀ ਪੈਣੈ॥ ਸੀਮਾਂ 'ਚ ਰਹਿ ਕੇ ਕੀਤਾ ਹੰਗਾਮਾਂ ਤਾਂ ਖਪ ਜਾਂਦੈ ਪਰ ਹੱਦਾਂ ਤੋੜ ਕੇ ਹੰਗਾਮਾਂ ਕਰਨ ਵਾਲੇ ਨੂੰ ਤਾਂ ਹਰਜ਼ਾਨਾ ਝੱਲਣਾ ਹੀ ਪੈਣੈ॥

ਦੇਰੀ...

ਦੇਰੀ ਨਾਲ ਮਿਲਿਆ ਇਨਸਾਫ਼ ਹਕੀਕਤ 'ਚ ਮਨਫੀ ਹੁੰਦੈ। ਭੋਰਾ ਭਰ ਸਕੂਨ ਦਿੰਦੈ ਮਹਿਜ਼ ਕਾਗਜ਼ਾਂ ਦੀ ਖਾਨਾਪੂਰਤੀ ਤੱਕ ਹੀ ਸੀਮਤ ਰਹਿ ਜਾਂਦੈ॥ ਮਸਲੇ ਦੇ ਹੱਲ ਜਾਂ ਕੰਮ ਕਾਰ ਦੀ ਪੂਰਤੀ ਲਈ ਦੇਰੀ ਨਾਲ ਚੁਕੇ ਕਦਮ ਸਾਰਥਿਕ ਨਤੀਜੇ ਨਹੀਂ ਲਿਆਉਂਦੇ। ਸੋਚ ਸਮਝ ਕੇ ਦੇਰੀ ਨਾਲ ਚੁੱਕਿਆ ਕਦਮ ਘੱਟ ਉਰਜਾ ਲਗਾ ਕੇ ਵੀ ਵੱਡਾ ਕੰਮ ਕਰ ਜਾਂਦੈ॥ ਹਰ ਵਾਰ ਦੇਰੀ ਨਾਲ ਪਹੁੰਚਣ ਦੀ ਆਦਤ ਮਾਨ ਸਨਮਾਨ ਘਟਾਉਂਦੀ ਹੈ। ਸਾਥੀ ਇਗਨੋਰ ਮਾਰਨ ਲੱਗ ਪੈਂਦੇ ਨੇ॥ **-ਦਰਸ਼ਨ ਸਿੰਘ ਬਰੇਟਾ**
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ, ਮਾਨਸਾ।

.ਗ਼ਜ਼ਲ

ਜ਼ਿੰਦਗੀ ਵਿੱਚ ਲਾਚਾਰੀ ਹੈ। ਕਿੰਨੀ ਬੇਰੁਜ਼ਗਾਰੀ ਹੈ।
ਲਛਮਣ ਰੇਖਾ ਚਿੰਤਾ ਦੀ, ਟੱਪਣਾ ਇੱਕ ਦੁਸ਼ਵਾਰੀ ਹੈ।
ਖ਼ੁਦ ਉਸ ਤੇ ਨਾ ਅਮਲ ਕਰੇ, ਜੋ ਗੱਲ ਉਨ ਪਰਚਾਰੀ ਹੈ।
ਰਸਤਾ ਛੱਡ ਦੇਵੋ ਆਉਂਦੀ, ਨੇਤਾ ਦੀ ਅਸਵਾਰੀ ਹੈ।
ਮੌਕੇ ਦਾ ਫਾਇਦਾ ਲੈਣਾ, ਏਹੀ ਤਾਂ ਹੁਸ਼ਿਆਰੀ ਹੈ।
ਗ਼ੈਰਤ ਖ਼ਾਤਰ ਸਿਰ ਦੇਣੇ, ਤੁਰਿਆ ਇੱਕ ਲਿਖਾਰੀ ਹੈ।
ਜਿਸ ਦੇ ਧੜ ਤੇ ਸਿਰ ਹੈ ਨੀ, ਓਸੇ ਦੀ ਸਰਦਾਰੀ ਹੈ।
ਸਭ ਤੇ ਰੋਅਬ ਜਮਾ 'ਰੇਸ਼ਮ', ਤੂੰ ਬੰਦਾ ਸਰਕਾਰੀ ਹੈ। **-ਰੇਸ਼ਮ ਚਿੱਤਰਕਾਰ**

ਕਵਿਤਾ

ਕੀ ਹਾਲ ਏ ਤੇਰਾ ਮੁਦੱਤ ਪਿੱਛੋਂ ਟੱਕਰੀ ਏਂ,
ਮੈਂ ਵੀ ਬਦਲਿਆ ਹੋਵਾਂਗਾ ਪਰ ਤੂੰ ਵੀ ਵੱਖਰੀ ਏ,
ਦੂਰੋਂ ਦੂਰੋਂ ਤੱਕਦਾ ਰਿਹਾ ਬੁਲਾ ਵੀ ਨਹੀਂ ਸਕਿਆ,
ਮੈਂ ਕਮ-ਦਿਲ ਜਿਹਾ ਤੇਰੇ ਨੇੜੇ ਆ ਵੀ ਨਹੀਂ ਸਕਿਆ,
ਲਿਖ ਕੇ ਤੇਰਾ ਨਾਮ ਮੈਂ ਸੱਜਦੇ ਕਰਦਾ ਰਹਿੰਦਾ ਸਾਂ,
ਤੂੰ ਮੇਰਾ 'ਨਾ ਲਿਖ ਕੇ ਕਦੇ ਮਿਟਾਉਂਦੀ ਸੀ ਕਿ ਨਹੀਂ,
ਮੇਰੇ ਬਾਰੇ ਹੁਣ ਕੀ ਤੇਰਾ ਖਿਆਲ
ਮੈਂ ਨਹੀਂ ਪੁੱਛਦਾ,
ਉਨ੍ਹਾਂ ਦਿਨਾਂ ਵਿੱਚ ਦੱਸਦੇ ਮੈਨੂੰ ਚਾਹੁੰਦੀ ਸੀ ਕਿ ਨਹੀਂ,
ਛੁੱਟੀ ਵੇਲੇ ਆਪੋ ਆਪਣੇ
ਪਿੰਡਾਂ ਨੂੰ ਜਾਣਾ ,
ਤੇਰਾ ਪਤਾ ਨਹੀਂ ਪਰ ਮੇਰਾ ਦਿਲ ਘੱਟਦਾ ਹੀ ਜਾਣਾ,
ਜਿਹੜੀ ਥਾਂ ਤੋਂ ਆਪਣੇ ਪਿੰਡ ਦੇ ਰਾਹ ਨਿਖੜਦੇ ਸੀ,
ਜਿਹੜੀ ਥਾਂ ਤੋਂ ਉਹ ਵੀ ਆਪਣੇ ਵਾਂਗ ਵਿਛੜਦੇ ਸੀ,
ਬੁੱਲ੍ਹੀਆਂ ਵਿੱਚ ਮੁਸਕਾ ਕੇ ਤੇਰਾ
ਮੁੜ ਕੇ ਵੇਖਣਾ ਉਹ,
ਜਾਂਦੇ-ਜਾਂਦੇ ਨਜ਼ਰਾਂ ਦੇ ਨਾਲ
ਮੱਥਾ ਟੇਕਣਾ ਉਹ,
ਕੀ ਦੱਸਾਂ ਕੇ ਪੈਂਡਲ ਕਿਨ੍ਹੇ ਭਾਰੇ ਲੱਗਦੇ ਸਨ,
ਸਾਇਕਲ ਹੌਲੀ ਮੇਰੇ ਵਾਂਗ ਚਲਾਉਂਦੀ ਸੀ ਕਿ ਨਹੀਂ,
ਮੇਰੇ ਬਾਰੇ ਹੁਣ ਕੀ ਤੇਰਾ ਖਿਆਲ
ਮੈਂ ਨਹੀਂ ਪੁੱਛਦਾ,
ਉਨ੍ਹਾਂ ਦਿਨਾਂ ਵਿੱਚ ਦੱਸਦੇ ਮੈਨੂੰ ਚਾਹੁੰਦੀ ਸੀ ਕਿ ਨਹੀਂ,
ਖੋ-ਖੋ, ਬਾਲੀਵਾਲ ਦੇ ਪਿੜ ਵਿੱਚ ਫਿਰਦੀਆਂ ਮੇਲਦੀਆਂ,
ਵੇਹਲੇ ਪੀਰਡ ਦੇ ਵਿੱਚ ਬਾਰ੍ਹਾਂ ਟਾਹਣੀ ਖੇਡਦੀਆਂ,
ਮੈਨੂੰ ਯਾਦ ਹੈ ਮੇਰੇ ਵੱਲ
ਇਸ਼ਾਰੇ ਹੁੰਦੇ ਸੀ,
ਨੀਂ ਸੱਚ ਦੱਸੀਂ ਕੀ ਚਰਚੇ
ਮੇਰੇ ਬਾਰੇ ਹੁੰਦੇ ਸੀ,
ਤੇਰੇ 'ਨਾਂ ਤੇ ਯਾਦ ਹੈ
ਮੈਨੂੰ ਛੇੜਿਆ ਕਈਆਂ ਨੇ,
ਮੇਰੇ 'ਨਾਂ ਤੇ ਤੈਨੂੰ ਕੋਈ
ਬਲਾਉਂਦੀ ਸੀ ਕਿ ਨਹੀਂ,
ਮੇਰੇ ਬਾਰੇ ਹੁਣ ਕੀ ਤੇਰਾ
ਖਿਆਲ ਮੈਂ ਨਹੀਂ ਪੁੱਛਦਾ,
ਉਨ੍ਹਾਂ ਦਿਨਾਂ ਵਿੱਚ ਦੱਸਦੇ ਮੈਨੂੰ ਚਾਹੁੰਦੀ ਸੀ ਕਿ ਨਹੀਂ,
ਪੜ੍ਹਨ ਲਿਖਣ ਵੇਲੇ ਦੀ ਜ਼ਿੰਦਗੀ ਚੰਗੀ ਹੰਦੀ ਏ,
ਚੜ੍ਹੀ ਨਾ ਲੱਥੀ ਨਾ ਫਿਕਰ ਨਾ ਤੰਗੀ ਹੰਦੀ ਏ,
ਚੁਟਕਲਾ ਜਾਂ ਕਹਾਣੀ ਜਾਂ ਕੁਝ ਹੋਰ ਸਣਾਉਂਦੇ ਨੇ,
ਕਲਾਸ ਰੂਮ ਦੇ ਵਿੱਚ ਸਟੂਡੈਂਟ
ਗਾਣੇ ਗਾਉਂਦੇ ਨੇ,
ਮੇਰੇ ਜੋ ਕਲਾਮ ਉਹ ਬਹੁਤੇ
ਤੇਰੇ ਨਾਵੇਂ ਨੇ,
ਨੀਂ ਤੂੰ ਕੋਈ ਗਾਣਾ ਮੇਰੇ ਬਾਰੇ ਗਾਉਂਦੀ ਸੀ ਕਿ ਨਹੀਂ,
ਮੇਰੇ ਬਾਰੇ ਹੁਣ ਕੀ ਤੇਰਾ ਖਿਆਲ
ਮੈਂ ਨਹੀਂ ਪੁੱਛਦਾ,
ਉਨ੍ਹਾਂ ਦਿਨਾਂ ਵਿੱਚ ਦੱਸਦੇ
ਮੈਨੂੰ ਚਹੁੰਦੀ ਸੀ ਕਿ ਨਹੀਂ,
ਖ਼ਬਰੇ ਤੂੰ ਆਖੇ ਉਹ ਪਿਆਰ ਨਹੀਂ ਕੁੱਝ ਹੋਰ ਹੀ ਸੀ,
ਚੜ੍ਹੀ ਜਵਾਨੀ ਦੀ ਭੁੱਲ ਸੀ ਕੁੱਝ ਚਿਰ ਦੀ ਲੋਰ ਹੀ ਸੀ,
ਪਰ ਆਸ਼ਕ ਸ਼ਾਇਰ ਬਚਪਨ ਵਾਂਗ ਮਾਸੂਮ ਹੀ ਰਹਿੰਦੇ ਨੇ,
ਇੱਕ ਪਾਸੜ ਵਿਸ਼ਵਾਸ਼ 'ਚ ਹੀ ਜ਼ਿੰਦਗੀ ਕੱਢ ਲੈਂਦੇ ਨੇ,
ਦੇਬੀ ਨੇ ਕਈ ਸਾਲ ਤੇਰਾ 'ਨਾਂ ਲਿਖਿਆ ਤਾਰਿਆਂ ਤੇ,
ਤੂੰ ਵੀ ਦੱਸ ਕਦੇ ਹਵਾ 'ਚ ਉਂਗਲਾਂ ਵਾਹੁੰਦੀ ਸੀ ਕਿ ਨਹੀਂ,
ਮੇਰੇ ਬਾਰੇ ਹੁਣ ਕੀ ਤੇਰਾ ਖਿਆਲ
ਮੈਂ ਨਹੀਂ ਪੁੱਛਦਾ,
ਉਨ੍ਹਾਂ ਦਿਨਾਂ ਵਿੱਚ ਦੱਸਦੇ ਮੈਨੂੰ ਚਹੁੰਦੀ ਸੀ ਕਿ ਨਹੀਂ... **-ਦੇਬੀ ਮਖਸੂਸਪੁਰੀ**

ਬੇਗਮ ਪੁਰਾ ਸਤਾਨ

ਹੁਣ ਅਸੀਂ ਵੀ ਬਣਾਉਣਾ ਹੈ ਬੇਗਮ ਪੁਰਾ ਸਤਾਨ,
ਜਿਸ ਵਿੱਚ ਚਿੜੀਆਂ ਦੇ ਚਹਿਕਣ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ ,
ਗੁਲਾਬਾਂ ਦੇ ਮਹਿਕਣ 'ਤੇ ਕੋਈ
ਰੋਕ ਨਹੀਂ ਲੱਗੇਗੀ ,
ਕਲ -ਕਲ ਕਰਦੇ ਝਰਨਿਆਂ ਨੂੰ
ਵੱਗਣ ਦੀ ਪੂਰੀ ਆਜ਼ਾਦੀ ਹੋਵੇਗੀ
ਇਸ ਰਾਜ ਵਿੱਚ ਕੋਈ ਢਿੱਲੋਂ, ਗਿੱਲ, ਸ਼ਰਮਾ, ਗੁਪਤਾ, ਬੱਧਣ, ਬੰਗੜ ਨਹੀਂ ਹੋਵੇਗਾ,
ਸਿਰਫ ਇਨਸਾਨੀ ਜਾਮੇ ਵਿੱਚ ਇਨਸਾਨ ਹੋਣਗੇ ।
ਇੱਥੇ "ਉਦਾਸੀ " ਦੇ ਬਾਲ ਵੱਗਦੇ ਨੱਕਾਂ ਵਾਲੇ ਕਰੇੜੇ ਵਾਲੇ ਦੰਦਾਂ ਵਾਲੇ ਨਹੀਂ ਹੋਣਗੇ,
ਸਗੋਂ ਉਨਾਂ ਦੇ ਚਿਹਰੇ ਮੱਘਦੇ ਸੂਰਜ ਵਾਂਗ ਲਿਸ਼ਕਾਂ ਮਾਰਦੇ ਹੋਣਗੇ ।
ਇੱਥੇ ਬੱਗੀ ਤਿੱਤਰੀ ਕਮਾਦੀਉਂ ਨਿਕਲ ਹੁਣ ਫੂਲਨ ਦੇਵੀ ਦਾ ਰੂਪ ਧਾਰੇਗੀ
ਜੋ ਬਾਜ ਦੀਆਂ ਅੱਖਾਂ ਨੂੰ ਨੋਚ ਦੇਵੇਗੀ ।
ਇੱਥੇ ਸਾਡਾ ਆਕਾਸ਼ ਵੀ ਸਾਂਝਾ ਹੋਵੇਗਾ , ਧਰਤ ਵੀ ਸਾਂਝੀ ਅਤੇ ਸਾਡੇ ਸਿਵੇ ਵੀ ਸਾਂਝੇ ਹੋਣਗੇ
ਸਾਡੇ ਸੁੱਖ ਵੀ ਸਾਂਝੇ ਹੋਣਗੇ ਤੇ ਸਾਰੇ
ਇਕ ਦੂਜੇ ਦੇ ਗਲ ਲੱਗ ਆਪਣੇ ਆਪਣੇ ਦੁੱਖ ਰੋਣਗੇ! **-ਅੰਮ੍ਰਿਤ ਦੀਵਾਨਾ**

ਨਜ਼ਮ

ਤੱਕੇ ਬਹੁਤ ਮੈਂ
ਰੇਗਿਸਤਾਨ ਤਪਦੇ
ਸੂਰਜ 'ਚੋਂ
ਅਗਨ ਦੀ ਬਾਰਿਸ਼ ਹੁੰਦੀ
ਤੱਕੀ ਕਿੰਨੀ ਹੀ ਵਾਰ
ਬਹੁਤ ਵਾਰ ਤੱਕਿਆ
ਉਬਲਦਾ ਸਮੁੰਦਰ
ਭਾਫ ਬਣ ਕੇ ਉੱਡਦਾ
ਤੱਕੇ ਜਵਾਲਾਮੁਖੀ
ਧਰਤੀ ਦੀਆਂ ਮੋਟੀਆਂ ਪਥਰੀਲੀਆਂ
ਤੈਹਾਂ ਤੋੜ ਕੇ ਬਾਹਰ ਨਿਕਲਦੇ
ਰੇਤ, ਮਿੱਟੀ,ਪਾਣੀ, ਹਵਾ
ਤੱਕੀ ਮੈਂ ਅੰਤਾਂ ਦੀ ਤਪਦੀ
ਪਰ ਮੇਰੀ ਦੋਸਤ
ਤੇਰੀ ਦੇਹ ਨੂੰ
ਛੋਹਿਆ ਜਦ
ਮਹਿਸੂਸ ਹੋਇਆ ਤਦ
ਕਿ ਕਿਤੇ ਕੁਝ ਨਹੀਂ ਤਪਦਾ
ਤੇਰੀ ਦੇਹ ਜਿੰਨਾਂ
ਰੇਤ ਨਾ ਮਿੱਟੀ
ਪਾਣੀ ਨਾ ਹਵਾ
ਸੂਰਜ ਨਾ ਜਵਾਲਾ
ਕੁਝ ਨਹੀਂ ਤਪਦਾ ਕਿਤੇ
ਤੇਰੀ ਦੇਹ ਤੋਂ ਵਧ.......

-ਅਮਰਜੀਤ ਕੌਂਕੇ, (ਪੁਸਤਕ ਸਿਮਰਤੀਆਂ ਦੀ ਲਾਲਟੇਨ ਵਿਚੋਂ)

.ਗ਼ਜ਼ਲ

ਨਿਭਾਵਾਂ ਕਿਸ ਤਰ੍ਹਾਂ ਦੱਸੀਂ, ਬਣੇ ਜੋ ਆਰਜ਼ੀ ਰਿਸ਼ਤੇ।
ਕਦੇ ਬਿੱਛੂ, ਕਦੇ ਲੂੰਬੜ ਬੜੇ ਹੀ ਨਾਟਕੀ ਰਿਸ਼ਤੇ।
ਕਦੇ ਦਿਲ ਖੋਲ੍ਹ ਕੇ ਵੇਖੀਂ, ਉਡਾਵਣਗੇ ਤੇਰੀ ਖਿੱਲੀ,
ਕਿਤੇ ਊਣੇ ਕਿਤੇ ਬੌਣੇ, ਕਿਤੇ ਇਹ ਕਾਗਜ਼ੀ ਰਿਸ਼ਤੇ।
ਕਦੇ ਧਰਤੀ ਕਦੇ ਅੰਬਰ, ਹਰਿਕ ਰਿਸ਼ਤਾ ਨਿਭਾਇਆ ਮੈਂ,
ਜਦੋਂ ਬਣ ਮੇਘਲਾ ਬਰਸੀ, ਰਹੇ ਸੁੱਕੀ ਨਦੀ ਰਿਸ਼ਤੇ।
ਖੁਦਾ ਦੇ ਨਾਮ ਉੱਤੇ ਵੀ , ਸਿਆਸਤ ਕਰ ਹੀ ਜਾਂਦੇ ਨੇ,
ਜਦੋਂ ਦੇ ਹੋਂਦ ਵਿਚ ਆਏ, ਇਹ ਸਾਰੇ ਮਤਲਬੀ ਰਿਸ਼ਤੇ।
ਮੇਰੇ ਖਾਬਾਂ ਦੀ ਤਿਤਲੀ ਨੂੰ, ਕਦੇ ਵੀ ਜ਼ਹਿਰ ਚੜ੍ਹਦਾ ਨਾ
ਚਮਨ ਵਿਚ ਬੈਠ ਜਾਂਦੇ ਜੇ ਇਹ ਬਣਕੇ ਮਾਂਦਰੀ ਰਿਸ਼ਤੇ।
ਤੁਸੀਂ ਗੀਲਾਂ ਤੇ ਗੀਤਾਂ ਵਿੱਚ ਪਏ ਲੱਭਦੇ, ਪਤੈ ਮੈਨੂੰ,
ਗੁਆ ਚੁੱਕੇ ਮੁਹੱਬਤ, ਸੁੱਖ ਸਲੀਕਾ, ਸਾਦਗੀ ਰਿਸ਼ਤੇ।
ਮੇਰਾ ਹੀ ਦੋਸ਼ ਹੋਵੇਗਾ ਕਿ ਮਨ ਦੇ ਮੇਚ ਆਏ ਨਾ,
ਕਦੇ ਝੱਖੜ ਕਦੇ ਨ੍ਹੇਰੀ ਕਦੇ ਸਨ ਖਲਬਲੀ ਰਿਸ਼ਤੇ।
ਮੇਰੇ ਹੱਥੋਂ ਕਿਰੇ ਤਾਂ ਰੇਤ ਵਰਗੇ ਸੀ ਯਕੀਨਨ ਹੀ,
ਜਿਨ੍ਹਾਂ ਨੂੰ ਸਮਝਿਆ ਸੀ ਮੈਂ, ਕਦੇ ਬਾਹੂਬਲੀ ਰਿਸ਼ਤੇ। -ਕੁਲਜੀਤ ਕੌਰ ਮੰਡ

ਕਵਿਤਾ



ਬਹਾਦਰ ਸਿੰਘ ਗੋਸਲ
ਮਕਾਨ ਨੰ: 3098 ਸੈਕਟਰ-37ਡੀ, ਚੰਡੀਗੜ੍ਹ।

ਟੌਫੀਆਂ ਵਿਕਣੇ ਆਈਆਂ
ਟੌਫੀਆਂ ਵਿਕਣੇ ਆਈਆਂ
ਲੈ ਲਓ, ਭਾਈ ਟੌਫੀਆਂ ਵੇਚਣ ਆਇਆ
ਇਨ੍ਹਾਂ ਟੌਫੀਆਂ ਦੇ ਰੰਗ ਨਿਆਰੇ
ਕਰ ਦੇਂਦੇ ਨੇ ਵਾਰੇ-ਨਿਆਰੇ
ਖ਼ੁਸ਼ ਹੋ ਜਾਂਦੇ ਲੋਕੀ ਸਾਰੇ
ਟੌਫੀਆਂ ਵੇਚਣ ਆਇਆ...
ਇਹ ਟੌਫੀ ਏ ਸਿਆਸਤ ਵਾਲੀ
ਜੇਬ ਕਦੇ, ਰਹੇ ਨਾ ਖਾਲੀ
ਜਿਸ ਘਰ ਵਿਚ ਆ ਜਾਂਦੀ ਏ
ਘਰ ਦੇ ਨਿਆਣੇ ਵੀ ਬਨਣ ਸਿਆਣੇ
ਘੁੰਮਣ ਵੱਡੀਆਂ ਗੱਡੀਆਂ ਵਿਚਕਾਰੇ
ਟੌਫੀਆਂ ਵੇਚਣ ਆਇਆ...
ਇੱਕ ਟੌਫੀ ਤੁਹਾਨੂੰ ਟਿਕਟ ਦਿਵਾਉਦੂ
ਐਮ.ਐਲ.ਏ. ਤਾਂ ਪੱਕਾ ਬਣਾਉਦੂ
ਲੋਕਾਂ ਲਈ ਆਟਾ ਦਾਲ ਮੁਫ਼ਤ ਵਿਚ
ਫੋਨਾਂ ਉੱਤੇ ਟੂੰ-ਟੂੰ ਕਰਾਦੂ
ਸਿਹਤ ਕੇਂਦਰਾਂ ਤੇ ਦੁੱਖ ਟੁੱਟਣਗੇ ਸਾਰੇ
ਟੌਫੀਆਂ ਵੇਚਣ ਆਇਆ...
ਜੇ ਕਿਸੇ ਨੇ "ਨੀਟ"ਏ ਕਰਨਾ
ਇਸ ਟੌਫੀ ਨੂੰ ਖਾਹ ਕੇ ਪੜ੍ਹਨਾ
ਪੇਪਰ ਭਾਵੇਂ ਕਈ ਵਾਰ ਹੋਵਣ
ਥੋੜ੍ਹਾ ਜਿਹਾ ਕੱਟ ਵੀ ਜਰਨਾ
ਬਣੋ ਡਾਕਟਰ, ਆਉਣ ਨਜ਼ਾਰੇ
ਟੌਫੀਆਂ ਵੇਚਣ ਆਇਆ...
ਇਹ ਟੌਫੀ, ਪਾੜ੍ਹਿਆ ਨੂੰ ਪੜ੍ਹਨੇ ਪਾਉਂਦੀ
ਨਾਲ ਪੜ੍ਹਾਈ ਸਿਆਸਤ ਸਿਖਾਉਂਦੀ
"ਗੋਸਲ"ਵਾਂਗ ਜੇ ਸਾਹਿਤਕਾਰ ਏ ਬਨਣਾ
ਇਹ ਟੌਫੀ ਅਵਾਰਡ ਦਿਵਾਉਂਦੀ
ਸਤਿਕਾਰ ਵਾਧੂ, ਸਰਕਾਰੇ-ਦਰਬਾਰੇ
ਟੌਫੀਆਂ ਵੇਚਣ ਆਇਆ...
ਲੈ-ਲਓ, ਭਾਈ ਟੌਫੀਆਂ ਵੇਚਣ ਆਇਆ
ਟੌਫੀਆਂ ਵੇਚਣ ਆਇਆ...

ਮੁਲਾਜ਼ਮਾਂ ਅਤੇ ਪੈਨਸ਼ਨਰਾਂ, ਠੇਕਾ ਅਤੇ ਸਕੀਮ ਵਰਕਰਾਂ ਵੱਲੋਂ ਮੋਦੀ ਸਰਕਾਰ ਦੇ ਹੱਥਠੋਕਾ ਕੇਂਦਰੀ ਚੋਣ ਕਮਿਸਨ ਤੋਂ ਕੀਤੀ ਅਸਤੀਫੇ ਦੀ ਮੰਗ

- ਪੰਜਾਬ ਸਰਕਾਰ ਵੱਲੋਂ ਮੁਲਾਜਮ ਤੇ ਪੈਨਸਨਰਾਂ,ਠੇਕਾ ਅਤੇ ਸਕੀਮ ਵਰਕਰਾਂ ਦੀਆਂ ਮੰਗਾਂ ਮੰਨਣ ਤੋਂ ਕੀਤੀ ਕੋਰੀ ਨਾਂਹ ਆਗੂਆਂ ਵੱਲੋਂ ਆਰ-ਪਾਰ ਦੇ ਸੰਘਰਸ਼ ਵਿੱਚ ਕੁੱਦਣ ਦਾ ਐਲਾਨ : ਦਰਸ਼ਨ ਲੁਬਾਣਾ, ਰਣਜੀਤ ਰਾਣਵਾਂ

ਪਟਿਆਲਾ 28 ਅਕਤੂਬਰ
(ਪੈ.ਗਾਮ-ਏ-ਜਗਤ)

ਇੱਥੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕੰਨਫੈਡਰੇਸ਼ਨ ਦੇ ਦੇਸ ਵਿਆਪੀ ਸੱਦੇ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਦੀ ਜਿਲਾ ਇਕਾਈ ਵੱਲੋਂ ਕੀਤੀ ਰੋਸ ਰੈਲੀ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਐਸ ਆਈ ਆਰ (ਸਪੈਸ਼ਲ ਇਨਟੈਨਸਿਵ ਰੀਵੀਜ਼ਨ) ਦੇ ਬਹਾਨੇ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਵੱਖ ਸੂਬਿਆਂ ਚੋਂ ਕਰੋੜਾਂ ਵੋਟਰਾਂ ਦੇ ਨਾਮ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤੇ ਗਏ ਹਨ, ਵੱਖ ਵੱਖ ਰਿਪੋਰਟਾਂ ਅਨੁਸਾਰ ਅੰਦਾਜ਼ਨ 13.37 ਕਰੋੜ ਵੋਟਰਾਂ ਦੇ ਨਾਮ ਵੋਟਰ ਸੂਚੀਆਂ ਵਿੱਚੋਂ ਹਟਾਏ ਗਏ ਹਨ ਅਤੇ ਕਰੋੜਾਂ ਵੋਟਰਾਂ ਦੇ ਵੋਟ ਹੱਕ ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ, ਪੱਛਮੀਂ ਬੰਗਾਲ, ਬਿਹਾਰ, ਕਰਨਾਟਕਾ, ਦਿੱਲੀ, ਗੁਜਰਾਤ ਤੇ ਉੱਤਰ ਪ੍ਰਦੇਸ ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲੇ ਸੂਬੇ ਮੰਨੇ ਜਾ ਰਹੇ ਹਨ ਪੰਜਾਬ ਵਿੱਚ ਵੀ ਇਹ ਪ੍ਰਕਿਰਿਆ ਤੇਜੀ ਨਾਲ ਚੱਲ ਰਹੀ ਹੈ, ਇਹਨਾਂ ਵਿੱਚੋਂ ਕਈ ਸੂਬਿਆਂ ਵਿੱਚ ਵੋਟਾਂ ਦੀ ਸੁਧਾਈ ਮੁਹਿਮ ਅਤੇ ਵੋਟਾਂ ਕੱਟਣ ਉਪਰੰਤ ਹੀ ਚੋਣਾਂ ਕਰਵਾਈਆਂ ਗਈਆਂ ਹਨ ਕਰੋੜਾਂ ਵੋਟਰ ਵੋਟ ਪਾਉਣ ਤੋਂ ਵਾਂਝੇ ਰਹਿ ਗਏ ਹਨ ,ਕੇਂਦਰੀ ਚੋਣ ਕਮਿਸ਼ਨ ਗਿਆਨੇਸ



ਕੁਮਾਰ ਮੋਦੀ ਸਰਕਾਰ ਦਾ ਹੱਥਠੋਕਾ ਬਣਕੇ ਜਮਹੂਰੀਅਤ ਅਤੇ ਸੰਵਿਧਾਨ ਦਾ ਕਤਲ ਅਤੇ ਵੋਟ ਦੇ ਹੱਕ ਤੇ ਡਾਕਾ ਮਾਰ ਰਿਹਾ ਹੈ,ਇਸ ਲਈ ਕੇਂਦਰੀ ਚੋਣ ਕਮਿਸ਼ਨ ਤੁਰੰਤ ਅਸਤੀਫਾ ਦੇਣ ਦੀ ਮੰਗ ਅੱਜ ਦੀ ਰੈਲੀ ਦੌਰਾਨ ਕੀਤੀ ਗਈ, ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਦੇਸ ਭਰ ਵਿੱਚ ਮੁਲਾਜਮਾਂ ਤੇ ਓਲਡ ਪੈਨਸ਼ਨ ਸਕੀਮ ਲਾਗੂ ਨਾ ਕਰਕੇ ਯੂ ਪੀ ਐਸ ਸਕੀਮ ਲਾਗੂ ਕਰਨ ਲਈ ਰਾਜ ਸਰਕਾਰਾਂ ਦੇ ਦਬਾਓ ਪਾ ਰਹੀ ਹੈ ,ਲੱਖਾਂ ਖਾਲੀ ਰੈਗੂਲਰ ਅਸਾਮੀਆਂ ਤੇ ਰੈਗੂਲਰ ਭਰਤੀ ਕਰਨ ਦੀ ਵਿਜਾਏ ਠੇਕਾ ਪ੍ਰਣਾਲੀ ਨੂੰ ਵਧਾਵਾ ਦਿੱਤਾ ਜਾ ਰਿਹਾ ਹੈ,ਸਕੀਮ ਵਰਕਰਾਂ ਅਤੇ ਕੱਚੇ ਕਾਮਿਆਂ ਦਾ ਆਰਥਿਕ ਸੋਸਣ ਜੰਗੀ ਪੱਧਰ ਤੇ ਜਾਰੀ ਹੈ, ਇਸੇ ਦੀ ਤਰਜ਼ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਪੰਜਾਬ ਦੇ ਮੁਲਾਜਮਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆਂ ਕਰ ਰਹੀ ਹੈ ਜਿਸ ਕਾਰਨ ਪੰਜਾਬ ਦੇ 7 ਲੱਖ ਮੁਲਾਜਮ ਤੇ ਪੈਨਸ਼ਨ ਪੰਜਾਬ ਮੁਲਾਜਮ ਤੇ ਪੈਨਸਨਰ ਦੇ ਫਰੰਟ ਅਤੇ ਮੁਲਾਜਮ ਮੰਚ ਵੱਲੋਂ ਸਾਂਝੀ ਤਾਲਮੇਲ ਕਮੇਟੀ ਦੇ ਬੈਨਰ ਹੇਠ 24 ਅਕਤੂਬਰ ਨੂੰ ਲੁਧਿਆਣਾ ਵਿਖੇ ਮੀਟਿੰਗ ਕਰਕੇ ਭਗਵੰਤ ਮਾਨ ਸਰਕਾਰ ਨੂੰ ਸਕੱਤਰੇਤ ਤੋਂ ਸਤੋਜ ਪਿੰਡ ਪਹੁਚਾਉਣ ਦੇ ਨਾਹਰੇ ਨਾਲ ਆਰ-ਪਾਰ ਦੇ ਤਿੱਖੇ ਸੰਘਰਸਾਂ ਦਾ ਐਲਾਨ ਕੀਤਾ ਗਿਆ ਹੈ ਜਿਸ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ (1680) ਨਾਲ ਸਬੰਧਿਤ ਅਤੇ ਸਹਿਯੋਗੀ ਜਥੇਬੰਦੀਆਂ ਪੂਰੀ ਤਰਾਂ ਲਾਗੂ ਕਰਨਗੀਆਂ। ਇੱਥੇ ਜਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਕੀਤੀ ਰੈਲੀ ਵਿੱਚ ਦਰਸ਼ਨ ਸਿੰਘ ਲੁਬਾਣਾ ਨੇ ਸਮੁੱਚੇ ਕੱਚੇ ਮੁਲਾਜਮਾਂ, ਆਊਟ ਸੋਰਸ, ਪਾਰਟ ਟਾਇਮ, ਆਸ਼ਾ ਵਰਕਰਾਂ ਤੇ ਆਂਗਨਵਾੜੀ, ਮਿਡ-ਡੇ-ਮੀਲ ਸਮੇਤ ਸਫਾਈ ਸੇਵਕਾਂ, ਸਿਵਰਮੈਨਾਂ ਆਦਿ ਵਰਗ ਦੇ ਕਰਮੀਆਂ ਨੂੰ ਬਗੈਰ ਦੇਰੀ ਤੋਂ ਪੱਕਾ ਕਰਨ ਤੇ ਵਿਭਾਗਾਂ ਵਿੱਚ ਖਪਾਉਣ ਦੀ ਮੰਗ ਕੀਤੀ, ਇਹ ਵੀ ਕਿਹਾ ਕਿ ਚੌਥਾ ਦਰਜਾ ਮੁਲਾਜਮਾਂ ਨੂੰ ਦਿਵਾਲੀ ਤੋਂ ਪਹਿਲਾਂ 8.33 ਬੋਨਸ ਦਿੱਤਾ ਜਾਵੇ ਨਹੀਂ ਤਾਂ ਚੌਥਾ ਦਰਜਾ ਮੁਲਾਜਮ ਕਾਲੀ ਦਿਵਾਲੀ ਮਨਾਉਣ ਵੱਲ ਵੱਧਣਗੇ ਤੇ ਸਮੁੱਚੀਆਂ ਮੰਗਾਂ ਦਾ ਨਿਪਟਰਾ ਸਮੇਤ ਮਹਿੰਗਾਈ ਭੱਤਾ ਤੇ ਬਕਾਇਆ ਦਾ ਨਿਪਟਾਰਾ ਦਿਵਾਲੀ ਤੋਂ ਪਹਿਲਾਂ ਕੀਤਾ ਜਾਵੇ ਆਦਿ। ਰੈਲੀ ਵਿੱਚ ਵੱਖ-ਵੱਖ ਆਗੂ ਜੋ ਹਾਜਰ ਸਨ ਉਨ੍ਹਾਂ ਵਿੱਚ ਪ੍ਰਮੁੱਖ ਦਰਸ਼ਨ ਸਿੰਘ ਲੁਬਾਣਾ, ਨਾਰੰਗ ਸਿੰਘ, ਬਲਬੀਰ ਸਿੰਘ, ਸ਼ਿਵ ਚਰਨ, ਰਾਮ ਪ੍ਰਸਾਦ ਸਹੋਤਾ, ਰਾਜੇਸ਼ ਗੋਲੂ, ਸਤਿਆ ਨਰਾਇਣ ਗੋਨੀ, ਬੁੱਧ ਰਾਮ, ਇੰਦਰ ਪਾਲ ਵਾਲੀਆ, ਬਲਜੀਤ ਬੱਲੀ, ਬਲਬੀਰ ਸਿੰਘ, ਰਾਜੇਸ਼ ਕੁਮਾਰ, ਧਰਮਿੰਦਰ ਕੁਮਾਰ, ਸਤਨਾਮ ਸਿੰਘ, ਮੋਦ ਨਾਥ ਸ਼ਰਮਾ, ਹਰਬੰਸ ਵਰਮਾ, ਸੁਭਾਸ਼, ਨਿਸ਼ਾ ਰਾਣੀ, ਬਲਵਿੰਦਰ ਸਿੰਘ ਸਾਮਲੀ, ਜਸਪਾਲ ਸਿੰਘ, ਗੋਤਮ ਭਾਰਦਵਾਜ, ਅਮਰ ਨਾਥ, ਤਰਲੋਚਨ ਮੰਡੋਲੀ, ਆਦਿ ਹਾਜਰ ਸਨ।

ਪੀੜ੍ਹੀਆਂ ਤੋਂ ਵੱਸਦੇ ਘਰਾਂ ਨੂੰ ਮਿਲੀ ਮਾਲਕੀ ਦੀ ਦਸਤਾਵੇਜ਼ੀ ਪਛਾਣ

- ਤਪਿੰਦਰ ਸਿੰਘ ਸੋਹੀ ਨੇ ਸੱਤ ਪਿੰਡਾਂ ਦੇ ਵਸਨੀਕਾਂ ਨੂੰ ਵੰਡੇ 1,227 ਪ੍ਰਾਪਰਟੀ ਕਾਰਡ
- ਕਿਹਾ, ਲੋਕਾਂ ਦੇ ਹੱਕਾਂ ਨੂੰ ਮਜ਼ਬੂਤ ਕਰਨਾ ਅਤੇ ਸਰਕਾਰੀ ਸੇਵਾਵਾਂ ਉਨ੍ਹਾਂ ਤੱਕ ਪਹੁੰਚਾਉਣਾ ਪੰਜਾਬ ਸਰਕਾਰ ਦੀ ਤਰਜੀਹ

ਦਿੜ੍ਹਬਾ, 28 ਅਕਤੂਬਰ
(ਪੈ.ਗਾਮ-ਏ-ਜਗਤ)

ਪੀੜ੍ਹੀਆਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕਾਂ ਦਾ ਦਸਤਾਵੇਜ਼ੀ ਆਧਾਰ ਮੁਹੱਈਆ ਕਰਵਾਉਣ ਲਈ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਹਲਕਾ ਦਿੜ੍ਹਬਾ ਦੇ ਸੱਤ ਪਿੰਡਾਂ ਵਿੱਚ 1,227 ਪ੍ਰਾਪਰਟੀ ਕਾਰਡ ਵੰਡੇ ਗਏ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ ਨੇ ਵਸਨੀਕਾਂ ਨੂੰ ਇਹ ਕਾਰਡ ਸੌਂਪਦਿਆਂ ਕਿਹਾ ਕਿ ਘਰ ਦੀ ਮਾਲਕੀ ਦੀ ਸਪੱਸ਼ਟ ਪਛਾਣ ਹਰ ਪਰਿਵਾਰ ਦੇ ਭਰੋਸੇ ਅਤੇ ਸਵੈਮਾਣ ਨਾਲ ਜੁੜੀ ਹੋਈ ਹੈ।

ਪ੍ਰਾਪਰਟੀ ਕਾਰਡਾਂ ਦੀ ਵੰਡ ਦੌਰਾਨ ਪਿੰਡ ਉਗਰਾਹਾਂ ਦੇ 235, ਜਖੇਪਲ ਦੇ 161, ਤਰੰਜੀਖੇੜਾ ਦੇ 131, ਛਾਜਲਾ ਦੇ 164, ਕੋਹਰੀਆਂ ਦੇ 300, ਮੌਜੋਵਾਲ ਦੇ 108 ਅਤੇ ਮੈਦੇਵਾਸ ਦੇ 128 ਲਾਭਪਾਤਰੀਆਂ ਨੂੰ ਲਾਲ ਲਕੀਰ ਅੰਦਰ ਸਥਿਤ ਉਨ੍ਹਾਂ ਦੀਆਂ



ਰਿਹਾਇਸ਼ੀ ਜਾਇਦਾਦਾਂ ਸਬੰਧੀ ਦਸਤਾਵੇਜ਼ ਦਿੱਤੇ ਗਏ।

ਤਪਿੰਦਰ ਸਿੰਘ ਸੋਹੀ ਨੇ ਕਿਹਾ ਕਿ ਘਰ ਨਾਲ ਮਨੁੱਖ ਦੀ ਉਮਰ ਭਰ ਦੀ ਮਿਹਨਤ ਅਤੇ ਪਰਿਵਾਰ ਦੀਆਂ ਅਨੇਕਾਂ ਯਾਦਾਂ ਜੁੜੀਆਂ ਹੁੰਦੀਆਂ ਹਨ। ਅਜਿਹੇ ਘਰ ਦੀ ਮਾਲਕੀ ਦਾ ਦਸਤਾਵੇਜ਼ ਮਿਲਣਾ ਪਰਿਵਾਰ ਲਈ ਅਹਿਮ ਪ੍ਰਾਪਤੀ ਹੈ।

ਉਨ੍ਹਾਂ ਦੱਸਿਆ ਕਿ 'ਮੇਰਾ ਘਰ ਮੇਰੇ ਨਾਮ' ਸਕੀਮ ਦਾ ਮਕਸਦ ਲਾਲ ਲਕੀਰ ਅੰਦਰ ਰਹਿੰਦੇ ਲੋਕਾਂ ਨੂੰ ਉਨ੍ਹਾਂ ਦੀਆਂ ਰਿਹਾਇਸ਼ੀ ਜਾਇਦਾਦਾਂ ਦੇ ਮਾਲਕਾਨਾ ਹੱਕਾਂ ਸਬੰਧੀ ਸਪੱਸ਼ਟ ਰਿਕਾਰਡ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀਆਂ ਜ਼ਮੀਨੀ ਲੋੜਾਂ ਅਨੁਸਾਰ ਕੰਮ ਕਰ ਰਹੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਹਲਕਾ ਦਿੜ੍ਹਬਾ ਦੇ ਪਿੰਡਾਂ ਤੱਕ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਉਪਰਾਲੇ ਜਾਰੀ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਹੱਕਾਂ ਨੂੰ ਮਜ਼ਬੂਤ ਕਰਨਾ ਅਤੇ ਲੋੜੀਂਦੀਆਂ ਸੇਵਾਵਾਂ ਉਨ੍ਹਾਂ ਤੱਕ ਸੁਖਾਲੇ ਢੰਗ ਨਾਲ ਪਹੁੰਚਾਉਣਾ ਸਰਕਾਰ ਦੀ ਤਰਜੀਹ ਹੈ। ਸੋਹੀ ਨੇ ਵਸਨੀਕਾਂ ਨੂੰ ਆਪਣੇ ਪ੍ਰਾਪਰਟੀ ਕਾਰਡਾਂ ਵਿੱਚ ਦਰਜ ਵੇਰਵੇ ਧਿਆਨ ਨਾਲ ਵੇਖਣ ਅਤੇ ਦਸਤਾਵੇਜ਼ ਸੰਭਾਲ ਕੇ ਰੱਖਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਕਿਸੇ ਵੇਰਵੇ ਸਬੰਧੀ ਸਪੱਸ਼ਟੀਕਰਨ ਦੀ ਲੋੜ ਹੋਵੇ ਤਾਂ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਅਤੇ ਪਿੰਡਾਂ ਦੇ ਵਸਨੀਕ ਹਾਜ਼ਰ ਸਨ।

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਜੂਟ ਤੇ ਕੱਪੜੇ ਦੇ ਥੈਲੇ ਵਰਤਣ ਦਾ ਸੱਦਾ, ਦੀਵਾਲੀ ਮੌਕੇ ਵੰਡੇ ਜੂਟ ਦੇ ਥੈਲੇ

ਪਟਿਆਲਾ (ਪੈ.ਗਾਮ-ਏ-ਜਗਤ)

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ (ਰਜਿ.) ਪਿਛਲੇ ਲਗਭਗ 25 ਸਾਲਾਂ ਤੋਂ ਵੱਖ-ਵੱਖ ਸਮਾਜ ਸੇਵੀ ਗਤੀਵਿਧੀਆਂ ਰਾਹੀਂ ਲੋਕ ਭਲਾਈ ਲਈ ਕੰਮ ਕਰ ਰਹੀ ਹੈ। ਸੋਸਾਇਟੀ ਵੱਲੋਂ ਮੈਡੀਕਲ ਕੈਂਪ, ਖ਼ੂਨਦਾਨ ਕੈਂਪ ਅਤੇ ਮੁਫ਼ਤ ਅੱਖਾਂ ਦੀ ਜਾਂਚ ਦੇ ਕੈਂਪ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ, ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕਰਨ ਅਤੇ ਸਰਦੀਆਂ ਦੌਰਾਨ ਬੱਚਿਆਂ ਨੂੰ ਗਰਮ ਸਵੈਟਰ ਵੰਡਣ ਦੇ ਕਾਰਜ ਵੀ ਕੀਤੇ ਜਾਂਦੇ ਹਨ। ਸਮਾਜ ਸੇਵਾ ਦੇ ਇਨ੍ਹਾਂ ਕਾਰਜਾਂ ਦੇ ਨਾਲ-ਨਾਲ ਸੋਸਾਇਟੀ



ਵੱਲੋਂ ਲੋਕਾਂ ਨੂੰ ਪਲਾਸਟਿਕ ਦੇ ਲਿਫ਼ਾਫ਼ਿਆਂ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਥਾਂ ਜੂਟ ਜਾਂ ਕੱਪੜੇ ਦੇ ਥੈਲੇ ਵਰਤਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਜੂਟ ਦੇ ਥੈਲੇ ਵੰਡਣ ਮੌਕੇ ਪਟਿਆਲਾ ਦੀ ਸਿਵਲ ਸਰਜਨ ਡਾ. ਸ਼ੈਲੀ ਜੇਤਲੀ ਨੇ ਸੋਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਲੋਕ ਹਿੱਤ ਵਿੱਚ ਚੰਗਾ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਪਲਾਸਟਿਕ ਦੇ ਲਿਫ਼ਾਫ਼?ਆਂ ਵਿੱਚ ਖ਼ਾਸ ਕਰਕੇ ਖਾਣ-ਪੀਣ ਦੀਆਂ ਵਸਤਾਂ ਰੱਖਣ ਨਾਲ ਉਨ੍ਹਾਂ ਵਿੱਚ ਉੱਲੀ ਲੱਗਣ ਦਾ ਖ਼ਤਰਾ ਰਹਿੰਦਾ ਹੈ, ਜੋ ਸਿਹਤ ਲਈ ਨੁਕਸਾਨਦੇਹ ਹੋ ਸਕਦੀ ਹੈ।

ਦੀਵਾਲੀ ਦੇ ਤਿਉਹਾਰ ਮੌਕੇ ਸੋਸਾਇਟੀ ਵੱਲੋਂ ਲੋਕਾਂ ਨੂੰ ਵਧਾਈ ਦਿੰਦਿਆਂ ਅਪੀਲ ਕੀਤੀ ਗਈ ਕਿ ਉਹ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਬੰਦ ਕਰਨ ਅਤੇ ਰੋਜ਼ਾਨਾ ਜੀਵਨ ਵਿੱਚ ਸਮਾਨ ਲਿਆਉਣ-ਲਿਜਾਣ ਲਈ ਜੂਟ ਜਾਂ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਨ ਦਾ ਪ੍ਰਣ ਲੈਣ। ਇਸ ਮੌਕੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਗੋਇਲ ਅਤੇ ਐਡਵੋਕੇਟ ਮੇਘਾ ਠਾਕੁਰ (ਏ.ਡੀ.ਏ.) ਵੀ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮਾਨਸਾ ਵਿਚ ਪੁਲਿਸ ਵੱਲੋਂ ਕੀਤੀ ਧੱਕੇਸ਼ਾਹੀ ਦੀ ਕੀਤੀ ਨਿਖੇਧੀ

- ਸਰਕਾਰ ਨਸ਼ਿਆਂ ਦੇ ਮੁੱਦੇ 'ਤੇ ਲੋਕਾਂ ਦੀ ਆਵਾਜ਼ ਦਬਾਉਣ ਦੀ ਬਜਾਏ ਨਸ਼ਿਆਂ ਦੇ ਖਾਤਮੇ ਵੱਲ ਧਿਆਨ ਦੇਵੇ- ਐਡਵੋਕੇਟ ਧਾਮੀ

ਪੈ.ਗਾਮ-ਏ-ਜਗਤ/ਅੰਮ੍ਰਿਤਸਰ
28 ਅਕਤੂਬਰ-(ਹਰਮਿੰਦਰ ਸਿੰਘ ਨਾਗਪਾਲ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਨਸਾ ਵਿਖੇ ਨਸਿਆਂ ਖ਼?ਲਾਫ਼ ਰੋਸ਼ ਪ੍ਰਦਰਸਨ ਕਰ ਰਹੇ ਲੋਕਾਂ 'ਤੇ ਪੁਲਿਸ ਵੱਲੋਂ ਕੀਤੇ ਤਸ਼ੱਦਦ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਪਿੰਡ ਭੰਮੇ ਕਲਾਂ ਦੇ ਇੱਕ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਨੂੰ ਪੁਲਿਸ ਵੱਲੋਂ ਪਰਿਵਾਰ ਅਤੇ ਪਿੰਡ ਵਾਸੀਆਂ ਤੋਂ ਜਬਰੀ ਲਿਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਮਾਨਸਾ ਧਰਨੇ ਵਿੱਚ ਪੁਲਿਸ ਵੱਲੋਂ ਧੱਕਾ ਕਰਦਿਆਂ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਅਤੇ ਇਸ ਸਮੇਂ ਸਿੱਖਾਂ ਦੀਆਂ ਦਸਤਾਰਾਂ ਦੀ ਬੇਅਬਦੀ ਕਰਨ ਦਾ ਵੀ ਸਖ਼ਤ ਨੋਟਿਸ ਲਿਆ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਦੀ ਇਹ ਮਾਨਸਿਕਤਾ ਉਸ ਦੀ ਪੰਜਾਬ ਅਤੇ ਸਿੱਖ ਵਿਰੋਧੀ ਸੋਚ ਦਾ ਪ੍ਰਗਟਾਅ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਜਾ ਰਹੀਆਂ ਜਾਨਾਂ ਪੰਜਾਬ ਲਈ ਬੇਹੱਦ ਚਿੰਤਾਜਨਕ ਹਨ ਅਤੇ ਅਜਿਹੇ ਦੁਖਦਾਈ ਸਮੇਂ ਵਿੱਚ ਪੀੜਤ ਪਰਿਵਾਰ ਨਾਲ ਹਮਦਰਦੀ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਆਉਣ ਦੀ ਬਜਾਏ ਸਰਕਾਰ ਤਾਨਾਸ਼ਾਹੀ ਕਰ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੁਲਿਸ ਵੱਲੋਂ ਕੀਤੀ ਗਈ ਇਸ ਹਰਕਤ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੋਂ ਇਹ ਸਾਹਮਣੇ ਆ ਸਕੇ ਕਿ ਇਹ ਕਾਰਵਾਈ ਕਿਸ ਦੇ ਹੁਕਮਾਂ 'ਤੇ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜੇਕਰ ਕੋਈ ਪਰਿਵਾਰ ਆਪਣੇ ਜੀਅ ਨੂੰ ਨਸ਼ਿਆਂ ਕਾਰਨ ਗੁਆ ਬੈਠਦਾ ਹੈ ਤਾਂ ਉਸ ਦੇ ਦੁੱਖ ਨੂੰ ਸਮਝਣ ਅਤੇ ਨਸ਼ਿਆਂ ਦੇ ਗੰਭੀਰ ਮੁੱਦੇ ਨੂੰ ਹੱਲ ਕਰਨ ਦੀ ਬਜਾਏ ਸਰਕਾਰ ਵੱਲੋਂ ਅਜਿਹੇ ਮਾਮਲਿਆਂ ਨੂੰ ਧੱਕੇ ਨਾਲ ਦਬਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਦੀ ਗੱਲ ਸੁਣਨਾ ਅਤੇ ਪੰਜਾਬ ਦੀ ਜਵਾਨੀ ਨੂੰ ਇਸ ਲਾਹਨਤ ਤੋਂ ਬਚਾਉਣਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਪਰ ਸਰਕਾਰ ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਪੁਲਿਸ ਤੰਤਰ ਦੀ ਦੁਰਵਰਤੋਂ ਕਰ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਦਾ ਇਹ ਤਾਨਾਸ਼ਾਹੀ ਰਵੱਈਆ ਠੀਕ ਨਹੀਂ ਹੈ ਅਤੇ ਪੰਜਾਬ ਦੇ ਲੋਕ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ।



ਪੰਜਾਬ ਯੂਨੀਵਰਸਿਟੀ ਦੇ ਸੈਨੇਟਰ ਡਾ. ਸੁਖਦੇਵ ਸਿੰਘ ਸਿਰਸਾ ਨੇ ਵੋਟਰਾਂ ਦਾ ਕੀਤਾ ਧੰਨਵਾਦ

ਬਰਨਾਲਾ, (ਪੈ.ਗਾਮ-ਏ-ਜਗਤ)

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਸ ਵਾਰ ਗਰੈਜੂਏਟ ਹਲਕੇ ਤੋਂ ਚੁਣੇ ਸੈਨੇਟਰ ਡਾ.ਸੁਖਦੇਵ ਸਿੰਘ ਸਿਰਸਾ ਨੇ ਬਰਨਾਲਾ ਪਹੁੰਚ ਕੇ ਸੈਨੇਟ ਦੇ ਵੋਟਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਸਥਾਨਕ ਗ਼ਜ਼ਲ ਹੋਟਲ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਹੁੰਦਿਆਂ ਉਹਨਾ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮਿਲੇ ਅਧਿਕਾਰਾਂ ਦੀ ਦਿਨ ਬ ਦਿਨ ਦਿੱਤੀ ਜਾ ਰਹੀ ਬਲੀ ਨੂੰ ਠੱਲ੍ਹਣ ਲਈ ਇਹ ਚੋਣ ਲੜਨੀ ਜ਼ਰੂਰੀ ਸੀ। ਤੁਹਾਡੇ ਵੱਲੋਂ ਮਿਲੇ ਸਤਿਕਾਰ ਨੇ ਮੇਰਾ ਹੌਸਲਾ ਵੀ ਵਧਾਇਆ ਹੈ ਤੇ ਮੈਨੂੰ ਬਲ ਵੀ ਬਖਸ਼ਿਆ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸਾਬਕਾ ਜਨਰਲ ਸਕੱਤਰ ਸੁਰਜੀਤ



ਜੱਜ ਨੇ ਕਿਹਾ ਅੱਜ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਹਰ ਪਾਸੇ ਤੋਂ ਮਿਲ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਲੋਕ ਪੱਖੀ ਵਿਚਾਰਾਂ 'ਤੇ ਪਹਿਰਾ ਦੇਣਾ ਸਮੇਂ ਦੀ ਮੁੱਖ ਮੰਗ ਹੈ। ਇਹ ਲੜਾਈ ਤਾਂ ਹੀ ਲੜੀ ਜਾ ਸਕਦੀ ਹੈ ਜੇ ਅਸੀਂ ਯੋਗ ਆਗੂਆਂ ਨੂੰ ਅੱਗੇ ਲੈ ਕੇ ਆਵਾਂਗੇ। ਇਸ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਦੇ ਅਹੁਦੇ ਲਈ ਚੋਣ ਲੜ ਰਹੇ ਸ਼ਾਇਰ ਹਰਮੀਤ ਵਿਦਿਆਰਥੀ ਨੇ ਕਿਹਾ ਕਿ ਕੇਂਦਰੀ ਸਭਾ ਨੂੰ ਫਿਰ ਸਰਗਰਮ ਕਰਨ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ।

ਸਮਾਗਮ ਦੇ ਆਰੰਭ ਵਿੱਚ ਜਿੱਥੇ ਡਾ.ਹਰਿਭਗਵਾਨ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਉੱਥੇ ਭੋਲਾ ਸਿੰਘ ਸੰਘੇੜਾ ਤੇ ਤਰਸੇਮ ਨੇ ਬਰਨਾਲਾ ਦੇ ਵੋਟਰਾਂ ਵੱਲੋ ਮਿਲੇ ਸਹਿਯੋਗ ਦਾ ਵਿਸਥਾਰ ਵਿੱਚ ਜ਼ਿਕਰ ਕੀਤਾ। ਇਸ ਮੌਕੇ ਓਮ ਪ੍ਰਕਾਸ਼ ਗਾਸੋ, ਡਾ.ਜੋਗਿੰਦਰ ਸਿੰਘ ਨਿਰਾਲਾ, ਚੰਦ ਸਿੰਘ ਚੋਪੜਾ, ਡਾ. ਜਸਬੀਰ ਸਿੰਘ ਔਲਖ, ਮਾਸਟਰ ਕਾਂਤੀ ਸਰੂਪ, ਰਾਮ ਕੁਮਾਰ ਭਦੌੜ, ਯਾਦਵਿੰਦਰ ਸਿੰਘ ਤਪਾ, ਬੂਟਾ ਸਿੰਘ ਚੌਹਾਨ, ਤੇਜਾ ਸਿੰਘ ਤਿਲਕ, ਮੇਜਰ ਸਿੰਘ ਗਿੱਲ, ਪਰਮਜੀਤ ਮਾਨ, ਡਾ. ਤਰਸਪਾਲ ਕੌਰ, ਰਾਮ ਸਰੂਪ ਸ਼ਰਮਾ, ਜਗਤਾਰ ਜਜ਼ੀਰਾ, ਪਰਗਟ ਸਿੰਘ ਟਿਵਾਣਾ, ਰਜੇਸ਼ ਭੁਟਾਨੀ, ਹਰਚਰਨ ਸਿੰਘ ਚਹਿਲ, ਹਰਦੀਪ ਕੁਮਾਰ, ਸੁਦਰਸ਼ਨ ਗੁੱਡੂ, ਇਕਬਾਲ ਕੌਰ ਉਦਾਸੀ, ਪਵਨ ਪਰਿੰਦਾ, ਦਰਸ਼ਨ ਸਿੰਘ ਗੁਰੂ, ਜਗਤਾਰ ਬੈਂਸ, ਰਜਿੰਦਰ ਸ਼ੌਕੀ ਅਤੇ ਸੁਰਜੀਤ ਸੰਧੂ ਆਦਿ ਨੇ ਵੀ ਸ਼ਮੂਲੀਅਤ ਕੀਤੀ।

ਬਲਾਕ ਸੰਮਤੀ ਮੈਂਬਰ ਰੰਗਾ ਸਿੰਘ ਭੁੱਲਰ ਨੇ ਪੀਰ ਖਾਂ ਸ਼ੇਖ ਵਿਖੇ ਵੰਡੇ ਘਰਾਂ ਦੇ ਮਾਲਕੀ ਦੇ ਸਰਟੀਫਿਕੇਟ

ਪੈ.ਗਾਮ-ਏ-ਜਗਤ/ਮਮਦੋਟ
28 ਅਕਤੂਬਰ (ਗੁਰਮੇਜ ਸਿੰਘ)

ਪੰਜਾਬ ਸਰਕਾਰ ਵੱਲੋਂ ਲਾਲ ਲਕੀਰ ਅੰਦਰ ਲੰਬੇ ਸਮੇਂ ਤੋਂ ਰਹਿ ਰਹੇ ਲੋਕਾਂ ਦੇ ਘਰਾਂ ਨੂੰ ਉਹਨਾਂ ਦੇ ਨਾਮ ਕਰਨ ਲਈ ਪੰਜਾਬ ਸਰਕਾਰ ਦੀ ਚਲਾਈ ਹੋਈ ਸਕੀਮ ਆਪਣਾ ਘਰ ਆਪਣੇ ਨਾਮ ਦੇ ਤਹਿਤ ਅੱਜ ਘਰਾਂ ਦੇ ਮਲਕੀਅਤ ਸਰਟੀਫਿਕੇਟ ਪਿੰਡ ਪੀਰ ਖਾ ਸ਼ੇਖ ਬਲਾਕ ਮਮਦੋਟ ਵਿਖੇ ਵੰਡਣ ਦੀ ਰਸਮ ਹਲਕਾ ਵਿਧਾਇਕ



ਐਡਵੋਕੇਟ ਰਜਨੀਸ਼ ਕੁਮਾਰ ਦਹੀਯਾ ਦੇ ਦਿਸ਼ਾ ਨਿਰਦੇਸ਼ਾਂ ਦੇ ਮੁਤਾਬਕ ਰੰਗਾ ਸਿੰਘ ਭੁੱਲਰ ਸਦਰਦੀਨ ਬਲਾਕ ਸੰਮਤੀ ਮੈਂਬਰ ਨੇ ਕੀਤੀ। ਇਸ ਮੌਕੇ ਤੇ ਉਹਨਾਂ ਨੇ ਬੋਲਦਿਆਂ ਹੋਇਆ ਕਿਹਾ ਕੀ ਪੰਜਾਬ ਸਰਕਾਰ ਦੀ ਇਸ ਸਕੀਮ ਨਾਲ ਜਾਇਦਾਦਾਂ ਦੇ ਲੜਾਈ ਝਗੜੇ ਖਤਮ ਹੋਣਗੇ ਅਤੇ ਨਾਲ ਹੀ ਨਾਲ ਘਰਾਂ ਦੀਆਂ ਰਜਿਸਟਰੀ ਹੋਣ ਦੇ ਨਾਲ ਲੋਕਾਂ ਨੂੰ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਤੋਂ ਕਰਜੇ ਦੀ ਸਹੂਲਤ ਲੈਣ ਲਈ ਸਹਾਇਤਾ ਮਿਲੇਗੀ । ਇਸ ਮੌਕੇ ਰਵਿੰਦਰ ਸਿੰਘ ਬਾਵਾ ਸਰਪੰਚ ਪੀਰ ਖਾਂ ਸੇਖ ਸੁਖਦੇਵ ਸਿੰਘ ਪਟਵਾਰੀ ਬਲਦੇਵ ਸਿੰਘ ਬਾਵਾ ਰਾਜੂ ਬਾਵਾ ਮੈਂਬਰ ਜਸਵੰਤ ਸਿੰਘ ਭਗਵਾਨ ਸਿੰਘ ਦਰਸ਼ਨ ਸਿੰਘ ਕਾਰਜ ਸਿੰਘ ਰਮਨਦੀਪ ਸਿੰਘ ਆਦਿ ਹਾਜਰ ਸਨ।

ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ ਦੀਆਂ ਤਿਆਰੀਆਂ ਤੇਜ਼, ਡੀ.ਸੀ. ਵੱਲੋਂ ਸਮੇਂ ਸਿਰ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼

- 22 ਤੋਂ 24 ਨਵੰਬਰ ਤੱਕ ਅੰਬ ਦੇ ਮੇਲਾ ਮੈਦਾਨ ਵਿੱਚ ਹੋਵੇਗਾ ਮਹੋਤਸਵ, 12 ਅਤੇ 13 ਨਵੰਬਰ ਨੂੰ ਕਲਾਕਾਰਾਂ ਦੇ ਆਡੀਸ਼ਨ

ਊਨਾ, 28 ਅਕਤੂਬਰ
(ਪੈ.ਗਾਮ-ਏ-ਜਗਤ)

ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ ਦੇ ਸਫਲ ਆਯੋਜਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਮਹੋਤਸਵ ਦੌਰਾਨ ਸ਼ਰਧਾਲੂਆਂ, ਸੈਲਾਨੀਆਂ ਅਤੇ ਸਥਾਨਕ ਲੋਕਾਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਯਕੀਨੀ ਬਣਾਏ ਜਾਣਗੇ। ਇਸੇ ਲੜੀ ਤਹਿਤ ਊਨਾ ਦੇ ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਬੁੱਧਵਾਰ ਨੂੰ ਬੀਡੀਓ ਦਫ਼ਤਰ, ਅੰਬ ਦੇ ਮੀਟਿੰਗ ਹਾਲ ਵਿੱਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਤਿਆਰੀਆਂ ਦੀ ਸਮੀਖਿਆ ਕੀਤੀ ਅਤੇ ਲੋੜੀਂਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ 22 ਤੋਂ 24 ਨਵੰਬਰ ਤੱਕ ਅੰਬ ਉਪਮੰਡਲ ਦੇ ਮੇਲਾ ਮੈਦਾਨ ਵਿੱਚ ਕਰਵਾਇਆ ਜਾਵੇਗਾ। ਮਹੋਤਸਵ ਦੀ ਸ਼ੁਰੂਆਤ 22 ਨਵੰਬਰ ਨੂੰ ਮਾਤਾ ਸ੍ਰੀ ਚਿੰਤਪੂਰਨੀ ਮੰਦਰ ਤੋਂ ਨਿਕਲਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਨਾਲ ਹੋਵੇਗੀ, ਜੋ ਐਸਡੀਐਮ ਦਫ਼ਤਰ, ਅੰਬ ਤੱਕ ਪਹੁੰਚੇਗੀ। ਮਹੋਤਸਵ ਦੇ ਉਦਘਾਟਨ ਲਈ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਅਤੇ ਸਮਾਪਤੀ ਸਮਾਰੋਹ ਲਈ ਉਪ ਮੁੱਖ ਮੰਤਰੀ ਮੁਕੇਸ਼



ਅਗਨੀਹੋਤਰੀ ਦੇ ਪਹੁੰਚਣ ਦੀ ਸੰਭਾਵਨਾ ਹੈ।

ਜਤਿਨ ਲਾਲ ਨੇ ਕਿਹਾ ਕਿ ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ ਆਸਥਾ, ਲੋਕ-ਸੱਭਿਆਚਾਰ ਅਤੇ ਸੈਰ-ਸਪਾਟੇ ਦਾ ਵਿਲੱਖਣ ਸੰਗਮ ਹੈ। ਪਿਛਲੇ ਸਾਲ 14 ਤੋਂ 16 ਨਵੰਬਰ ਤੱਕ ਅੰਬ ਮੈਦਾਨ ਵਿੱਚ ਕਰਵਾਏ ਗਏ ਮਹੋਤਸਵ ਵਿੱਚ ਸ਼ਰਧਾਲੂਆਂ ਅਤੇ ਸੈਲਾਨੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਸੀ। ਇਸ ਮਹੋਤਸਵ ਨੇ ਸੂਬੇ ਦੇ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ। ਇਸ ਸਾਲ ਵੀ ਸਮਾਗਮ ਨੂੰ ਆਕਰਸ਼ਕ ਅਤੇ ਯਾਦਗਾਰ ਬਣਾਉਣ ਲਈ ਸੱਭਿਆਚਾਰਕ ਸ਼ਾਮਾਂ, ਲੋਕ-ਕਲਾਵਾਂ ਦੀਆਂ ਪੇਸ਼ਕਾਰੀਆਂ, ਖੇਡ ਮੁਕਾਬਲੇ ਅਤੇ ਲੋਕਾਂ ਦੀ ਭਾਗੀਦਾਰੀ ਵਾਲੇ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਹੋਤਸਵ ਦੀਆਂ ਸੱਭਿਆਚਾਰਕ ਸ਼ਾਮਾਂ ਵਿੱਚ ਹਿੱਸਾ ਲੈਣ ਦੇ ਚਾਹਵਾਨ ਕਲਾਕਾਰਾਂ ਦੇ ਆਡੀਸ਼ਨ 12 ਅਤੇ 13 ਨਵੰਬਰ ਨੂੰ ਮਹਾਰਾਣਾ ਪ੍ਰਤਾਪ ਕਾਲਜ, ਅੰਬ ਵਿੱਚ ਕਰਵਾਏ ਜਾਣਗੇ। ਪ੍ਰਸਿੱਧ ਕਲਾਕਾਰਾਂ ਅਤੇ ਕੌਮੀ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਪ੍ਰਤੀਯੋਗੀਆਂ ਤੇ ਇਨਾਮ ਜੇਤੂਆਂ ਨੂੰ ਆਡੀਸ਼ਨ ਤੋਂ ਛੋਟ ਦਿੱਤੀ ਜਾਵੇਗੀ।

ਚਾਹਵਾਨ ਕਲਾਕਾਰ ਆਪਣੇ ਬਿਨੈ-ਪੱਤਰ ਐਸਡੀਐਮ ਦਫ਼ਤਰ, ਅੰਬ ਵਿੱਚ ਜਮ?ਹਾਂ ਕਰਵਾ ਸਕਦੇ ਹਨ। ਇਸ ਤੋਂ ਇਲਾਵਾ, ਅਰਜ਼ੀਆਂ matashrichintpurnimahotsav@gmail.com 'ਤੇ ਈ-ਮੇਲ ਰਾਹੀਂ ਵੀ ਭੇਜੀਆਂ ਜਾ ਸਕਦੀਆਂ ਹਨ।

ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਸਬੰਧਤ ਵਿਭਾਗਾਂ ਨੂੰ ਮਹੋਤਸਵ ਨਾਲ ਜੁੜੇ ਸਾਰੇ ਕੰਮ ਨਿਰਧਾਰਤ ਸਮੇਂ ਅੰਦਰ ਪੂਰੇ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਲੋੜੀਂਦੇ ਪ੍ਰਬੰਧ ਯਕੀਨੀ ਬਣਾਉਣ ਲਈ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਬਣਾਈਆਂ ਜਾਣਗੀਆਂ, ਤਾਂ ਜੋ ਆਪਸੀ ਤਾਲਮੇਲ ਨਾਲ ਸਾਰੇ ਪ੍ਰਬੰਧ ਸੁਚਾਰੂ ਢੰਗ ਨਾਲ ਪੂਰੇ ਕੀਤੇ ਜਾ ਸਕਣ। ਇਸ ਮਹੋਤਸਵ ਰਾਹੀਂ ਹਿਮਾਚਲ ਪ੍ਰਦੇਸ਼ ਦੇ ਅਮੀਰ ਲੋਕ-ਸੱਭਿਆਚਾਰ, ਪਰੰਪਰਾਵਾਂ ਅਤੇ ਸੱਭਿਆਚਾਰਕ ਵਿਰਾਸਤ ਨੂੰ ਵੱਡਾ ਮੰਚ ਮਿਲੇਗਾ ਅਤੇ ਧਾਰਮਿਕ ਤੇ ਸੱਭਿਆਚਾਰਕ ਸੈਰ-ਸਪਾਟੇ ਨੂੰ ਵੀ ਉਤਸ਼ਾਹ ਮਿਲੇਗਾ।

ਮੀਟਿੰਗ ਵਿੱਚ ਬੀਡੀਸੀ ਚੇਅਰਪਰਸਨ ਸ਼ਾਰਦਾ ਦੇਵੀ, ਐਸਡੀਐਮ ਅੰਬ ਪਾਰਸ ਅਗਰਵਾਲ, ਡੀਐਸਪੀ ਅਨਿਲ ਪਟਿਆਲ, ਬੀਡੀਓ ਅੰਬ ਓਮਪਾਲ ਡੋਗਰਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਬਲੌਂਗੀ ਵਿੱਚ ਵੱਡੀ ਗਿਣਤੀ ਆਪ ਸਮਰਥਕ ਹੋਏ ਭਾਜਪਾ ਵਿੱਚ ਸ਼ਾਮਲ

ਬਲੌਂਗੀ, 28 ਅਕਤੂਬਰ
(ਪੈ.ਗਾਮ-ਏ-ਜਗਤ)

ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਲੌਂਗੀ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਥਾਨਕ ਆਗੂ ਰੀਟਾ ਸ਼ਰਮਾ ਆਪਣੇ ਵੱਡੀ ਗਿਣਤੀ ਸਾਥੀਆਂ ਅਤੇ ਟੀਮ ਮੈਂਬਰਾਂ ਸਮੇਤ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਗਈ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਮੁਹਾਲੀ ਸੰਜੀਵ ਵਸ਼ਿਸ਼ਠ ਵਿਸ਼ੇਸ਼ ਤੌਰ ਤੇ ਮੌਜੂਦ ਰਹੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਰੀਟਾ ਸ਼ਰਮਾ ਅਤੇ



ਉਨ੍ਹਾਂ ਦੇ ਸਾਥੀਆਂ ਨੇ ਭਾਜਪਾ ਦੀ ਵਿਚਾਰਧਾਰਾ ਵਿੱਚ ਵਿਸ਼ਵਾਸ ਪ੍ਰਗਟ ਕਰਦਿਆਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਕੰਮ ਕਰਨ ਦਾ ਸੰਕਲਪ ਲਿਆ। ਉਹਨਾਂ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮੁਹਾਲੀ ਤੋਂ ਭਾਜਪਾ ਦੇ ਉਮੀਦਵਾਰ ਵਜੋਂ ਸੰਜੀਵ ਵਸ਼ਿਸ਼ਠ ਦੀ ਜਿੱਤ ਯਕੀਨੀ ਬਣਾਉਣ ਲਈ ਪੂਰਾ ਸਮਰਥਨ ਦੇਣ ਦਾ ਭਰੋਸਾ ਵੀ ਦਿੱਤਾ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਆਰ.ਬੀ.ਯੂ. ਦੇ ਯੂ.ਐਸ.ਐਮ.ਐਸ. ਵੱਲੋਂ ਵਿੱਤੀ ਸਾਖਰਤਾ ਬਾਰੇ ਗੈਸਟ ਲੈਕਚਰ ਕਰਵਾਇਆ

ਚੰਡੀਗੜ੍ਹ, 28 ਅਕਤੂਬਰ (ਪੈ.ਗਾਮ-ਏ-ਜਗਤ)

ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ (ਯੂਐਸਐਮਐਸ) ਵੱਲੋਂ ਵਿਦਿਆਰਥੀਆਂ ਵਿੱਚ ਵਿੱਤੀ ਜਾਗਰੂਕਤਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਸੋਚ-ਸਮਝ ਕੇ ਵਿੱਤੀ ਫ਼ੈਸਲੇ ਲੈਣ ਦੇ ਯੋਗ ਬਣਾਉਣ ਦੇ ਉਦੇਸ਼ ਨਾਲ "ਵਿੱਤੀ ਗਿਆਨ ਨਾਲ ਨੌਜਵਾਨ ਦਿਮਾਗਾਂ ਨੂੰ ਸਸ਼ਕਤ ਬਣਾਉਣਾ"ਵਿਸ਼ੇ 'ਤੇ ਗੈਸਟ ਲੈਕਚਰ ਕਰਵਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਦੋ ਵਿਸ਼ੇਸ਼ ਸੈਸ਼ਨ ਕਰਵਾਏ ਗਏ। ਭਾਰਤੀ ਪ੍ਰਤੀਭੂਤੀ ਅਤੇ ਵਟਾਂਦਰਾ ਬੋਰਡ (ਸੇਬੀ) ਦੇ ਡਿਪਟੀ ਜਨਰਲ ਮੈਨੇਜਰ ਨਵਪ੍ਰੀਤ ਸਿੰਘ ਨੇ ਨਿਵੇਸ਼ਕਾਂ ਦੀ ਸਿੱਖਿਆ, ਵਿੱਤੀ ਸੁਰੱਖਿਆ ਅਤੇ ਸੋਚ-ਸਮਝ ਕੇ ਨਿਵੇਸ਼ ਕਰਨ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

- **ਵਿੱਤੀ ਯੋਜਨਾਬੰਦੀ, ਨਿਵੇਸ਼ ਦੇ ਜੋਖ਼ਮਾਂ ਅਤੇ ਸਾਈਬਰ ਸੁਰੱਖਿਆ ਬਾਰੇ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ**



ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਿਵੇਸ਼ ਸਬੰਧੀ ਫ਼ੈਸਲੇ ਲੈਣ ਤੋਂ ਪਹਿਲਾਂ ਭਰੋਸੇਯੋਗ ਸਰੋਤਾਂ ਤੋਂ ਜਾਣਕਾਰੀ ਹਾਸਲ ਕਰਨ ਅਤੇ ਵਿੱਤੀ ਜੋਖ਼ਮਾਂ ਨੂੰ ਸਮਝਣ ਲਈ ਪ੍ਰੇਰਿਤ ਕੀਤਾ। ਦੂਜੇ ਸੈਸ਼ਨ ਵਿੱਚ ਡੀਨ ਕ੍ਰਿਸ਼ਨਾ ਬਾਂਸਲ ਨੇ ਨਿੱਜੀ ਅਤੇ ਪੇਸ਼ੇਵਰ ਜੀਵਨ ਵਿੱਚ ਜ਼ਿੰਮੇਵਾਰ ਵਿੱਤੀ ਯੋਜਨਾਬੰਦੀ, ਬੱਚਤ ਅਤੇ ਪੈਸੇ ਦੇ ਸੁਚੱਜੇ ਪ੍ਰਬੰਧਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਅਤੇ ਪ੍ਰੋ-ਵਾਈਸ ਚਾਂਸਲਰ ਪ੍ਰੋ. ਸਤੀਸ਼ ਕੁਮਾਰ ਬਾਂਸਲ ਵੀ ਮੌਜੂਦ ਸਨ। ਇਸ ਤੋਂ ਇਲਾਵਾ ਸਿਟੀਜ਼ਨਜ਼ ਅਵੇਅਰਨੈੱਸ ਗਰੁੱਪ ਦੇ ਚੇਅਰਮੈਨ ਸੁਰਿੰਦਰ ਵਰਮਾ, ਯੂਐਸਐਮਐਸ ਦੀ ਡੀਨ ਡਾ. ਸੁਨੈਨਾ ਖੁਰਾਨਾ ਅਤੇ ਡਾ. ਅੰਸ਼ੂ ਗੌਬਾ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।

ਮਾਹਿਰਾਂ ਨੇ ਵਿਦਿਆਰਥੀਆਂ ਨੂੰ ਬਜਟ ਬਣਾਉਣ, ਬੱਚਤ ਕਰਨ, ਨਿਵੇਸ਼ ਦੇ ਮੌਕਿਆਂ ਦਾ ਮੁਲਾਂਕਣ ਕਰਨ, ਡਿਜੀਟਲ ਵਿੱਤੀ ਸੁਰੱਖਿਆ ਯਕੀਨੀ ਬਣਾਉਣ ਅਤੇ ਧੋਖਾਧੜੀ ਵਾਲੀਆਂ ਵਿੱਤੀ ਯੋਜਨਾਵਾਂ ਤੋਂ ਬਚਣ ਬਾਰੇ ਜਾਗਰੂਕ ਕੀਤਾ। ਉਨ੍ਹਾਂ ਨੇ ਵਿੱਤੀ ਅਨੁਸ਼ਾਸਨ ਅਪਣਾਉਣ ਅਤੇ ਕਿਸੇ ਵੀ ਨਿਵੇਸ਼ ਸਬੰਧੀ ਜਾਣਕਾਰੀ ਦੀ ਭਰੋਸੇਯੋਗ ਸਰੋਤਾਂ ਰਾਹੀਂ ਪੁਸ਼ਟੀ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਗੈਸਟ ਲੈਕਚਰ ਰਾਹੀਂ ਵਿਦਿਆਰਥੀਆਂ ਨੂੰ ਵਿੱਤੀ ਯੋਜਨਾਬੰਦੀ, ਨਿਵੇਸ਼ ਨਾਲ ਜੁੜੇ ਜੋਖ਼ਮਾਂ ਅਤੇ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਬਾਰੇ ਵਿਹਾਰਕ ਜਾਣਕਾਰੀ ਪ੍ਰਾਪਤ ਹੋਈ। ਇਸ ਪਹਿਲਕਦਮੀ ਨੇ ਵਿਦਿਆਰਥੀਆਂ ਨੂੰ ਸੰਭਾਵੀ ਵਿੱਤੀ ਧੋਖਾਧੜੀ ਤੋਂ ਸੁਚੇਤ ਰਹਿਣ ਅਤੇ ਭਵਿੱਖ ਵਿੱਚ ਸੂਝ-ਬੂਝ ਨਾਲ ਵਿੱਤੀ ਫ਼ੈਸਲੇ ਲੈਣ ਲਈ ਪ੍ਰੇਰਿਤ ਕੀਤਾ।

ਪਿੰਡ ਮਾਜਰੀ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਗਈ

ਮਾਜਰੀ, 28 ਅਕਤੂਬਰ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਉਪਰਾਲੇ ਤਹਿਤ ਮਾਜਰੀ ਬਲਾਕ ਦੇ ਪਿੰਡ ਮਾਜਰੀ ਵਿਖੇ ਐਲ.ਈ.ਡੀ. ਸਕਰੀਨ ਰਾਹੀਂ 30 ਮਿੰਟ ਦੀ ਵਿਸ਼ੇਸ਼ ਦਸਤਾਵੇਜ਼ੀ ਫ਼?ਲਮ ਦਿਖਾਈ ਗਈ। ਇਸ ਦਾ ਉਦੇਸ਼ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਵਿਚਾਰਧਾਰਾ, ਸਿੱਖਿਆਵਾਂ ਅਤੇ ਸਮਾਜ ਨੂੰ ਦਿੱਤੇ ਸੰਦੇਸ਼ ਤੋਂ ਲੋਕਾਂ ਨੂੰ ਜਾਣੂ ਕਰਵਾਉਣਾ ਹੈ।

ਐਸ.ਡੀ.ਐਮ, ਖਰੜ ਸ੍ਰੀ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਨੇ ਸਮਾਜ ਵਿੱਚ



ਬਰਾਬਰਤਾ, ਆਪਸੀ ਭਾਈਚਾਰੇ, ਮਾਨਵਤਾ, ਪ੍ਰੇਮ ਅਤੇ ਸਦਭਾਵਨਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀ ਵਿਚਾਰਧਾਰਾ ਸਾਨੂੰ ਜਾਤ-ਪਾਤ, ਭੇਦਭਾਵ ਅਤੇ ਸਮਾਜਿਕ ਬੁਰਾਈਆਂ ਤੋਂ ਉੱਪਰ ਉੱਠ ਕੇ ਇੱਕ ਸਾਂਝੇ ਅਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕਰਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਿਸ਼ੇਸ਼ ਡਾਕੂਮੈਂਟਰੀ ਲੋਕਾਂ ਤੱਕ ਗੁਰੂ ਜੀ ਦੀਆਂ ਸਿੱਖਿਆਵਾਂ ਅਤੇ ਵਿਚਾਰਾਂ ਨੂੰ ਪਹੁੰਚਾਉਣ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ। ਐਲ.ਈ.ਡੀ. ਸਕਰੀਨ ਰਾਹੀਂ ਦਿਖਾਈ ਜਾ ਰਹੀ ਇਸ ਦਸਤਾਵੇਜ਼ੀ ਫ਼ਿਲਮ ਨਾਲ ਲੋਕਾਂ, ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਗੁਰੂ ਜੀ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦਿੱਤੇ ਮਾਨਵਤਾ ਦੇ ਸੰਦੇਸ਼ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਹੈ। ਗੁਰਮੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਅਤੇ ਸਮਾਜ ਵਿੱਚ ਆਪਸੀ ਸਤਿਕਾਰ, ਭਾਈਚਾਰਾ ਤੇ ਸਮਾਨਤਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸਮਾਜ ਦੀ ਭਲਾਈ ਅਤੇ ਸਾਂਝੀਵਾਲਤਾ ਲਈ ਆਪਣਾ ਯੋਗਦਾਨ ਪਾਉਣ।

ਪੀ.ਜੀ.ਆਈ. ਦੇ ਪ੍ਰੋਫੈਸਰ ਏਸ਼ੀਆਈ ਰੇਡੀਓਲੋਜੀ ਸੰਸਥਾ ਦੀ ਅਗਵਾਈ ਕਰਨ ਵਾਲੇ ਪਹਿਲੇ ਭਾਰਤੀ



ਚੰਡੀਗੜ੍ਹ, (ਪੈ.ਗਾਮ-ਏ-ਜਗਤ)

ਡਾ. ਕੁਸ਼ਲਜੀਤ ਸਿੰਘ ਸੋਢੀ, ਪ੍ਰੋਫੈਸਰ, ਰੇਡੀਓਡਾਇਗਨੋਸਿਸ ਵਿਭਾਗ, ਪੀਜੀਆਈ, ਚੰਡੀਗੜ੍ਹ, ਨੂੰ ਏਸ਼ੀਅਨ ਓਸ਼ੀਅਨਿਕ ਸੋਸਾਇਟੀ ਆਫ਼ ਪੀਡੀਆਟ੍ਰਿਕ ਰੇਡੀਓਲੋਜੀ (ਏਓਐਸਪੀਆਰ) ਦਾ ਪ੍ਰਧਾਨ ਚੁਣਿਆ ਗਿਆ ਹੈ, ਜੋ ਇਸ ਵੱਕਾਰੀ ਅਹੁਦੇ ਨੂੰ ਸੰਭਾਲਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਇਹ ਚੋਣ ਸੋਸਾਇਟੀ ਦੀ 24ਵੀਂ ਸਾਲਾਨਾ ਵਿਗਿਆਨਕ ਮੀਟਿੰਗ ਵਿੱਚ ਹੋਈ ਜੋ ਬੈਂਕਾਕ, ਥਾਈਲੈਂਡ ਵਿੱਚ 23-25 ਅਕਤੂਬਰ, 2026 ਤੱਕ ਆਯੋਜਿਤ ਕੀਤੀ ਗਈ ਸੀ। ਉਨ੍ਹਾਂ ਦੀ ਚੋਣ ਪੀਜੀਆਈਐਮਈਆਰ ਅਤੇ ਭਾਰਤੀ ਮੈਡੀਕਲ ਵਿਗਿਆਨ ਲਈ ਮਾਣ ਵਾਲੀ ਗੱਲ ਹੈ, ਜੋ ਪੀਡੀਆਟ੍ਰਿਕ ਇਮੇਜਿੰਗ, ਖੋਜ ਅਤੇ ਅਕਾਦਮਿਕ ਅਗਵਾਈ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੰਦੀ ਹੈ। ਉਹ ਇੰਡੀਅਨ ਸੋਸਾਇਟੀ ਆਫ਼ ਪੀਡੀਆਟ੍ਰਿਕ ਰੇਡੀਓਲੋਜੀ (ਆਈਐਸਪੀਆਰ) ਦੇ ਪ੍ਰਧਾਨ ਅਤੇ ਵਰਲਡ ਫੈਡਰੇਸ਼ਨ ਆਫ਼ ਪੀਡੀਆਟ੍ਰਿਕ ਇਮੇਜਿੰਗ (ਡਬਲਯੂਐਫਪੀਆਈ) ਦੇ ਉਪ-ਪ੍ਰਧਾਨ ਵੀ ਹਨ।

ਸਰਕਾਰ 10757 ਗੈਸਟ ਟੀਚਰਾਂ ਨੂੰ ਰੈਗੂਲਰ ਕਰਨ ਦੀ ਮੰਗ ਤੇ ਨਿਆਂਪੂਰਨ ਫ਼ੈਸਲਾ ਲਵੇ-ਉਂਕਾਰ ਸਿੰਘ

ਪੈ.ਗਾਮ-ਏ-ਜਗਤ/ਅੰਬਾਲਾ, 28 ਅਕਤੂਬਰ (ਆਰ.ਸਿੰਘ)

ਇੰਡੀਅਨ ਨੈਸ਼ਨਲ ਲੋਕ ਦਲ ਦੇ ਸੂਬਾਈ ਬੁਲਾਰੇ ਉਂਕਾਰ ਸਿੰਘ ਨੇ ਮੰਗ ਕੀਤੀ ਕਿ ਹਰਿਆਣਾ ਸਰਕਾਰ 10,757 ਗੈਸਟ ਟੀਚਰਾਂ ਨੂੰ ਰੈਗੂਲਰ ਕਰਨ ਦੀ ਮੰਗ 'ਤੇ ਇੱਕ ਨਿਆਂਪੂਰਨ ਫ਼ੈਸਲਾ ਲਵੇ ਜੋ ਲੰਬੇ ਸਮੇਂ ਤੋਂ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾ ਰਹੇ ਹਨ। 2014 ਦੀ ਨੀਤੀ ਦੇ ਤਹਿਤ ਤਿੰਨ ਸਾਲ ਲਗਾਤਾਰ ਸੇਵਾ ਪੂਰੀ ਕਰਨ ਵਾਲੇ ਯੋਗ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਣਾ ਸੀ। ਉਂਕਾਰ ਸਿੰਘ ਨੇ ਕਿਹਾ ਕਿ ਰਾਜ ਵਿੱਚ ਗੈਸਟ ਟੀਚਰ ਸਥਾਈ ਰੁਜ਼ਗਾਰ ਲਈ ਅੰਦੋਲਨ ਕਰ ਰਹੇ ਹਨ ਅਤੇ ਸਰਕਾਰੀ ਸਕੂਲਾਂ ਵਿੱਚ ਹਜ਼ਾਰਾਂ ਅਸਾਮੀਆਂ ਖ਼ਾਲੀ ਹਨ। ਉਪਲਬਧ ਰਿਪੋਰਟਾਂ ਦੇ ਅਨੁਸਾਰ ਜੂਨ 2026 ਦੀ ਵਿਆਪਕ ਸਿੱਖਿਆ ਸਮੀਖਿਆ ਵਿੱਚ 16,435 ਖ਼ਾਲੀ ਅਸਾਮੀਆਂ ਦਾ ਖ਼ੁਲਾਸਾ ਹੋਇਆ ਹੈ। ਉਂਕਾਰ ਸਿੰਘ ਨੇ ਕਿਹਾ ਕਿ ਸਿੱਖਿਆ ਸਿਰਫ਼ ਬਜਟ ਦੇ ਵਿਚਾਰਾਂ ਦਾ ਮਾਮਲਾ ਨਹੀਂ ਹੈ ਸਗੋਂ ਬੱਚਿਆਂ ਦੇ ਭਵਿੱਖ ਨੂੰ ਆਕਾਰ ਦੇਣ ਦੀ ਜ਼ਿੰਮੇਵਾਰੀ ਹੈ। ਜਦੋਂ ਸਕੂਲਾਂ ਵਿੱਚ ਕੋਈ ਅਧਿਆਪਕ ਨਹੀਂ ਹੈ ਤਾਂ ਬੱਚਿਆਂ ਨੂੰ ਮਿਆਰੀ ਸਿੱਖਿਆ ਕਿਵੇਂ ਮਿਲੇਗੀ? ਸਰਕਾਰੀ ਸਕੂਲ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਦੇ ਬੱਚਿਆਂ ਲਈ ਸਭ ਤੋਂ ਵੱਡੀ ਸਹਾਇਤਾ ਪ੍ਰਣਾਲੀ ਹਨ। ਸਰਕਾਰ ਨੂੰ ਅਧਿਆਪਕਾਂ ਦੀ ਭਰਤੀ ਵਿੱਚ ਤੇਜ਼ੀ ਲਿਆ ਕੇ ਖ਼ਾਲੀ ਅਸਾਮੀਆਂ ਭਰਨੀਆਂ ਚਾਹੀਦੀਆਂ ਹਨ। ਉਨ੍ਹਾਂ ਅੰਬਾਲਾ ਛਾਉਣੀ ਦੇ ਸਬਜ਼ੀ ਮੰਡੀ ਅਤੇ ਰਜਮੈਂਟ ਬਾਜ਼ਾਰ ਦੇ ਸਰਕਾਰੀ ਸਕੂਲਾਂ ਦੀਆਂ ਉਦਾਹਰਨਾਂ ਦਿੰਦੇ ਹੋਏ ਮੰਗ ਕੀਤੀ ਕਿ ਸਰਕਾਰ ਸਕੂਲ ਇਮਾਰਤਾਂ ਨੂੰ ਢਾਹ ਕੇ ਦੁਬਾਰਾ ਬਣਾਇਆ ਜਾਣਾ ਚਾਹੀਦਾ ਸੀ। ਸਿੱਖਿਆ ਬਜਟ ਸੱਚਮੁੱਚ ਉਦੋਂ ਹੀ ਲਾਭਦਾਇਕ ਹੁੰਦਾ ਹੈ ਜਦੋਂ ਸਕੂਲਾਂ ਵਿੱਚ ਢੁਕਵੇਂ ਅਧਿਆਪਕ, ਸੁਰੱਖਿਅਤ ਇਮਾਰਤਾਂ ਅਤੇ ਜ਼ਰੂਰੀ ਸਹੂਲਤਾਂ ਹੋਣ।

ਸਕੂਲ ਆਫ਼ ਐਮੀਨੈਂਸ ਡੇਰਾਬੱਸੀ ਵਿਖੇ 24 ਲੱਖ ਰੁਪਏ ਦੀ ਲਾਗਤ ਨਾਲ ਤਿੰਨ ਸਾਇੰਸ ਲੈਬਜ਼ ਦੇ ਕੰਮ ਦੀ ਸ਼ੁਰੂਆਤ

ਡੇਰਾਬੱਸੀ, 28 ਅਕਤੂਬਰ (ਪੈ.ਗਾਮ-ਏ-ਜਗਤ)

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਵੱਲੋਂ ਸਕੂਲ ਆਫ਼ ਐਮੀਨੈਂਸ ਡੇਰਾਬੱਸੀ ਵਿਖੇ ਸਮੱਗਰ ਸਿੱਖਿਆ ਅਭਿਆਨ ਤਹਿਤ 24 ਲੱਖ ਰੁਪਏ ਦੀ ਲਾਗਤ ਨਾਲ ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਦੀਆਂ ਤਿੰਨ ਲੈਬਾਂ ਦੇ



ਕੰਮ ਦੀ ਸ਼ੁਰੂਆਤ ਕਰਵਾਈ ਗਈ।

ਵਿਧਾਇਕ ਰੰਧਾਵਾ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਸਮਾਜ ਦੀ ਤਰੱਕੀ ਦੀ ਨੀਂਹ ਹੈ। ਪੰਜਾਬ ਸਰਕਾਰ ਵੱਲੋਂ ਸਕੂਲ ਆਫ਼ ਐਮੀਨੈਂਸ ਦੀ ਪਹਿਲਕਦਮੀ ਰਾਹੀਂ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ, ਆਧੁਨਿਕ ਬੁਨਿਆਦੀ ਢਾਂਚਾ ਅਤੇ ਆਪਣੇ ਸੁਪਨੇ ਪੂਰੇ ਕਰਨ ਦੇ ਮੌਕੇ ਪ੍ਰਦਾਨ ਕਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਇੰਸ ਲੈਬਾਂ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਸਿੱਖਿਆ ਹਾਸਲ ਕਰਨ ਅਤੇ ਵਿਗਿਆਨਕ ਸੋਚ ਵਿਕਸਿਤ ਕਰਨ ਵਿੱਚ ਮਦਦ ਮਿਲੇਗੀ।

ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਕੂਲੀ ਸਿੱਖਿਆ ਵਿੱਚ ਬੁਨਿਆਦੀ ਢਾਂਚੇ ਦੇ ਸੁਧਾਰ, ਆਧੁਨਿਕ ਤਕਨੀਕ ਦੀ ਵਰਤੋਂ ਅਤੇ ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ ਨੂੰ ਬਿਹਤਰ ਬਣਾਉਣ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ। ਸਰਕਾਰੀ ਸਕੂਲਾਂ ਨੂੰ ਬਿਹਤਰ ਸਹੂਲਤਾਂ ਨਾਲ ਲੈਸ ਕਰਨਾ ਇਸ ਦਿਸ਼ਾ ਵਿੱਚ ਅਹਿਮ ਕਦਮ ਹੈ। ਵਿਧਾਇਕ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਅਤੇ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਅਜਿਹੇ ਵਿਕਾਸ ਕਾਰਜ ਜਾਰੀ ਰਹਿਣਗੇ। ਇਸ ਮੌਕੇ ਨਗਰ ਕੌਂਸਲ ਡੇਰਾਬੱਸੀ ਦੇ ਪ੍ਰਧਾਨ ਸ੍ਰੀ ਆਸ਼ੂ ਉਪਨੇਜਾ, ਕੌਂਸਲਰ ਸ੍ਰੀ ਨਰੇਸ਼ ਉਪਨੇਜਾ, ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੁਨੀਤਾ ਸ਼ਰਮਾ, ਸਮੂਹ ਸਕੂਲ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਡਾ. ਸੁਖਪਾਲ ਕੌਰ ਨੂੰ ਫਿੱਕੀ ਹੈਲਥਕੇਅਰ ਐਕਸੀਲੈਂਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ

ਚੰਡੀਗੜ੍ਹ, 27 ਅਕਤੂਬਰ (ਪੈ.ਗਾਮ-ਏ-ਜਗਤ)

ਨੈਸ਼ਨਲ ਇੰਸਟੀਚਿਊਟ ਆਫ਼ ਨਰਸਿੰਗ ਐਜੂਕੇਸ਼ਨ (ਨਾਈਨ), ਪੀਜੀਆਈਐਮਈਆਰ, ਚੰਡੀਗੜ੍ਹ ਦੀ ਪ੍ਰਿੰਸੀਪਲ ਡਾ. ਸੁਖਪਾਲ ਕੌਰ ਨੂੰ 27 ਅਕਤੂਬਰ, 2026 ਨੂੰ ਨਵੀਂ ਦਿੱਲੀ ਵਿੱਚ ਆਯੋਜਿਤ 18ਵੇਂ ਫਿੱਕੀ ਹੈਲਥਕੇਅਰ ਐਕਸੀਲੈਂਸ ਅਵਾਰਡ ਸਮਾਰੋਹ ਵਿੱਚ ਐਕਸੀਲੈਂਸ ਇਨ ਨਰਸਿੰਗ ਸਰਵਿਸਿਜ਼ (ਪਬਲਿਕ ਹਸਪਤਾਲ) ਸ਼੍ਰੇਣੀ ਵਿੱਚ ਵੱਕਾਰੀ ਫਿੱਕੀ ਹੈਲਥਕੇਅਰ ਐਕਸੀਲੈਂਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਦੇ ਕੰਮ ਦਾ ਇੱਕ ਮੁੱਖ ਖੇਤਰ ਨਿਊਰੋਟੌਕਸਿਕ ਕੀਮੋਥੈਰੇਪੀ ਪ੍ਰਾਪਤ ਕਰਨ ਵਾਲੇ ਕੈਂਸਰ ਦੇ ਮਰੀਜ਼ਾਂ ਵਿੱਚ ਕੀਮੋਥੈਰੇਪੀ-ਪ੍ਰੇਰਿਤ ਪੈਰੀਫਿਰਲ ਨਿਊਰੋਪੈਥੀ ਨੂੰ ਰੋਕਣ ਵਿੱਚ ਮਦਦ ਕਰਨ ਲਈ ਸਵਦੇਸ਼ੀ, ਲਾਗਤ-ਪ੍ਰਭਾਵਸ਼ਾਲੀ ਕ੍ਰਾਇਓਥੈਰੇਪੀ ਮਿਟਨਜ਼ ਅਤੇ ਜੁਰਾਬਾਂ ਦਾ ਵਿਕਾਸ ਹੈ। ਇਹ ਨਰਸ-ਅਗਵਾਈ ਵਾਲੀ ਨਵੀਨਤਾ ਕਿਫਾਇਤੀ, ਵਿਹਾਰਕ ਅਤੇ ਮਰੀਜ਼-ਅਨੁਕੂਲ ਹੱਲ ਵਿਕਸਤ ਕਰਨ ਲਈ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਖਾਸ ਤੌਰ 'ਤੇ



ਸਰੋਤ-ਸੀਮਤ ਪਿਛੋਕੜ ਵਾਲੇ ਮਰੀਜ਼ਾਂ ਲਈ। ਡਾ. ਕੌਰ ਅਕਾਦਮਿਕ ਉੱਤਮਤਾ, ਖੋਜ ਸਮਰੱਥਾ-ਨਿਰਮਾਣ ਅਤੇ ਕਲੀਨਿਕਲ ਨਰਸਿੰਗ ਵਿੱਚ ਸਬੂਤ-ਅਧਾਰਤ ਅਭਿਆਸਾਂ ਦੇ ਏਕੀਕਰਨ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਦੀ ਹੈ। ਉਨ੍ਹਾਂ ਦਾ ਕੰਮ ਸਿਹਤ ਸੰਭਾਲ ਦੀ ਗੁਣਵੱਤਾ, ਮਰੀਜ਼ ਸੁਰੱਖਿਆ ਅਤੇ ਨਵੀਨਤਾ ਨੂੰ ਅੱਗੇ ਵਧਾਉਣ ਵਿੱਚ ਨਰਸਾਂ ਦੀ ਅਹਿਮ ਭੂਮਿਕਾ ਨੂੰ ਦਰਸਾਉਂਦਾ ਹੈ। ਫਿੱਕੀ ਹੈਲਥਕੇਅਰ ਐਕਸੀਲੈਂਸ ਅਵਾਰਡ ਸਿਹਤ ਸੰਭਾਲ ਵਿੱਚ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੰਦੇ ਹਨ, ਜਿਸ ਵਿੱਚ ਨਵੀਨਤਾ, ਪ੍ਰਭਾਵ, ਕਿਫਾਇਤੀ ਅਤੇ ਸਿਹਤ ਸੰਭਾਲ ਪ੍ਰਦਾਨਗੀ ਵਿੱਚ ਟਿਕਾਊ ਸੁਧਾਰ ਦੀ ਸੰਭਾਵਨਾ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਇਹ ਮਾਨਤਾ ਨਰਸਿੰਗ ਭਾਈਚਾਰੇ ਅਤੇ ਪੀਜੀਆਈਐਮਈਆਰ ਚੰਡੀਗੜ੍ਹ ਲਈ ਮਾਣ ਦਾ ਪਲ ਹੈ। ਇਹ ਨਰਸਾਂ ਨੂੰ ਖੋਜ ਦੀ ਅਗਵਾਈ ਕਰਨ, ਸਵਦੇਸ਼ੀ ਸਿਹਤ ਸੰਭਾਲ ਹੱਲ ਵਿਕਸਤ ਕਰਨ ਅਤੇ ਮਰੀਜ਼ਾਂ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਵਿੱਚ ਅਰਥਪੂਰਨ ਯੋਗਦਾਨ ਪਾਉਣ ਲਈ ਸ਼ਕਤੀ ਪ੍ਰਦਾਨ ਕਰਨ ਦੀ ਮਹੱਤਤਾ ਨੂੰ ਵੀ ਮਜ਼ਬੂਤ ਕਰਦਾ ਹੈ।

ਡਾ. ਕੌਰ ਨੇ ਆਪਣੇ ਨਿਰੰਤਰ ਉਤਸ਼ਾਹ ਅਤੇ ਸਮਰਥਨ ਲਈ ਪੀਜੀਆਈਐਮਈਆਰ ਪ੍ਰਸ਼ਾਸਨ, ਸਹਿਯੋਗੀਆਂ, ਫੈਕਲਟੀ ਮੈਂਬਰਾਂ, ਨਰਸਿੰਗ ਪੇਸ਼ੇਵਰਾਂ ਅਤੇ ਖੋਜ ਟੀਮ ਦੇ ਮੈਂਬਰਾਂ ਪ੍ਰਤੀ ਧੰਨਵਾਦ ਪ੍ਰਗਟ ਕੀਤਾ।

ਉਨ੍ਹਾਂ ਨੇ ਸਵੀਕਾਰ ਕੀਤਾ ਕਿ ਸਿਹਤ ਸੰਭਾਲ ਵਿੱਚ ਅਰਥਪੂਰਨ ਨਵੀਨਤਾ ਇੱਕ ਸਮੂਹਿਕ ਯਤਨ ਹੈ ਅਤੇ ਇਸ ਮਾਨਤਾ ਨੂੰ ਮਰੀਜ਼ਾਂ ਦੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਅਣਥੱਕ ਮਿਹਨਤ ਕਰਨ ਵਾਲੀਆਂ ਸਾਰੀਆਂ ਨਰਸਾਂ ਨੂੰ ਸਮਰਪਿਤ ਕੀਤਾ।

ਤਿਉਹਾਰਾਂ ਦੇ ਮੱਦੇਨਜ਼ਰ ਸ਼ਹਿਰਾਂ ਵਿੱਚ ਸਫ਼ਾਈ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣ: ਏ.ਡੀ.ਸੀ. ਅਨਮੋਲ ਧਾਲੀਵਾਲ

ਸਾਹਿਬਜ਼ਾਦਾ ਅਜੀਤ ਸਿੰਘ ਨਗਰ 28 ਅਕਤੂਬਰ, (ਪੈ.ਗਾਮ-ਏ-ਜਗਤ)

ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਨਮੋਲ ਸਿੰਘ ਧਾਲੀਵਾਲ ਵੱਲੋਂ ਤਿਉਹਾਰਾਂ ਦੇ ਮੱਦੇਨਜ਼ਰ ਸ਼ਹਿਰਾਂ ਵਿੱਚ ਸਾਫ਼-ਸਫ਼ਾਈ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਲਈ ਸਮੂਹ ਕਾਰਜ

- **10 ਨਵੰਬਰ ਤੱਕ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਉਣ ਦੇ ਦਿੱਤੇ ਨਿਰਦੇਸ਼**

ਸਾਧਕ ਅਫ਼ਸਰਾਂ, ਚੀਫ਼ ਸੈਨੇਟਰੀ ਇੰਸਪੈਕਟਰਾਂ ਅਤੇ ਸੈਨੇਟਰੀ ਇੰਸਪੈਕਟਰਾਂ ਨਾਲ ਮੀਟਿੰਗ ਕਰਕੇ ਸਫ਼ਾਈ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ।

ਮੀਟਿੰਗ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਨੂੰ 10 ਨਵੰਬਰ, 2026 ਤੱਕ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਉਣ ਅਤੇ ਸ਼ਹਿਰਾਂ ਦੇ ਸਾਰੇ ਵਾਰਡਾਂ, ਬਾਜ਼ਾਰਾਂ ਤੇ ਧਾਰਮਿਕ ਸਥਾਨਾਂ ਵਿੱਚ ਸਫ਼ਾਈ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ



ਨਿਰਦੇਸ਼ ਦਿੱਤੇ ਗਏ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਤਿਉਹਾਰਾਂ ਦੌਰਾਨ ਲੋਕਾਂ ਦੀ ਆਵਾਜਾਈ ਵਧਣ ਦੇ ਮੱਦੇਨਜ਼ਰ ਸ਼ਹਿਰਾਂ ਦੀਆਂ ਮੁੱਖ ਸੜਕਾਂ, ਬਾਜ਼ਾਰਾਂ, ਜਨਤਕ ਥਾਵਾਂ ਅਤੇ ਭੀੜ-ਭੜੱਕੇ ਵਾਲੇ ਇਲਾਕਿਆਂ ਦੀ ਨਿਯਮਤ ਸਫ਼ਾਈ ਕਰਵਾਈ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੂੜੇ ਦੀ ਸਮੇਂ ਸਿਰ ਚੁਕਾਈ ਅਤੇ ਢੁੱਕਵੇਂ ਨਿਪਟਾਰੇ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਕਿਸੇ ਵੀ ਥਾਂ 'ਤੇ ਕੂੜੇ ਦੇ ਢੇਰ ਨਾ ਲੱਗਣ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਬਾਜ਼ਾਰਾਂ ਅਤੇ ਮੁੱਖ ਸੜਕਾਂ 'ਤੇ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਜਾਵੇ ਅਤੇ ਲੋੜ ਅਨੁਸਾਰ ਸਫ਼ਾਈ ਕਰਮਚਾਰੀਆਂ ਦੀ ਤਾਇਨਾਤੀ ਕੀਤੀ ਜਾਵੇ। ਜਿੱਥੇ ਸੰਭਵ ਹੋਵੇ, ਰਾਤ 11 ਵਜੇ ਤੋਂ ਬਾਅਦ ਜਾਂ ਸਵੇਰੇ 5 ਵਜੇ ਤੋਂ ਪਹਿਲਾਂ ਸਫ਼ਾਈ ਕਰਵਾਈ ਜਾਵੇ, ਤਾਂ ਜੋ ਆਵਾਜਾਈ ਅਤੇ ਲੋਕਾਂ ਦੇ ਰੋਜ਼ਾਨਾ ਕੰਮਕਾਜ ਵਿੱਚ ਵਿਘਨ ਨਾ ਪਵੇ। ਵਧੀਕ ਡਿਪਟੀ ਕਮਿਸ਼ਨਰ ਨੇ ਨਾਲੀਆਂ ਅਤੇ ਜਲ ਨਿਕਾਸੀ ਪ੍ਰਣਾਲੀ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕਰਦਿਆਂ ਕਿਹਾ ਕਿ ਪਾਣੀ ਦੀ ਨਿਕਾਸੀ ਸੁਚਾਰੂ ਬਣਾਈ ਰੱਖੀ ਜਾਵੇ। ਇਸ ਦੇ ਨਾਲ ਹੀ ਸਫ਼ਾਈ ਪ੍ਰਬੰਧਾਂ ਦੀ ਨਿਯਮਤ ਨਿਗਰਾਨੀ ਕੀਤੀ ਜਾਵੇ ਅਤੇ ਲੋਕਾਂ ਵੱਲੋਂ ਸਫ਼ਾਈ ਸਬੰਧੀ ਪ੍ਰਾਪਤ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਵਾਨਿਤ ਪਟਾਕਿਆਂ ਦੀਆਂ ਦੁਕਾਨਾਂ ਅਤੇ ਵਿਕਰੀ ਸਥਾਨਾਂ ਦੇ ਨੇੜੇ ਅੱਗ ਤੋਂ ਬਚਾਅ ਲਈ ਲੋੜੀਂਦੇ ਸੁਰੱਖਿਆ ਪ੍ਰਬੰਧ ਕੀਤੇ ਜਾਣ। ਇਨ੍ਹਾਂ ਥਾਵਾਂ 'ਤੇ ਫਾਇਰ ਬ੍ਰਿਗੇਡ ਦੀ ਸਹੂਲਤ, ਰੇਤ, ਪਾਣੀ ਅਤੇ ਹੋਰ ਲੋੜੀਂਦੇ ਸੁਰੱਖਿਆ ਸਾਧਨ ਉਪਲਬਧ ਰੱਖੇ ਜਾਣ ਅਤੇ ਸਬੰਧਤ ਵਿਭਾਗਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੀਆਂ ਜ਼ਰੂਰੀ ਸਾਵਧਾਨੀਆਂ ਵਰਤੀਆਂ ਜਾਣ। ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਕਿਹਾ, ਤਾਂ ਜੋ ਤਿਉਹਾਰਾਂ ਦੌਰਾਨ ਸ਼ਹਿਰਾਂ ਵਿੱਚ ਸਫ਼ਾਈ ਦੇ ਸੁਚੱਜੇ ਪ੍ਰਬੰਧਾਂ ਦੇ ਨਾਲ-ਨਾਲ ਲੋਕਾਂ ਨੂੰ ਸਾਫ਼-ਸੁਥਰਾ, ਸਿਹਤਮੰਦ ਅਤੇ ਸੁਖਾਵਾਂ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ।

ਖਰੜ ਵਿੱਚ ਨਸ਼ਿਆਂ ਵਿਰੁੱਧ ਔਰਤਾਂ ਦਾ ਵਿਸ਼ਾਲ ਇਕੱਠ, ਹਰਸਿਮਰਤ ਕੌਰ ਬਾਦਲ ਵੱਲੋਂ ਇਕਜੁੱਟ ਹੋਣ ਦਾ ਸੱਦਾ

ਪੈ.ਗਾਮ-ਏ-ਜਗਤ ਖਰੜ, 28 ਅਕਤੂਬਰ (ਦਵਿੰਦਰ ਕੌਰ ਸਹੋਤਾ)

ਸਾਬਕਾ ਕੇਂਦਰੀ ਮੰਤਰੀ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਮਾਵਾਂ-ਧੀਆਂ ਦੀ ਲਲਕਾਰ, ਬੰਦ ਕਰਾਵਾਂਗੇ ਨਸ਼ੇ ਦਾ ਵਪਾਰ' ਤਹਿਤ ਬੁੱਧਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਖਰੜ ਹਲਕਾ ਇੰਚਾਰਜ ਰਵਿੰਦਰ ਸਿੰਘ ਖੇੜਾ ਵੱਲੋਂ ਔਰਤਾਂ ਦਾ ਵਿਸ਼ਾਲ ਇਕੱਠ ਕੀਤਾ ਗਿਆ। ਵੱਡੀ ਗਿਣਤੀ ਵਿੱਚ ਪਹੁੰਚੀਆਂ ਔਰਤਾਂ ਨੇ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਔਰਤਾਂ ਦਾ ਇਹ ਭਾਰੀ ਇਕੱਠ ਸਾਬਤ ਕਰਦਾ ਹੈ ਕਿ ਉਹ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਲੜਨ ਲਈ ਤਿਆਰ ਹਨ। ਉਨ੍ਹਾਂ ਖੇੜਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਹਿਲੀ ਵਾਰ ਦੇਖਣ ਨੂੰ ਮਿਲਿਆ ਹੈ ਕਿ ਉਨ੍ਹਾਂ ਨੇ ਆਪਣੇ ਹਲਕੇ ਦੀਆਂ ਬੀਬੀਆਂ ਦੀਆਂ ਤਸਵੀਰਾਂ ਵੀ ਆਗੂਆਂ ਦੇ ਬਰਾਬਰ ਲਾਈਆਂ ਹਨ, ਜੋ ਔਰਤਾਂ ਦੀ ਅਹਿਮੀਅਤ ਨੂੰ ਦਰਸਾਉਂਦਾ ਹੈ। ਬੀਬਾ ਬਾਦਲ ਨੇ ਕਿਹਾ ਕਿ ਉਹ



ਪਿਛਲੇ 15-20 ਸਾਲਾਂ ਤੋਂ ਲੋਕਾਂ ਵਿੱਚ ਵਿਚਰ ਰਹੇ ਹਨ। ਪਹਿਲਾਂ ਮਾਵਾਂ ਸਕੂਲ ਤੇ ਬੁਨਿਆਦੀ ਢਾਂਚੇ ਦੀ ਮੰਗ ਕਰਦੀਆਂ ਸਨ, ਪਰ ਪਿਛਲੇ 5-7 ਸਾਲਾਂ ਵਿੱਚ ਮਾਵਾਂ ਗਲ ਲੱਗ ਕੇ ਰੋਂਦਿਆਂ ਕਹਿੰਦੀਆਂ ਹਨ ਕਿ ਨਸ਼ੇ ਨੇ ਉਨ੍ਹਾਂ ਦਾ ਘਰ ਬਰਬਾਦ ਕਰ ਦਿੱਤਾ, ਨਸ਼ਾ ਬੰਦ ਕਰਵਾਓ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨਸ਼ਾ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਨਹੀਂ ਕਰਦੀ, ਸਗੋਂ ਨਸ਼ੇ ਦਾ ਵਿਰੋਧ ਕਰਨ ਵਾਲਿਆਂ 'ਤੇ ਤਸ਼ੱਦਦ ਕਰਦੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰ ਨੂੰ ਥਾਣੇ ਲਿਜਾਇਆ ਜਾਵੇ ਤਾਂ ਉਹ ਦੋ ਦਿਨ ਬਾਅਦ ਛੱਡ ਦਿੱਤਾ ਜਾਂਦਾ ਹੈ ਅਤੇ ਬਾਹਰ ਆ ਕੇ ਸ਼ਿਕਾਇਤਕਰਤਾ ਨੂੰ ਧਮਕਾਉਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਵਿਰੁੱਧ ਨਸ਼ਿਆਂ ਸਬੰਧੀ ਆਵਾਜ਼ ਚੁੱਕਣ ਵਾਲੇ ਮੋਹਨਜੀਤ 'ਤੇ ਪੁਲਿਸ ਨੇ ਤਸ਼ੱਦਦ ਕੀਤਾ, ਜਦਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੋਂ ਸਵਾਲ ਪੁੱਛਣ ਵਾਲੇ ਗੁਲਜ਼ਾਰ ਸਿੰਘ ਨੂੰ ਜ਼ਹਿਰ ਖਾ ਕੇ ਮਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਮਾਨਸਾ ਵਿੱਚ ਨਸ਼ਾ ਰੋਕਣ ਦੀ ਕੋਸ਼ਿਸ਼ ਕਰ ਰਹੇ ਪਰਵਿੰਦਰ ਸਿੰਘ ਝੋਟਾ ਦਾ ਅਸ਼ਵਨੀ ਕੁਮਾਰ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਆਪਣਾ ਜਨਮ ਦਿਨ ਮਨਾਉਣ ਫਰਾਂਸ ਚਲੇ ਗਏ ਅਤੇ ਝੋਟਾ ਦਾ ਪਰਿਵਾਰ ਅੱਜ ਤੱਕ ਆਪਣੇ ਪੁੱਤ ਦਾ ਸਸਕਾਰ ਨਹੀਂ ਕਰ ਸਕਿਆ। ਉਨ੍ਹਾਂ ਮਾਨਸਾ ਦੇ ਦਲਜੀਤ ਸਿੰਘ ਦਾ ਵੀ ਜ਼ਿਕਰ ਕੀਤਾ, ਜਿਸ ਦੀ ਨਸ਼ੇ ਦੀ ਭੇਟ ਚੜ੍ਹਨ ਤੋਂ ਬਾਅਦ ਪੁਲਿਸ ਪਰਿਵਾਰ ਦੇ ਧਰਨੇ ਤੋਂ ਪਹਿਲਾਂ ਹੀ ਮ੍ਰਿਤਕ ਦੇਹ ਚੁੱਕ ਕੇ ਲੈ ਗਈ। ਇਸ ਮੌਕੇ ਹਲਕਾ ਇੰਚਾਰਜ ਰਵਿੰਦਰ ਸਿੰਘ ਖੇੜਾ ਨੇ ਕਿਹਾ ਕਿ ਪੰਜਾਬ ਵਿੱਚ ਕੋਈ ਵੀ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਸਭ ਤੋਂ ਵੱਧ ਸੰਤਾਪ ਘਰਾਂ ਵਿੱਚ ਬੈਠੀਆਂ ਮਾਵਾਂ ਭੋਗਦੀਆਂ ਹਨ। ਉਨ੍ਹਾਂ ਕਿਹਾ ਕਿ ਮਾਵਾਂ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਵੱਡਾ ਕਰਦੀਆਂ ਹਨ, ਪਰ ਜਦੋਂ ਨੌਕਰੀ ਜਾਂ ਰੋਜ਼ਗਾਰ ਦਾ ਮੌਕਾ ਨਹੀਂ ਮਿਲਦਾ ਅਤੇ ਅਮਨ-ਕਾਨੂੰਨ ਦੀ ਵਿਵਸਥਾ ਵਿਗੜ ਜਾਂਦੀ ਹੈ, ਤਾਂ ਸਭ ਤੋਂ ਵੱਧ ਦੁੱਖ ਮਾਂ ਨੂੰ ਹੀ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਚੱਲ ਰਹੀ ਹੈ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਨੇ ਇਸ ਦਾ ਬੀੜਾ ਚੁੱਕਿਆ ਹੈ।

ਏ.ਡੀ.ਸੀ. ਵੱਲੋਂ ਫਰਮ ਯੂਨਿਟੀ ਵੀਜ਼ਾ ਸਰਵਿਸਿਜ ਦਾ ਲਾਇਸੰਸ ਰੱਦ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ)

ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ?ਰੇਟ ਸ੍ਰੀਮਤੀ ਗੀਤਿਕਾ ਸਿੰਘ ਵੱਲੋਂ ਯੂਨਿਟੀ ਵੀਜ਼ਾ ਸਰਵਿਸਿਜ ਫਰਮ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆਂ ਕਿ ਯੂਨਿਟੀ ਵੀਜ਼ਾ ਸਰਵਿਸਿਜ ਫਰਮ ਐਸ.ਸੀ.ਓ. ਨੰ: 546 ਦੂਜੀ ਮੰਜ਼ਿਲ, ਸੈਕਟਰ-70, ਮੋਹਾਲੀ ਦੇ ਮਾਲਕ ਸ. ਗੁਰਵਿੰਦਰ ਸਿੰਘ ਪੁੱਤਰ ਸ. ਗੁਰਚਰਨ ਸਿੰਘ ਪਤਾ ਪਿੰਡ ਤੇ ਡਾਕਘਰ ਗੰਢੂਆਂ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਹੁਣ ਵਾਸੀ ਫਲੈਟ ਨੰ: 1502, ਟਾਵਰ 04, ਬਲਾਕ ਸੀ, ਪੂਰਵ ਪ੍ਰੀਮੀਅਮ ਅਪਾਰਟਮੈਂਟਸ, ਸੈਕਟਰ 88, ਮੋਹਾਲੀ ਨੂੰ ਕੰਸਲਟੈਂਸੀ ਅਤੇ ਕੋਚਿੰਗ ਇੰਸਟੀਚਿਊਟ ਆਫ ਆਇਲਟਸ ਦੇ ਕੰਮਾਂ ਲਈ ਲਾਇਸੰਸ ਨੰਬਰ 733/ਆਈ.ਸੀ. ਮਿਤੀ 18.11.2024 ਨੂੰ ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 17.11.2029 ਤੱਕ ਹੈ।

ਉਨ੍ਹਾਂ ਦੱਸਿਆ ਗਿਆ ਹੈ ਕਿ ਸਬੰਧਤ ਇਮਾਰਤ ਦੇ ਮਾਲਕ ਸ੍ਰੀ ਸੁਖਬੀਰ ਸਿੰਘ ਵੱਲੋਂ 25 ਸਤੰਬਰ 2026 ਨੂੰ ਬੇਨਤੀ ਕੀਤੀ ਗਈ ਸੀ ਕਿ ਉਸ ਵੱਲੋਂ ਐਸ.ਸੀ.ਓ. ਨੰਬਰ 546, ਦੂਜੀ ਮੰਜ਼ਿਲ, ਸੈਕਟਰ-70, ਮੋਹਾਲੀ ਸ੍ਰੀ ਗੁਰਵਿੰਦਰ ਸਿੰਘ ਨੂੰ ਕਿਰਾਏ 'ਤੇ ਦਿੱਤਾ ਗਿਆ ਸੀ, ਪਰ ਉਨ੍ਹਾਂ ਵੱਲੋਂ ਯੂਨਿਟੀ ਵੀਜ਼ਾ ਸਰਵਿਸਿਜ਼ ਦੇ ਨਾਮ 'ਤੇ ਚਲਾਇਆ ਜਾ ਰਿਹਾ ਕਾਰੋਬਾਰ 1 ਜੂਨ 2025 ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਸਬੰਧਤ ਜਗ?ਹਾ ਖਾਲੀ ਕਰਵਾਉਣ ਅਤੇ ਲਾਇਸੰਸ ਰੱਦ ਕਰਨ ਲਈ ਕਾਰਵਾਈ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਦਰਖਾਸਤ ਅਤੇ ਰਿਕਾਰਡ ਦੀ ਜਾਂਚ ਦੌਰਾਨ ਸਾਹਮਣੇ ਆਇਆ ਕਿ ਲਾਇਸੰਸ ਧਾਰਕ ਵੱਲੋਂ ਜੂਨ 2025 ਤੋਂ ਇਸ ਦਫ਼ਤਰ ਵਿੱਚ ਕੋਈ ਰਿਪੋਰਟ ਪੇਸ਼ ਨਹੀਂ ਕੀਤੀ ਗਈ ਅਤੇ ਇਮੀਗ੍ਰੇਸ਼ਨ ਸੇਵਾਵਾਂ ਨਾਲ ਸਬੰਧਤ ਕਾਰੋਬਾਰ ਬੰਦ ਹੋਣ ਬਾਰੇ ਵੀ ਕੋਈ ਸੂਚਨਾ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ, ਲਾਇਸੰਸ ਵਿੱਚ ਦਰਜ ਮੋਬਾਈਲ ਨੰਬਰ ਵੀ ਬੰਦ ਪਾਇਆ ਗਿਆ। ਉਕਤ ਤੱਥਾਂ ਦੇ ਸਨਮੁੱਖ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2012 ਦੀ ਧਾਰਾ 6(1)(ਈ) ਤਹਿਤ ਨਿਰਧਾਰਤ ਸ਼ਰਤਾਂ ਦੀ ਪਾਲਣਾ ਨਾ ਕਰਨ ਦੇ ਮੱਦੇਨਜ਼ਰ ਯੂਨਿਟੀ ਵੀਜ਼ਾ ਲਾਇਸੰਸ ਨੰ: 733/ਆਈ.ਸੀ. ਮਿਤੀ 18.11.2024 ਨੂੰ ਤੁਰੰਤ ਪ੍ਰਭਾਵ ਤੋਂ ਰੱਦ/ਕੈਂਸਲ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐਕਟ/ਰੂਲਾਂ ਵਿੱਚ ਦਰਸਾਏ ਅਨੁਸਾਰ ਉਕਤ ਪ੍ਰਾਰਥੀ/ਫਰਮ/ਫਰਮ ਦੇ ਮਾਲਕ ਦੇ ਖਿਲਾਫ ਭਵਿੱਖ ਵਿੱਚ ਜੇਕਰ ਕੋਈ ਵੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਲਈ ਉਕਤ ਪ੍ਰਾਰਥੀ/ ਫਰਮ/ ਫਰਮ ਦਾ ਮਾਲਕ ਹਰ ਪੱਖੋਂ ਉਸ ਦੀ ਭਰਪਾਈ ਕਰਨ ਲਈ ਖੁਦ ਜ਼ਿੰਮੇਵਾਰ ਹੋਣਗੇ।

ਅੱਖਾਂ ਦੀਆਂ ਬੀਮਾਰੀਆਂ ਸਬੰਧੀ ਮੁਫ਼ਤ ਮੈਡੀਕਲ ਕੈਂਪ 30 ਅਕਤੂਬਰ ਨੂੰ

ਪੈ.ਗਾਮ-ਏ-ਜਗਤ/ਗੜ੍ਹਸ਼ੰਕਰ28 ਅਕਤੂਬਰ (ਹਰੀ ਕ੍ਰਿਸ਼ਨ ਗੰਗੜ)

ਖੇਤਰ ਦੇ ਪਿੰਡ ਅਲੀਪੁਰ ਵਿੱਚ ਮਿਤੀ 30 ਅਕਤੂਬਰ ਨੂੰ ਅੱਖਾਂ ਦੀਆਂ ਬੀਮਾਰੀਆਂ ਦੀ ਜਾਂਚ ਪੜਤਾਲ, ਇਲਾਜ ਅਤੇ ਲੈਨਜ਼ ਪਾਉਣ ਸਬੰਧੀ ਵਿਸ਼ੇਸ਼ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਜ ਸੇਵੀ ਹਰਭਜਨ ਸਿੰਘ ਅਮਰੀਕਾ ਵਲੋਂ ਪ੍ਰਸਿੱਧ ਸਮਾਜ ਸੇਵੀ ਸੰਸਥਾ ਯੂਨਾਈਟਿਡ ਸਿੱਖਜ਼ ਮਿਸ਼ਨ ਅਤੇ ਪਿੰਡ ਅਲੀਪੁਰ ਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਬਾਰੇ ਗੱਲ ਕਰਦਿਆਂ ਕੈਂਪ ਦੇ ਪ੍ਰਬੰਧਕਾਂ ਬਲਵੀਰ ਸਿੰਘ ਢੇਸੀ ਅਤੇ ਬਲਜੀਤ ਸਿੰਘ ਬੌਬੀ ਨੇ ਦੱਸਿਆ ਕਿ ਸਮਾਜ ਸੇਵੀ ਸੰਸਥਾ ਯੂਨਾਈਟਿਡ ਸਿੱਖਜ਼ ਮਿਸ਼ਨ ਵਲੋਂ ਲੋੜਵੰਦ ਮਰੀਜ਼ਾਂ ਨੂੰ ਮੈਡੀਕਲ ਸਹਾਇਤ ਦੇਣ ਦੇ ਉਦੇਸ਼ ਨਾਲ ਅਜਿਹੇ ਮੁਫ਼ਤ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ 30 ਅਕਤੂਬਰ ਨੂੰ ਲਗਾਏ ਜਾ ਰਹੇ ਇਸ ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ, ਮੁਫ਼ਤ ਐਨਕਾਂ ਅਤੇ ਲੈਨਜ਼ਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਅੱਖਾਂ ਦੀਆਂ ਬੀਮਾਰੀਆਂ ਦੀ ਜਾਂਚ ਅਤੇ ਇਲਾਜ ਸਬੰਧੀ ਲੋੜਵੰਦ ਮਰੀਜ਼ਾਂ ਨੂੰ ਕੈਂਪ ਵਿੱਚ ਹਾਜ਼ਰ ਹੋਣ ਦੀ ਅਪੀਲ ਕੀਤੀ।

ਏ.ਡੀ.ਸੀ ਵੱਲੋਂ ਫਰਮ ਐਂਪਾਇਰ ਵੀਜ਼ਾ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਦਾ ਲਾਇਸੰਸ ਰੱਦ

ਸਾਹਿਬਜ਼ਾਦਾ ਅਜੀਤ ਸਿੰਘ ਨਗਰ 28 ਅਕਤੂਬਰ (ਪੈ.ਗਾਮ-ਏ-ਜਗਤ)

ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ?ਰੇਟ ਸ੍ਰੀਮਤੀ ਗੀਤਿਕਾ ਸਿੰਘ ਵੱਲੋਂ ਫਰਮ ਐਂਪਾਇਰ ਵੀਜ਼ਾ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆਂ ਕਿ ਐਂਪਾਇਰ ਵੀਜ਼ਾ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਫਰਮ ਐਸ.ਸੀ.ਓ. ਨੰਬਰ 11, ਦੂਜੀ ਮੰਜ਼ਿਲ, ਗੌਰਮਿੰਟ ਕਾਲਜ ਰੋਡ ਨੇੜੇ, ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਮਾਲਕ ਹਰਜੀਤ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਹਾਊਸ ਨੰ: 66-ਸੀ ਬੈਰ ਮਾਜਰਾ, ਡਾਕਖਾਨਾ, ਹੱਲੋਮਾਜਰਾ, ਚੰਡੀਗੜ੍ਹ ਅਤੇ ਮਾਲਕ ਭੁਪਿੰਦਰ ਪਾਲ ਪੁੱਤਰ ਗਿਆਨ ਚੰਦ ਵਾਸੀ ਬੈਹੜ, ਡਾਕਖਾਨਾ ਕੋਟ (238), ਪੰਚਕੂਲਾ, ਹਰਿਆਣਾ ਨੂੰ ਕੰਸਲਟੈਂਸੀ ਅਤੇ ਕੋਚਿੰਗ ਇੰਸਟੀਚਿਊਟ ਆਫ ਆਈਲੈਟਸ ਦੇ ਕੰਮਾਂ ਲਈ ਲਾਇਸੰਸ ਨੰਬਰ 626/ਆਈ.ਸੀ. ਮਿਤੀ 02 ਨਵੰਬਰ 2023 ਨੂੰ ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 01 ਨਵੰਬਰ 2028 ਤੱਕ ਸੀ। ਏ.ਡੀ.ਸੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ ਫਰਮ ਐਂਪਾਇਰ ਵੀਜ਼ਾ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਦੇ ਮਾਲਕਾਂ ਵੱਲੋਂ ਇੰਮੀਗ੍ਰੇਸ਼ਨ ਐਕਟ, 1983 ਅਤੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2012 ਦੀ ਧਾਰਾ 6(1)(ਈ) ਦੇ ਉਪਬੰਧਾਂ ਦੀ ਉਲੰਘਣਾ ਕੀਤੇ ਜਾਣ ਕਾਰਨ ਉਕਤ ਲਾਇਸੰਸ ਨੂੰ ਦਫ਼ਤਰੀ ਹੁਕਮ ਮਿਤੀ 27 ਮਾਰਚ 2026 ਰਾਹੀਂ ਤਿੰਨ ਮਹੀਨਿਆਂ ਲਈ ਮੁਅੱਤਲ ਕੀਤਾ ਗਿਆ ਸੀ। ਇਸ ਦੇ ਨਾਲ ਹੀ ਕੰਪਨੀ ਦੇ ਮਾਲਕਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਨੋਟਿਸ ਜਾਰੀ ਹੋਣ ਤੋਂ ਬਾਅਦ ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ ਫਰਮ ਦੇ ਮਾਲਕਾਂ ਵੱਲੋਂ ਆਪਣਾ ਕੋਈ ਜਵਾਬ ਜਾਂ ਸਪੱਸ਼ਟੀਕਰਨ ਦਫ਼ਤਰ ਵਿੱਚ ਪੇਸ਼ ਨਹੀਂ ਕੀਤਾ ਗਿਆ। ਇਸ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਸਬੰਧਤ ਕਾਨੂੰਨੀ ਉਪਬੰਧਾਂ ਦੀ ਉਲੰਘਣਾ ਦੇ ਮੱਦੇਨਜ਼ਰ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2012 ਦੀ ਧਾਰਾ 6(1)(ਈ) ਦੇ ਉਪਬੰਧਾਂ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਫਰਮ ਐਂਪਾਇਰ ਵੀਜ਼ਾ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਨੂੰ ਜਾਰੀ ਲਾਇਸੰਸ ਨੰਬਰ 626/ਆਈ.ਸੀ. ਮਿਤੀ 02 ਨਵੰਬਰ 2023 ਨੂੰ ਤੁਰੰਤ ਪ੍ਰਭਾਵ ਤੋਂ ਰੱਦ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਐਕਟ/ਰੂਲਾਂ ਵਿੱਚ ਦਰਸਾਏ ਅਨੁਸਾਰ ਉਕਤ ਪ੍ਰਾਰਥੀਆਂ/ ਫਰਮ/ ਫਰਮ ਦੇ ਮਾਲਕਾਂ ਦੇ ਖਿਲਾਫ ਭਵਿੱਖ ਵਿੱਚ ਜੇਕਰ ਕੋਈ ਵੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਲਈ ਉਕਤ ਪ੍ਰਾਰਥੀ/ ਫਰਮ/ ਫਰਮ ਦਾ ਮਾਲਕ ਹਰ ਪੱਖੋਂ ਉਸ ਦੀ ਭਰਪਾਈ ਕਰਨ ਲਈ ਖੁਦ ਜ਼ਿੰਮੇਵਾਰ ਹੋਣਗੇ।

ਰੈਲ ਮਾਜਰਾ ਬਣਿਆ ਭਗਤੀ ਦਾ ਧਾਮ, ਨੈਣਾਂ ਦੇਵੀ ਤੋਂ ਆਈ ਪਵਿੱਤਰ ਜੋਤ ਦੇ ਦਰਸ਼ਨਾਂ ਲਈ ਉੱਮੜਿਆ ਸ਼ਰਧਾ ਦਾ ਸੈਲਾਬ, ਸਾਰੀ ਰਾਤ ਝੂਮਦੀ ਰਹੀ ਸੰਗਤ

ਪੈ.ਗਾਮ-ਏ-ਜਗਤ/ਨਵਾਂਸ਼ਹਿਰ
ਕਾਠਗੜ੍ਹ/28 ਅਕਤੂਬਰ
(ਜਤਿੰਦਰਪਾਲ ਸਿੰਘ ਕਲੇਰ)

ਪਿੰਡ ਰੈਲ ਮਾਜਰਾ ਵਿੱਚ ਦੂਸਰਾ ਮਾਂ ਭਗਵਤੀ ਜਾਗਰਣ ਬੜੀ ਸ਼ਰਧਾ-ਭਾਵਨਾ ਅਤੇ ਧੂਮਧਾਮ ਨਾਲ ਕਰਵਾਇਆ ਗਿਆ। ਜਾਗਰਣ ਵਾਲੇ ਦਿਨ ਸਾਰਾ ਪਿੰਡ ਮਾਤਾ ਰਾਣੀ ਦੀ ਭਗਤੀ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। ਸਵੇਰ ਤੋਂ ਹੀ ਪਿੰਡ ਵਿੱਚ ਚਹਿਲ-ਪਹਿਲ ਸ਼ੁਰੂ ਹੋ ਗਈ ਸੀ ਅਤੇ ਦੂਰ-ਦੁਰਾਡੇ ਤੋਂ ਸੰਗਤਾਂ ਦਾ ਆਉਣਾ ਸ਼ੁਰੂ ਹੋ ਗਿਆ ਸੀ। ਦੇਰ ਰਾਤ ਤੱਕ ਜੈ ਮਾਤਾ ਦੀ ਦੇ ਜੈਕਾਰਿਆਂ ਨਾਲ ਸਾਰਾ ਇਲਾਕਾ ਗੂੰਜਦਾ ਰਿਹਾ।



ਮਾਤਾ ਰਾਣੀ ਦੀ ਪਵਿੱਤਰ ਜੋਤ ਸ੍ਰੀ ਸ਼ਕਤੀ ਪੀਠ ਨੈਣਾਂ ਦੇਵੀ ਦਰਬਾਰ ਤੋਂ ਲਿਆਂਦੀ ਗਈ। ਜੋਤ ਦੇ ਪਿੰਡ ਪਹੁੰਚਦਿਆਂ ਹੀ ਮਾਹੌਲ ਭਗਤੀਮਈ ਹੋ ਗਿਆ। ਜੋਤ ਦਾ ਸਵਾਗਤ ਬੈਂਡ-ਵਾਜਿਆਂ ਨਾਲ ਕੀਤਾ ਗਿਆ ਅਤੇ ਜੋਤ ਨੂੰ ਪੂਰੇ ਪਿੰਡ ਵਿੱਚ ਘੁਮਾਇਆ ਗਿਆ। ਰਸਤੇ ਵਿੱਚ ਪਿੰਡ ਵਾਸੀਆਂ ਵੱਲੋਂ ਥਾਂ-ਥਾਂ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਔਰਤਾਂ ਨੇ ਜੋਤ ਦੇ ਦਰਸ਼ਨ ਕਰ ਕੇ ਮੱਥਾ ਟੇਕਿਆ। ਉਪਰੰਤ ਜੋਤ ਨੂੰ ਜਾਗਰਣ ਪੰਡਾਲ ਵਿੱਚ ਸੁਸ਼ੋਭਿਤ ਕੀਤਾ ਗਿਆ। ਵਿਧੀਪੂਰਵਕ ਮੰਤਰ ਉਚਾਰਨ ਤੋਂ ਬਾਅਦ ਜਾਗਰਣ ਦੀ ਸ਼ੁਰੂਆਤ ਕੀਤੀ ਗਈ। ਮਾਤਾ ਰਾਣੀ ਦਾ ਸੁੰਦਰ ਭਵਨ ਵੇਖਣਯੋਗ ਸੀ, ਜਿਸ ਨੂੰ ਰੰਗ-ਬਿਰੰਗੀਆਂ ਲਾਈਟਾਂ ਅਤੇ ਫੁੱਲਾਂ ਨਾਲ ਸ਼ਿੰਗਾਰਿਆ ਗਿਆ ਸੀ।

ਜਾਗਰਣ ਦੀ ਸ਼ੁਰੂਆਤ ਵਿੱਚ ਗਾਇਕ ਸ਼ੌਕੀ ਰੋਪੜ ਵਾਲਾ ਐਂਡ ਪਾਰਟੀ ਨੇ ਮਹਾਂਮਾਈ ਦੀਆਂ ਹਿੱਟ ਭੇਟਾਂ ਗਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਉਨ੍ਹਾਂ ਦੀਆਂ ਭੇਟਾਂ 'ਤੇ ਸੰਗਤ ਨੇ ਖੂਬ ਨਾਚ ਕੀਤਾ ਅਤੇ ਮਾਤਾ ਦੇ ਜੈਕਾਰੇ ਲਗਾਏ। ਠੀਕ ਰਾਤ 1 ਵਜੇ ਤੋਂ ਪੰਜਾਬ ਦੀ ਮਸ਼ਹੂਰ ਭੇਟ ਗਾਇਕਾ ਜੋੜੀ ਧੀਮਾਨ ਸਿਸਟਰਜ਼ ਨੇ ਸਟੇਜ ਸੰਭਾਲੀ। ਉਨ੍ਹਾਂ ਨੇ ਆਪਣੀਆਂ ਮਧੁਰ ਭੇਟਾਂ ਨਾਲ ਸਾਰਾ ਪੰਡਾਲ ਭਗਤੀ ਰਸ ਵਿੱਚ ਡੋਬ ਦਿੱਤਾ ਅਤੇ ਦਰਸ਼ਕਾਂ ਨੂੰ ਨੱਚਣ ਲਾਈ ਰੱਖਿਆ। ਸੰਗਤ ਸਾਰੀ ਰਾਤ ਭੇਟਾਂ 'ਤੇ ਝੂਮਦੀ ਰਹੀ। ਅਖੀਰ ਵਿੱਚ ਮਾਤਾ ਤਾਰਾਂ ਰਾਣੀ ਦੀ ਕਥਾ ਨਾਲ ਜਾਗਰਣ ਦੀ ਸਮਾਪਤੀ ਹੋਈ।

ਜਾਗਰਣ ਦੌਰਾਨ ਸੰਗਤ ਲਈ ਲੰਗਰ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਪ੍ਰਬੰਧਕਾਂ ਵੱਲੋਂ ਆਉਣ ਵਾਲੀ ਹਰ ਸੰਗਤ ਦਾ ਨਿੱਘਾ ਸਵਾਗਤ ਕੀਤਾ ਗਿਆ। ਪਿੰਡ ਦੇ ਨੌਜਵਾਨਾਂ ਨੇ ਦਿਨ-ਰਾਤ ਸੇਵਾ ਵਿੱਚ ਹਾਜ਼ਰ ਰਹਿ ਕੇ ਜਾਗਰਣ ਨੂੰ ਸਫਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਸੰਗਤ ਨੇ ਪ੍ਰਬੰਧਾਂ ਦੀ ਖ਼ੂਬ ਸ਼ਲਾਘਾ ਕੀਤੀ।

ਇਸ ਮੌਕੇ ਕਾਂਗਰਸ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਨਾਨਕ ਜੰਡੀ, ਪ੍ਰਧਾਨ ਸੁਰਿੰਦਰ ਛਿੰਦਾ, ਅਕਾਲੀ ਨੇਤਾ ਗੁਰਪ੍ਰੀਤ ਗੁੱਜਰ ਰੈਲ ਮਾਜਰਾ, ਸਰਪੰਚ ਅਨੀਤਾ, ਸੱਤਪਾਲ ਸੰਧੂ, ਸਮਾਜ ਸੇਵੀ ਸੱਜਣ ਸਿੰਘ, ਬਾਜ਼ੀਗਰ ਸਮਾਜ ਪੰਜਾਬ ਪ੍ਰਧਾਨ ਗੱਜਣ ਸਿੰਘ, ਜ਼ਿਲ੍ਹਾ ਪ੍ਰਧਾਨ ਰੋਹੀ ਰਾਮ, ਧਾਰਮਿਕ ਸ਼ਖ਼ਸੀਅਤ ਸਾਈਂ ਸਲੀਮ ਸ਼ਾਹ, ਸਾਈਂ ਸਿਕੰਦਰ ਸ਼ਾਹ ਹਾਜ਼ਰ ਸਨ। ਪ੍ਰਬੰਧਕਾਂ ਵਿੱਚ ਕਸ਼ਮੀਰ ਸਿੰਘ, ਬਲਵੀਰ ਸਿੰਘ, ਸੱਤਪਾਲ, ਅਮਰੀਕ ਸਿੰਘ, ਜਸਪਾਲ ਜੱਸੀ, ਦਿਲਬਾਗ ਰਿੰਕੂ, ਚਮਨ ਲਾਲ, ਅਜੇ, ਪ੍ਰੇਮ ਚੰਦ, ਜਨਕ, ਸੂਰਜ, ਪਵਨ, ਜੋਜਨ, ਸੁਖਦੀਪ, ਬੰਟੀ ਦਿਨ-ਰਾਤ ਸੇਵਾ ਵਿੱਚ ਹਾਜ਼ਰ ਰਹੇ।

ਤਿਉਹਾਰਾਂ ਦੇ ਮੱਦੇਨਜ਼ਰ ਖਾਣ-ਪੀਣ ਦੀਆਂ ਵਸਤਾਂ ਦੀ ਗੁਣਵੱਤਾ ਯਕੀਨੀ ਬਣਾਏ ਸਿਹਤ ਵਿਭਾਗ : ਜਥੇਦਾਰ ਸੁਰਜੀਤ ਸਿੰਘ ਦੋਭਾਲੀ

ਪੈ.ਗਾਮ-ਏ-ਜਗਤ/ਨਵਾਂਸ਼ਹਿਰ
28 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ)

ਸਾਲ ਦੇ ਸਭ ਤੋਂ ਵੱਡੇ ਤਿਓਹਾਰ ਦੀਵਾਲੀ, ਕਰਵਾਚੌਥ, ਅਹੋਈ ਅਸ਼ਟਮੀ ਅਤੇ ਧੰਨ ਤੇਰਸ ਆਦਿ ਨੂੰ ਦੇਖਦੇ ਹੋਏ ਬਾਜ਼ਾਰਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀ ਵਧਦੀ ਮੰਗ ਦੇ ਮੱਦੇਨਜ਼ਰ ਮਿਲਾਵਟਖੋਰੀ ਨੂੰ ਰੋਕਣਾ ਅਤੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਯਕੀਨੀ ਬਣਾਉਣਾ ਬੇਹੱਦ ਨੇ ਸਿਹਤ ਵਿਭਾਗ ਤੋਂ ਉੱਘੇ ਸਮਾਜ ਸੇਵੀ ਜਥੇਦਾਰ ਸੁਰਜੀਤ ਸਿੰਘ ਦੋਭਾਲੀ ਮੰਗ ਕੀਤੀ ਹੈ ਕਿ ਤਿਉਹਾਰੀ ਸੀਜ਼ਨ ਦੌਰਾਨ ਮਠਿਆਈਆਂ ਅਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੀ ਗੁਣਵੱਤਾ ਦੀ ਜਾਂਚ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ, ਤਾਂ ਜੋ ਮਿਲਾਵਟੀ ਸਾਮਾਨ ਦੀ ਵਿਕਰੀ 'ਤੇ ਸਖ਼ਤੀ ਨਾਲ ਰੋਕ ਲੱਗ ਸਕੇ। ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਕਿਹਾ ਕਿ ਦੀਵਾਲੀ ਵਰਗੇ ਵੱਡੇ ਤਿਉਹਾਰਾਂ ਦੌਰਾਨ ਮਠਿਆਈਆਂ ਅਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੀ ਮੰਗ ਕਾਫ਼ੀ ਵਧ ਜਾਂਦੀ ਹੈ। ਅਜਿਹੇ ਸਮੇਂ ਵਿੱਚ ਮਿਲਾਵਟੀ ਖੋਆ, ਘਿਓ ਅਤੇ ਤੇਲ ਵਰਗੀਆਂ ਵਸਤਾਂ ਦੀ ਵਿਕਰੀ ਲੋਕਾਂ ਦੀ ਸਿਹਤ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ। ਮੁਨਾਫ਼ੇ ਦੀ ਖ਼ਾਤਰ ਲੋਕਾਂ



ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਮਠਿਆਈ ਵਿਕਰੇਤਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਮਠਿਆਈਆਂ ਤਿਆਰ ਕਰਨ ਲਈ ਸ਼ੁੱਧ ਦੁੱਧ, ਘਿਓ, ਤੇਲ ਅਤੇ ਖੋਏ ਦੀ ਵਰਤੋਂ ਕਰਨ ਅਤੇ ਗੁਣਵੱਤਾ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣ। ਕਿਉਂਕਿ ਤਿਉਹਾਰ ਖੁਸ਼ੀਆਂ ਸਾਂਝੀਆਂ ਕਰਨ ਦਾ ਮੌਕਾ ਹੁੰਦੇ ਹਨ, ਇਸ ਲਈ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਲੋਕਾਂ ਦੀਆਂ ਖ਼ੁਸ਼ੀਆਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਵਿੱਚ ਨਹੀਂ ਬਦਲਣੀ ਚਾਹੀਦੀ। ਆਮ ਲੋਕਾਂ ਨੂੰ ਵੀ ਸੁਚੇਤ ਰਹਿਣ ਦੀ ਸਲਾਹ ਦਿੰਦਿਆਂ ਕੰਗ ਵਸਤਾਂ ਖਰੀਦਣ ਸਮੇਂ ਉਨ੍ਹਾਂ ਦੀ ਗੁਣਵੱਤਾ, ਪੈਕਿੰਗ, ਮਿਆਦ ਪੁੱਗਣ ਦੀ ਤਾਰੀਖ ਅਤੇ ਨਿਰਮਾਣ ਸਬੰਧੀ ਜਾਣਕਾਰੀ ਦੀ ਜਾਂਚ ਜ਼ਰੂਰ ਕੀਤੀ ਜਾਵੇ। ਸਿਰਫ਼ ਸਸਤੇ ਭਾਅ ਦੇ ਲਾਲਚ ਵਿੱਚ ਆ ਕੇ ਸਿਹਤ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਖਰੀਦਦਾਰੀ ਲਈ ਭਰੋਸੇਯੋਗ ਦੁਕਾਨਾਂ ਅਤੇ ਸਟੋਰਾਂ ਨੂੰ ਤਰਜੀਹ ਦੇਣ ਦੇ ਨਾਲ-ਨਾਲ ਬਿੱਲ ਵੀ ਜ਼ਰੂਰ ਲੈਣਾ ਚਾਹੀਦਾ ਹੈ, ਤਾਂ ਜੋ ਕਿਸੇ ਵਸਤੂ ਵਿੱਚ ਨੁਕਸ ਪਾਏ ਜਾਣ 'ਤੇ ਸਬੰਧਤ ਵਿਕਰੇਤਾ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ।

ਭਗਵਾਨ ਬਾਲਮੀਕ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਦਾ ਆਯੋਜਿਨ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਭਗਵਾਨ ਬਾਲਮੀਕ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਸਥਾਨਕ ਬੀ.ਡੀ.ਸੀ. ਬਲੱਡ ਸੈਂਟਰ ਵਿਖੇ ਆਯੋਜਿਤ ਕੀਤਾ ਗਿਆ। ਕੈਂਪ ਦਾ ਉਦਘਾਟਨ ਸ੍ਰੀਮਤੀ ਸੰਗੀਤਾ ਗਿੱਲ੍ਹ ਐਮ.ਸੀ ਵਲੋਂ ਆਪਣੇ ਕਰ ਕਮਲਾਂ ਨਾਲ੍ਹ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ੍ਹ ਸ੍ਰੀ ਵਿੱਕੀ ਗਿੱਲ, ਪ੍ਰੇਰਕ ਗੌਰਵ ਪ੍ਰਧਾਨ,26 ਵੀਂ ਵਾਰ ਖ਼ੂਨਦਾਨੀ ਲਖਵੀਰ ਸਿੰਘ ਰਾਹੋਂ, ਅਜੇ ਚੇਚੀ, ਜੀ.ਐਸ.ਤੂਰ, ਜੇ.ਐਸ.ਗਿੱਦਾ, ਮੈਨੇਜਰ ਮਨਮੀਤ ਸਿੰਘ ਹਾਜਰ ਸਨ। ਕੈਂਪ ਦਾ ਆਯੋਜਿਨ ਭਗਵਾਨ ਬਾਲਮੀਕੀ ਨੌਜਵਾਨ ਸਭਾ ਸਲੋਹ ਵਲੋਂ ਬੀ.ਡੀ.ਸੀ ਦੇ ਤਕਨੀਕੀ ਸਹਿਯੋਗ ਨਾਲ੍ਹ ਕੀਤਾ ਗਿਆ। ਡਾ.ਅਜੇ ਬੱਗਾ ਦੀ ਅਗਵਾਈ ਵਿੱਚ ਬੀ.ਡੀ.ਸੀ ਦੀ ਤਕਨੀਕੀ ਟੀਮ ਨੇ ਖ਼ੂਨਦਾਨੀਆਂ ਤੋਂ ਖ਼ੂਨ ਪ੍ਰਾਪਤ ਕੀਤਾ ਕੈਂਪ ਵਿੱਚ ਕੁੱਲ ਪੰਜਾਹ ਖ਼ੂਨਦਾਨੀ ਫ਼ਰਿਸ਼ਤਿਆਂ ਨੇ ਸਵੈ ਇਛੁੱਕ ਖ਼ੂਨਦਾਨ ਕੀਤਾ। ਜੀ.ਐਸ.ਤੂਰ, ਜੇ.ਐਸ.ਗਿੱਦਾ ਅਤੇ ਡਾ.ਅਜੇ ਬੱਗਾ ਨੇ ਇਸ ਮੌਕੇ ਭਗਵਾਨ ਬਾਲਮੀਕ ਜੀ ਪ੍ਰਤੀ ਸ਼ਰਧਾ ਪੂਰਬਕ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਿ ਭਗਵਾਨ ਬਾਲਮੀਕੀ ਜੀ ਨੇ ਵਿਸ਼ਵ ਨੂੰ ਗਿਆਨ ਵੰਡਣ ਦੀ ਮਹਾਨ ਤੇ ਪਵਿੱਤਰ ਸੇਵਾ ਕੀਤੀ। ਇਸ ਲਈ ਉਹਨਾਂ ਦੇ ਹੱਥ ਵਿੱਚ ਹਮੇਸ਼ਾ ਕਲਮ ਵਿਖਾਈ ਗਈ ਹੈ ਉਹਨਾਂ ਦੀ ਸਿੱਖਿਆਵਾਂ ਦੇ ਫਲਸਰੂਪ ਅੱਜ ਪੁੰਨ ਦੇ ਕਾਰਜ ਹੋ ਰਹੇ ਹਨ। ਬੀ.ਡੀ.ਸੀ ਵਲੋਂ ਇਸ ਮੌਕੇ ਖ਼ੂਨਦਾਨੀ ਫ਼ਰਿਸ਼ਤਿਆਂ ਨੂੰ ਵਿਸ਼ੇਸ਼ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।




ਖ਼ਾਲਸਾ ਕਾਲਜ ਦਾ ਬੀ.ਏ. ਬੀ.ਐੱਡ ਦਾ ਨਤੀਜਾ ਸ਼ਾਨਦਾਰ ਰਿਹਾ



ਪੈ.ਗਾਮ-ਏ-ਜਗਤ/ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਚਾਰ ਸਾਲਾ ਇੰਟਗ੍ਰੇਟਿਡ ਕੋਰਟ ਬੀ.ਏ. ਬੀ.ਐੱਡ. ਦੇ ਚੌਥੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਪਿ?ਰੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਵਲੋਂ ਐਲਾਨੇ ਗਏ ਬੀ.ਏ. ਬੀ.ਐੱਡ. ਚੌਥੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਹਰਜੋਤ ਨੇ 86 ਫੀਸਦੀ ਅੰਕ ਹਾਸਿਲ ਕਰਕੇ ਕਲਾਸ ਵਿਚੋਂ ਪਹਿਲਾ ਸਥਾਨ, ਬਬਲੀਨ ਕੌਰ ਨੇ 84.9 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਤੇ ਕੋਮਲ ਨੇ 84.5 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਪਿ?ਰੰਸੀਪਲ ਡਾ. ਅਮਨਦੀਪ ਹੀਰਾ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ 'ਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਭਵਿੱਖ ਵਿਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਪਿੰਡ ਦੇਣੋਵਾਲ ਖੁਰਦ ਵਿਖੇ ਲਗਾਇਆ ਰੋਜ਼ਗਾਰ ਕੈਂਪ



ਪੈ.ਗਾਮ-ਏ-ਜਗਤ
ਗੜ੍ਹਸ਼ੰਕਰ, 28 ਅਕਤੂਬਰ: (ਹਰੀ ਕ੍ਰਿਸ਼ਨ ਗੰਗੜ)

ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁਧ ਮੁਹਿਮ ਤਹਿਤ ਐਸ.ਡੀ.ਐਮ. ਗੜ੍ਹਸ਼ੰਕਰ ਸੰਜੀਵ ਕੁਮਾਰ ਦੀ ਅਗਵਾਈ ਹੇਠ ਅੱਜ ਪਿੰਡ ਦੇਣੋਵਾਲ ਖੁਰਦ (ਗੜ੍ਹਸ਼ੰਕਰ) ਵਿਖੇ ਰੋਜ਼ਗਾਰ ਕੈਂਪ ਲਗਾਇਆ ਗਿਆ। ਇਸ ਵਿੱਚ ਡੀ.ਐਸ.ਪੀ. ਕਮਲਜੀਤ ਸਿੰਘ, ਪੇਂਡੂ ਵਿਕਾਸ ਦਫਤਰ, ਸਿਹਤ ਵਿਭਾਗ ਅਤੇ ਸਪੋਰਟਸ ਵਿਭਾਗ ਦੇ ਨੁਮਾਇੰਦੇ ਵੀ ਹਾਜ਼ਰ ਸਨ। ਉਨ੍ਹਾਂ ਨੇ ਨੌਜਵਾਨਾਂ ਨੂੰ ਜਾਗਰੂਕ ਕਰਨ ਦੇ ਲਈ ਪਿੰਡ ਦੇ ਸਰਪੰਚ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਰਮਨਦੀਪ ਕੌਰ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵੱਲੋਂ ਬੇਰੋਜ਼ਗਾਰ ਪ੍ਰਾਰਥੀਆਂ ਨੂੰ ਰੋਜ਼ਗਾਰ ਸਬੰਧੀ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ, ਜਿਵੇਂ ਕਿ ਪ੍ਰਾਰਥੀਆਂ ਦੇ ਭਵਿੱਖ ਦੇ ਲਈ ਕਰੀਅਰ ਕਾਉਂਸਲਿੰਗ ਅਤੇ ਸਰਕਾਰੀ ਨੌਕਰੀਆਂ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ, ਰੋਜ਼ਗਾਰ ਦਫ਼ਤਰ ਦੇ ਪਲੇਸਮੈਂਟ ਸੈੱਲ ਦੁਆਰਾ ਨੌਕਰੀਆਂ ਦੇਣ ਦੇ ਉਪਰਾਲੇ ਕੀਤੇ ਜਾਂਦੇ ਹਨ ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਵਾਲੇ ਪ੍ਰਾਰਥੀਆਂ ਨੂੰ ਸਵੈ-ਰੋਜ਼ਗਾਰ ਸਕੀਮਾਂ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਇਸ ਮੌਕੇ ਪਿੰਡ ਦੇਣੋਵਾਲ ਖੁਰਦ ਦੇ ਸਰਪੰਚ, ਨੰਬਰਦਾਰ ਅਤੇ ਹੋਰ ਪੰਚਾਇਤ ਮੈਂਬਰ ਵੀ ਹਾਜ਼ਰ ਸਨ।

ਰਾਹੋਂ ਦੇ ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ.) ਵਿੱਚ 24 ਘੰਟੇ ਸਿਹਤ ਸੇਵਾਵਾਂ ਸ਼ੁਰੂ ਕਰਵਾਈਆਂ ਜਾਣ : ਡਾਕਟਰ ਨਛੱਤਰ ਪਾਲ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

- ਰਾਤ ਦੇ ਸਮੇਂ ਘੱਟੋ-ਘੱਟ ਇੱਕ ਪੁਰਸ਼ ਡਾਕਟਰ ਅਤੇ ਸੁਰੱਖਿਆ ਕਰਮਚਾਰੀ ਨੂੰ ਵੀ ਯਕੀਨੀ ਬਣਾਇਆ ਜਾਵੇ

ਵਿਧਾਨ ਸਭਾ ਦੇ ਸ਼ੈਸ਼ਨ ਵਿੱਚ ਬਹੁਜਨ ਸਮਾਜ ਪਾਰਟੀ ਦੇ ਨਵਾਂ ਸ਼ਹਿਰ ਤੋਂ ਵਿਧਾਇਕ ਡਾਕਟਰ ਨਛੱਤਰ ਪਾਲ ਵੱਲੋ ਹਮੇਸ਼ਾ ਆਪਣੇ ਹਲਕੇ ਅਤੇ ਪੰਜਾਬ ਦੇ ਮੁੱਦਿਆਂ ਨੂੰ ਹਮੇਸ਼ਾ ਪਹਿਲ ਦੇ ਅਧਾਰ ਤੇ ਚੁੱਕਿਆ ਹੈ ਜਿਸ ਵਿੱਚ ਉਹਨਾਂ ਵੱਲੋ ਇੱਕ ਸਵਾਲ ਲਗਾਇਆ ਗਿਆ ਸੀ ਜਿਸ ਵਿੱਚ ਉਹਨਾਂ ਵੱਲੋ ਮੰਗ ਕੀਤੀ ਗਈ ਸੀ ਕਿ ਮੇਰੇ ਹਲਕੇ ਵਿੱਚ ਪੈਂਦੇ ਨਗਰ ਕੌਂਸਲ ਰਾਹੋਂ ਦੇ ਕਮਿਊਨਿਟੀ ਹੈਲਥ ਸੈਂਟਰ (ਸੀ ਐਚ ਸੀ) ਵਿੱਚ 24 ਘੰਟੇ ਮੁੱਢਲਿਆ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ ਕਿਉਕਿ ਇਹ 30 ਬੈਡਾ ਦਾ ਕਮਿਊਨਿਟੀ ਹੈਲਥ ਸੈਂਟਰ 2016 ਤੋਂ ਇਸ ਇਲਾਕੇ ਦੇ ਲੋਕਾਂ ਨੂੰ ਮੁੱਢਲਿਆ ਸਹਿਤ ਸਹੂਲਤਾਂ ਪ੍ਰਦਾਨ ਕਰਦਾ ਆ ਰਿਹਾ ਹੈ।

ਪਿਛਲੇ ਕੁਝ ਸਮੇਂ ਤੋਂ ਇਸ ਕਮਿਊਨਿਟੀ ਹੈਲਥ ਸੈਂਟਰ ਵਿੱਚ ਡਾਕਟਰਾਂ ਦੀ ਬਹੁਤ ਕਮੀ ਆਈ ਅਤੇ ਕਮਿਊਨਿਟੀ ਹੈਲਥ ਸੈਂਟਰ ਬੰਦ ਹੋਣ ਦੀ ਕਗਾਰ ਵਿੱਚ ਹੈ ਅਤੇ 24 ਘੰਟੇ ਸਿਹਤ ਸਹੂਲਤਾਂ ਤੋਂ ਇਹ ਕਮਿਊਨਿਟੀ ਹੈਲਥ ਸੈਂਟਰ ਬੰਦ ਹੈ। ਉਨਾ ਆਖਿਆ ਕਿ ਇਹ ਕਮਿਊਨਿਟੀ ਹੈਲਥ ਸੈਂਟਰ ਰਾਹੋਂ ਦੇ ਨਾਲ ਲੱਗਦੇ 80 ਪਿੰਡਾਂ ਦੇ ਲੋਕ ਇਥੋਂ ਇਲਾਜ ਕਰਵਾਉਣ ਵਾਸਤੇ ਆਉਂਦੇ ਹਨ। ਅਤੇ ਵਿਧਾਇਕ ਡਾਕਟਰ ਨਛੱਤਰ ਪਾਲ ਨੇ ਕਿਹਾ ਕਿ ਇਸ ਹੈਲਥ ਸੈਂਟਰ ਵਿੱਚ ਸੁਪਰ ਸਪੈਸ਼ਲਿਸਟ ਡਾਕਟਰ ਦੀ ਵੀ ਘਾਟ ਹੈ ਅਤੇ ਰਾਤ ਨੂੰ ਇੱਕ ਪੱਕਾ ਪੁਰਸ਼ ਡਾਕਟਰ ਦਾ ਵੀ ਪ੍ਰਬੰਧ ਕੀਤਾ ਜਾਵੇ ਰਾਤ ਦੇ ਸਮੇਂ ਇੱਕ ਸੁਰੱਖਿਆ ਕਰਮਚਾਰੀ ਦਾ ਵੀ ਯਕੀਨੀ ਬਣਾਇਆ ਜਾਵੇ ਤਾਂ ਜੋ ਰਾਤ ਦੇ ਸਮੇਂ ਲੇਡੀਜ਼ ਡਾਕਟਰ ਨੂੰ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਪਰੇਸ਼ਾਨੀ ਨਾ ਆਵੇ ਅਤੇ ਹੈਲਥ ਸੈਂਟਰ ਵਿੱਚ ਸੁਪਰ ਸਪੈਸ਼ਲਿਸਟ ਡਾਕਟਰ ਦਾ ਵੀ ਬਦਲਵਾਂ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਰੀਜ਼ਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਤੰਗੀ ਪਰੇਸ਼ਾਨੀ ਨਾ ਆਵੇ ਅਤੇ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।



ਇਸ ਸਵਾਲ ਜਵਾਬ ਦਿੰਦੇ ਹੋਏ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਕਿਹਾ ਕਿ ਮਾਨਯੋਗ ਵਿਧਾਇਕ ਦੀ ਮੰਗ ਜਾਇਜ਼ ਹੈ ਅਸੀਂ ਇਸ ਹੈਲਥ ਸੈਂਟਰ ਨੂੰ ਮੁੜ ਤੋਂ ਦੁਬਾਰਾ 24 ਘੰਟੇ ਸਿਹਤ ਸੇਵਾਵਾਂ ਦੀ ਸਰਵਿਸ ਸ਼ੁਰੂ ਕਰ ਦਿੱਤੀ ਹੈ ਇਸ ਹੈਲਥ ਸੈਂਟਰ ਵਿੱਚ ਡਾਕਟਰ ਲਗਾ ਦਿੱਤੇ ਗਏ ਹਨ ਅਤੇ 26 ਵਿੱਚੋਂ 12 ਪੋਸਟਾਂ ਪਰ ਦਿੱਤੀਆਂ ਗਈਆਂ ਹਨ ਅਤੇ ਦੁਬਾਰਾ ਤੋਂ ਡਿਲਵਰੀਆਂ ਹੋਣੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਜੇ ਕੋਈ ਹੋਰ ਵੀ ਕਮੀ ਪੇਸ਼ੀ ਰਹਿ ਗਈ ਹੈ ਉਸ ਨੂੰ ਵੀ ਅਸੀਂ ਜਲਦ ਤੋਂ ਜਲਦ ਪੂਰਾ ਕਰਾਂਗੇ

ਜਦੋਂ ਵਿਧਾਇਕ ਡਾਕਟਰ ਨਛੱਤਰਪਾਲ ਵੱਲੋਂ ਪੁੱਛਿਆ ਗਿਆ ਕਿ ਨਵਾਂ ਸ਼ਹਿਰ ਦੇ ਮੈਡੀਕਲ ਕਾਲਜ ਦਾ ਕੀ ਸਟੇਟਸ ਹੈ ਤਾਂ ਸਹਿਤ ਅਤੇ ਪਰਿਵਾਰ ਭਲਾਈ ਮੰਤਰੀ ਸਾਹਿਬ ਨੇ ਜਵਾਬ ਦਿੰਦਿਆਂ ਆਖਿਆ ਕਿ ਸਾਡੇ ਕੋਲ ਨਵਾਂ ਸ਼ਹਿਰ ਦੇ ਮੈਡੀਕਲ ਕਾਲਜ ਨੂੰ ਬਣਾਉਣ ਵਾਸਤੇ ਤਿੰਨ ਕੰਪਨੀਆਂ ਨੇ ਪ੍ਰਪੋਜਲਾਂ ਦਿੱਤੀਆਂ ਹਨ ਜਿਨਾਂ ਦਾ ਮਹਿਕਮੇ ਵੱਲੋਂ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਅਤੇ ਜਦੋਂ ਇਹ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ ਤਾਂ ਜਲਦੀ ਹੀ ਨਵਾਂ ਸ਼ਹਿਰ ਦੇ ਮੈਡੀਕਲ ਕਾਲਜ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਵਿਕਾਸ ਦੇ ਸਿਰ 'ਤੇ 'ਆਪ' ਦੀ 2027 'ਚ ਹੋਵੇਗੀ ਵਾਪਸੀ : ਰਾਜ ਦਵਿੰਦਰ ਸਿੰਘ ਘੁੰਮਣ

ਪੈ.ਗਾਮ-ਏ-ਜਗਤ
ਨਵਾਂਸ਼ਹਿਰ 28 ਅਕਤੂਬਰ
(ਜਤਿੰਦਰ ਪਾਲ ਸਿੰਘ ਕਲੇਰ)

- ਲੋਕ-ਭਲਾਈ ਦੇ ਕੰਮਾਂ ਨਾਲ ਜਿੱਤਾਂਗੇ ਲੋਕਾਂ ਦਾ ਭਰੋਸਾ, ਪੰਜਾਬ ਦੀ ਤਰੱਕੀ ਲਈ ਵਿਕਾਸ ਦੀ ਰਫ਼ਤਾਰ ਬਰਕਰਾਰ ਰੱਖਣ 'ਤੇ ਜ਼ੋਰ

ਵਿਧਾਨ ਸਭਾ ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾਂ ਜੁਆਇੰਟ ਸਕੱਤਰ ਰਾਜ ਦਵਿੰਦਰ ਸਿੰਘ ਘੁੰਮਣ(ਰਾਜਾ) ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕ-ਭਲਾਈ ਦੇ ਉਪਰਾਲਿਆਂ ਦੇ ਦਮ 'ਤੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਮੁੜ ਸਰਕਾਰ ਬਣਾਏਗੀ ਰਾਜਾ ਘੁੰਮਣ ਨੇ ਕਿਹਾ ਕਿ ਸਿੱਖਿਆ, ਸਿਹਤ ਸੇਵਾਵਾਂ ਅਤੇ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣਾ ਕਿਸੇ ਵੀ ਸਰਕਾਰ ਦੀਆਂ ਅਹਿਮ ਜ਼ਿੰਮੇਵਾਰੀਆਂ ਹਨ। ਸਰਕਾਰ ਦੀ ਕਾਰਗੁਜ਼ਾਰੀ ਦਾ ਅਸਲ ਮੁਲਾਂਕਣ ਸਿਰਫ਼ ਐਲਾਨਾਂ ਨਾਲ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਹੋਣ ਵਾਲੇ ਵਿਕਾਸ ਕਾਰਜਾਂ ਅਤੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ।



ਰਾਜ ਦਵਿੰਦਰ ਸਿੰਘ ਘੁੰਮਣ ਨੇ ਕਿਹਾ ਕਿ ਪੰਜਾਬ ਦੀ ਸਰਬਪੱਖੀ ਤਰੱਕੀ ਲਈ ਪਿੰਡਾਂ ਅਤੇ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਸਰਕਾਰ ਨੂੰ ਵਿਕਾਸ ਕਾਰਜਾਂ ਦੀ ਰਫ਼ਤਾਰ ਬਰਕਰਾਰ ਰੱਖਣ ਦੇ ਨਾਲ-ਨਾਲ ਜਨਤਕ ਸਮੱਸਿਆਵਾਂ ਦੇ ਹੱਲ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਰਾਜਾ ਘੁੰਮਣ ਕਿਹਾ ਕਿ ਲੋਕਾਂ ਦਾ ਭਰੋਸਾ ਕਾਇਮ ਰੱਖਣ ਲਈ ਲੋਕ-ਭਲਾਈ ਦੇ ਉਪਰਾਲਿਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਜ਼ਰੂਰੀ ਹੈ, ਤਾਂ ਜੋ ਸਮਾਜ ਦੇ ਹਰ ਵਰਗ ਤੱਕ ਵਿਕਾਸ ਦਾ ਲਾਭਪਹੁੰਚ ਸਕੇ। ਉਨ੍ਹਾਂ ਭਰੋਸਾ ਜਤਾਇਆ ਕਿ ਪੰਜਾਬ ਦੇ ਲੋਕ ਵਿਕਾਸ ਅਤੇ ਲੋਕ-ਭਲਾਈ ਦੇ ਮੁੱਦਿਆਂ ਨੂੰ ਤਰਜੀਹ ਦਿੰਦਿਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮੁੜ ਸੱਤਾ ਵਿੱਚ ਲਿਆਉਣਗੇ।

ਬਾਜ਼ਾਰਾਂ 'ਚ ਛਾਈ ਕਰਵਾ ਚੌਥ ਦੀ ਰੌਣਕ, ਚੂੜੀਆਂ ਦੀ ਛਣਕਾਰ ਤੇ ਮਹਿੰਦੀ ਦੇ ਰੰਗਾਂ ਨਾਲ ਸਜਿਆ ਸ਼ਹਿਰ

ਪੈ.ਗਾਮ-ਏ-ਜਗਤ/ਨਵਾਂਸ਼ਹਿਰ
28 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ)

- ਮਹਿੰਦੀ ਤੇ ਬਿਊਟੀ ਪਾਰਲਰਾਂ 'ਚ ਅਗਾਊਂ ਬੁਕਿੰਗਾਂ ਸ਼ੁਰੂ, ਆਪਣੀ ਪਸੰਦ ਦਾ ਸੂਟ ਤੇ ਸ਼ਿੰਗਾਰ ਖਰੀਦਣ ਲਈ ਦੁਕਾਨਾਂ 'ਤੇ ਉਮੜੀ ਔਰਤਾਂ ਦੀ ਭੀੜ

ਕਰਵਾ ਚੌਥ ਭਾਰਤੀ ਸੱਭਿਆਚਾਰ ਦੀਆਂ ਉਨ੍ਹਾਂ ਪਰੰਪਰਾਵਾਂ ਵਿੱਚੋਂ ਇੱਕ ਹੈ, ਜਿਸ ਨਾਲ ਔਰਤਾਂ ਦੀ ਆਸਥਾ, ਪਰਿਵਾਰਕ ਸਾਂਝ ਅਤੇ ਲੋਕ-ਜੀਵਨ ਦੀਆਂ ਰੀਤਾਂ ਜੁੜੀਆਂ ਹੋਈਆਂ ਹਨ। ਇਸ ਦਿਨ ਵਿਆਹੁਤਾ ਔਰਤਾਂ ਆਪਣੇ ਪਤੀ ਦੀ ਲੰਮੀ ਉਮਰ, ਤੰਦਰੁਸਤੀ ਅਤੇ ਪਰਿਵਾਰ ਦੀ ਸੁਖ-ਸਮ੍ਰਿਧੀ ਦੀ ਕਾਮਨਾ ਕਰਦਿਆਂ ਵਰਤ ਰੱਖਦੀਆਂ ਹਨ। ਵਰਤ, ਪੂਜਾ, ਚੰਨ ਦੇ ਦਰਸ਼ਨ ਅਤੇ ਪਰਿਵਾਰਕ ਰਸਮਾਂ ਇਸ ਤਿਉਹਾਰ ਦੇ ਅਹਿਮ ਪੱਖ ਹਨ। ਸਮੇਂ ਦੇ ਬਦਲਾਅ ਦੇ ਬਾਵਜੂਦ ਇਸ ਤਿਉਹਾਰ ਨਾਲ ਜੁੜੀਆਂ ਕਈ ਰਵਾਇਤਾਂ ਅੱਜ ਵੀ ਲੋਕਾਂ ਦੇ ਜੀਵਨ ਦਾ ਹਿੱਸਾ ਬਣੀਆਂ ਹੋਈਆਂ ਹਨ।



ਕਰਵਾ ਚੌਥ ਦੇ ਤਿਉਹਾਰ ਨੂੰ ਲੈ ਕੇ ਔਰਤਾਂ ਵਿੱਚ ਉਤਸ਼ਾਹ ਵਧਣ ਲੱਗਾ ਹੈ। ਤਿਉਹਾਰ ਦੀ ਆਮਦ ਦੇ ਨਾਲ ਹੀ ਸ਼ਹਿਰ ਦੇ ਬਾਜ਼ਾਰਾਂ ਵਿੱਚ ਰੌਣਕ ਪਰਤਣ ਲੱਗੀ ਹੈ ਅਤੇ ਕੱਪੜਿਆਂ, ਚੂੜੀਆਂ, ਕਾਸਮੈਟਿਕਸ ਤੇ ਹੋਰ ਸ਼ਿੰਗਾਰ ਦੇ ਸਮਾਨ ਦੀਆਂ ਦੁਕਾਨਾਂ 'ਤੇ ਖ਼ਰੀਦਦਾਰੀ ਦਾ ਸਿਲਸਿਲਾ ਤੇਜ਼ ਹੋ ਰਿਹਾ ਹੈ। ਤਿਉਹਾਰ ਨਾਲ ਜੁੜੀਆਂ ਰਵਾਇਤਾਂ ਨੂੰ ਨਿਭਾਉਣ ਅਤੇ ਆਪਣੇ ਆਪ ਨੂੰ ਸਜਾਉਣ-ਸੰਵਾਰਨ ਲਈ ਔਰਤਾਂ ਆਪਣੀ ਪਸੰਦ ਅਨੁਸਾਰ ਸਮਾਨ ਖਰੀਦ ਰਹੀਆਂ ਹਨ। ਇਸ ਦੇ ਨਾਲ ਹੀ ਮਹਿੰਦੀ ਲਾਉਣ ਵਾਲਿਆਂ ਅਤੇ ਬਿਊਟੀ ਪਾਰਲਰਾਂ ਵਿੱਚ ਵੀ ਅਗਾਊਂ ਬੁਕਿੰਗਾਂ ਹੋਣ ਲੱਗੀਆਂ ਹਨ।

ਕਰਵਾ ਚੌਥ ਮੌਕੇ ਸਜਣ-ਸੰਵਰਨ ਦੀ ਪਰੰਪਰਾ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਇਸੇ ਕਰਕੇ ਔਰਤਾਂ ਆਪਣੇ ਪਹਿਰਾਵੇ ਦੀ ਚੋਣ ਨੂੰ ਲੈ ਕੇ ਖ਼ਾਸ ਦਿਲਚਸਪੀ ਦਿਖਾ ਰਹੀਆਂ ਹਨ। ਕੋਈ ਆਪਣੀ ਪਸੰਦ ਦੇ ਰੰਗ ਦਾ ਸੂਟ ਖ਼ਰੀਦ ਰਹੀ ਹੈ ਅਤੇ ਕੋਈ ਪਹਿਰਾਵੇ ਨਾਲ ਮੇਲ ਖਾਂਦੀਆਂ ਚੂੜੀਆਂ, ਬਿੰਦੀਆਂ, ਗਹਿਣੇ ਅਤੇ ਹੋਰ ਸ਼ਿੰਗਾਰ ਦਾ ਸਮਾਨ ਚੁਣ ਰਹੀ ਹੈ। ਦੁਕਾਨਾਂ 'ਤੇ ਰੰਗ-ਬਿਰੰਗੀਆਂ ਚੂੜੀਆਂ ਅਤੇ ਸਜਾਵਟੀ ਵਸਤਾਂ ਦੀਆਂ ਕਤਾਰਾਂ ਤਿਉਹਾਰੀ ਮਾਹੌਲ ਨੂੰ ਹੋਰ ਮਨਮੋਹਕ ਬਣਾ ਰਹੀਆਂ ਹਨ।

ਔਰਤਾਂ ਦੀ ਖ਼ਰੀਦਦਾਰੀ ਵਿੱਚ ਰਵਾਇਤੀ ਪਹਿਰਾਵਿਆਂ ਦੇ ਨਾਲ-ਨਾਲ ਆਧੁਨਿਕ ਡਿਜ਼ਾਈਨਾਂ ਵਾਲੇ ਸੂਟਾਂ ਅਤੇ ਸ਼ਿੰਗਾਰ ਦੀਆਂ ਵਸਤਾਂ ਪ੍ਰਤੀ ਵੀ ਦਿਲਚਸਪੀ ਦਿਖਾਈ ਦੇ ਰਹੀ ਹੈ। ਕਈ ਔਰਤਾਂ ਆਪਣੇ ਪਹਿਰਾਵੇ ਦੇ ਰੰਗ ਅਤੇ ਡਿਜ਼ਾਈਨ ਅਨੁਸਾਰ ਚੂੜੀਆਂ ਤੇ ਗਹਿਣਿਆਂ ਦੀ ਚੋਣ ਕਰ ਰਹੀਆਂ ਹਨ ਤਾਂ ਜੋ ਤਿਉਹਾਰ ਵਾਲੇ ਦਿਨ ਉਨ੍ਹਾਂ ਦਾ ਪਹਿਰਾਵਾ ਅਤੇ ਸ਼ਿੰਗਾਰ ਇਕਸਾਰ ਨਜ਼ਰ ਆਵੇ। ਖ਼ਰੀਦਦਾਰੀ ਦੌਰਾਨ ਔਰਤਾਂ ਆਪਣੀ ਪਸੰਦ ਦੇ ਨਾਲ-ਨਾਲ ਬਜਟ ਨੂੰ ਵੀ ਧਿਆਨ ਵਿੱਚ ਰੱਖ ਰਹੀਆਂ ਹਨ।

ਮਹਿੰਦੀ ਲਗਵਾਉਣਾ ਵੀ ਇਸ ਤਿਉਹਾਰ ਨਾਲ ਜੁੜੀ ਇੱਕ ਪਿਆਰੀ ਰਵਾਇਤ ਹੈ। ਔਰਤਾਂ ਆਪਣੇ ਹੱਥਾਂ 'ਤੇ ਵੱਖ-ਵੱਖ ਡਿਜ਼ਾਈਨਾਂ ਦੀ ਮਹਿੰਦੀ ਲਗਵਾਉਣ ਲਈ ਉਤਸੁਕ ਹਨ। ਮਹਿੰਦੀ ਲਾਉਣ ਵਾਲਿਆਂ ਕੋਲ ਤਿਉਹਾਰ ਵਾਲੇ ਦਿਨ ਵਧੇਰੇ ਭੀੜ ਲੱਗਣ ਦੀ ਸੰਭਾਵਨਾ ਨੂੰ ਦੇਖਦਿਆਂ ਔਰਤਾਂ ਪਹਿਲਾਂ ਹੀ ਸਮਾਂ ਤੈਅ ਕਰਵਾ ਰਹੀਆਂ ਹਨ।

ਇਸੇ ਤਰ੍ਹਾਂ ਬਿਊਟੀ ਪਾਰਲਰਾਂ ਵਿੱਚ ਵੀ ਮੇਕਅੱਪ, ਹੇਅਰ ਸਟਾਈਲ ਅਤੇ ਹੋਰ ਸੁੰਦਰਤਾ ਸੇਵਾਵਾਂ ਲਈ ਅਗਾਊਂ ਬੁਕਿੰਗਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਤਿਉਹਾਰ ਦੇ ਨੇੜੇ ਆਉਣ ਨਾਲ ਇਨ੍ਹਾਂ ਸੇਵਾਵਾਂ ਦੀ ਮੰਗ ਹੋਰ ਵਧਣ ਦੀ ਉਮੀਦ ਹੈ। ਇਸ ਤਰ੍ਹਾਂ ਮਹਿੰਦੀ ਦੇ ਰੰਗਾਂ, ਚੂੜੀਆਂ ਦੀ ਛਣਕਾਰ ਅਤੇ ਰਵਾਇਤੀ ਪਹਿਰਾਵਿਆਂ ਨਾਲ ਜੁੜੀਆਂ ਤਿਆਰੀਆਂ ਕਰਵਾ ਚੌਥ ਦੇ ਸੱਭਿਆਚਾਰਕ ਪੱਖ ਨੂੰ ਹੋਰ ਉਭਾਰ ਰਹੀਆਂ ਹਨ।

ਕਰਵਾ ਚੌਥ ਨਾਲ ਜੁੜੀਆਂ ਤਿਆਰੀਆਂ ਨੇ ਬਾਜ਼ਾਰਾਂ ਵਿੱਚ ਰੌਣਕ ਵਧਾਉਣ ਦੇ ਨਾਲ-ਨਾਲ ਤਿਉਹਾਰ ਦੇ ਸੱਭਿਆਚਾਰਕ ਰੰਗ ਨੂੰ ਵੀ ਗੂੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਹੈ।

ਕੁੱਲ ਮਿਲਾ ਕੇ ਚੌਥ ਦੀ ਆਮਦ ਨਾਲ ਸ਼ਹਿਰ ਦੇ ਬਾਜ਼ਾਰਾਂ ਵਿੱਚ ਤਿਉਹਾਰੀ ਮਾਹੌਲ ਬਣਨ ਲੱਗਾ ਹੈ। ਔਰਤਾਂ ਲਈ ਇਹ ਦਿਨ ਜਿੱਥੇ ਆਸਥਾ ਅਤੇ ਪਰੰਪਰਾ ਨਾਲ ਜੁੜਿਆ ਹੋਇਆ ਹੈ, ਉੱਥੇ ਹੀ ਸਜਣ-ਸੰਵਰਨ, ਪਰਿਵਾਰਕ ਸਾਂਝ ਅਤੇ ਸੱਭਿਆਚਾਰਕ ਵਿਰਾਸਤ ਨੂੰ ਜਿਉਂਦਾ ਰੱਖਣ ਦਾ ਮੌਕਾ ਵੀ ਹੈ।

ਕਾਮਰਸ ਵਿਭਾਗ ਵੱਲੋਂ ਕੁਆਂਟਮ ਪੇਪਰਜ਼ ਲਿਮਟਿਡ ਦਾ ਉਦਯੋਗਿਕ ਟੂਰ ਲਗਾਇਆ ਗਿਆ

ਪੈ.ਗਾਮ-ਏ-ਜਗਤ/ਗੜ੍ਹਸ਼ੰਕਰ
28 ਅਕਤੂਬਰ (ਹਰੀ ਕ੍ਰਿਸ਼ਨ ਗੰਗੜ)

ਇਲਾਕੇ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਪੋਸਟ ਗ੍ਰੈਜੂਏਟ ਕਾਮਰਸ ਅਤੇ ਬਿਜ਼ਨਸ ਐਡਮਿਨਿਸਟ?ਰੇਸ਼ਨ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਉਦਯੋਗਿਕ ਕਾਰਜਾਂ ਅਤੇ ਕਾਰੋਬਾਰ ਦੀ ਵਿਹਾਰਕ ਜਾਣਕਾਰੀ ਦੇਣ ਲਈ ਸੈਲਾ ਖੁਰਦ ਸਥਿਤ ਕੁਆਂਟਮ ਪੇਪਰਜ਼ ਲਿਮਟਿਡ ਦਾ ਵਿਦਿਅਕ ਉਦਯੋਗਿਕ ਟੂਰ ਲਗਾਇਆ ਗਿਆ। ਇਸ ਟੂਰ ਦਾ ਉਦੇਸ਼ ਵਿਦਿਆਰਥੀਆਂ ਨੂੰ ਉਦਯੋਗਾਂ ਦੇ ਸਿਧਾਂਤਕ ਅਤੇ ਵਿਹਾਰਕ ਕੰਮ ਕਾਰ ਬਾਰੇ ਜਾਣਕਾਰੀ ਦੇਣਾ ਸੀ। ਵਿਦਿਆਰਥੀਆਂ ਨੇ ਕਾਗਜ਼ ਨਿਰਮਾਣ ਉਦਯੋਗ ਦੇ ਕੰਮਕਾਜ ਬਾਰੇ ਕੀਮਤੀ ਜਾਣਕਾਰੀ ਹਾਸਲ ਕੀਤੀ, ਜਿਸ ਵਿੱਚ ਉਤਪਾਦਨ ਪ੍ਰਕਿਰਿਆਵਾਂ, ਗੁਣਵੱਤਾ ਨਿਯੰਤਰਣ, ਵਸਤੂ ਪ੍ਰਬੰਧਨ ਅਤੇ ਸਰੋਤਾਂ ਦੀ ਵਰਤੋਂ ਸ਼ਾਮਲ ਸੀ। ਕਾਮਰਸ ਵਿਭਾਗ ਦੇ ਮੁਖੀ ਡਾ ਰਾਕੇਸ਼ ਕੁਮਾਰ ਨੇ ਕਿਹਾ ਕਿ ਅਜਿਹੇ ਵਿਦਿਅਕ ਟੂਰ ਵਿਦਿਆਰਥੀਆਂ ਦੀ ਵਿਹਾਰਕ ਸਮਝ ਨੂੰ ਵਧਾਉਣ, ਪੇਸ਼ਾਵਰ ਹੁਨਰ ਵਿਕਸਿਤ ਕਰਨ ਅਤੇ ਭਵਿੱਖ ਦੇ ਕਰੀਅਰ ਨੂੰ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਮਿੱਲ ਦੇ ਪ੍ਰਬੰਧਕਾਂ ਵੱਲੋਂ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।। ਇਸ ਟੂਰ ਮੌਕੇ ਕਾਮਰਸ ਵਿਭਾਗ ਤੋਂ ਪ੍ਰੋ. ਅਮਰਜੀਤ ਲਾਲ, ਪ੍ਰੋ. ਸਵਿਤਾ ਬਾਲੀ, ਪ੍ਰੋ. ਗੁਰਪ੍ਰੀਤ ਕੌਰ ਅਤੇ ਪ੍ਰੋ. ਹਰਪ੍ਰੀਤ ਕੌਰ ਸਮੇਤ ਵਿਦਿਆਰਥੀ ਮੌਜੂਦ ਸਨ।



ਵਿਜੀਲੈਂਸ ਬਿਊਰੋ ਵੱਲੋਂ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਅੱਗੇ ਆਉਣ ਦਾ ਸੱਦਾ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

- ਡੀ. ਐਸ.ਪੀ. ਮਨਦੀਪ ਸਿੰਘ ਸੇਖੋਂ ਹੋਏ ਵਿਦਿਆਰਥੀਆਂ ਦੇ ਰੂਬਰੂ, ਜ਼ਿੰਮੇਵਾਰੀ ਪੂਰੀ ਸਮਰਪਣ ਭਾਵਨਾ ਨਾਲ ਨਿਭਾਉਣ ਦੀ ਕੀਤੀ ਤਾਕੀਦ

ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ' ਇਮਾਨਦਾਰੀ ਨਾਲ ਖੁਸ਼ਹਾਲੀ' ਸਿਰਲੇਖ ਹੇਠ ਸ਼ੁਰੂ ਕੀਤੇ ਵਿਜੀਲੈਂਸ ਜਾਗਰੂਕਤਾ ਹਫ਼ਤੇ ਤਹਿਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ 'ਚ ਕਰਾਇਆ ਜਾਗਰੂਕਤਾ ਸੈਮੀਨਾਰ

ਹੁਸ਼ਿਆਰਪੁਰ, 28 ਅਕਤੂਬਰ : ਪੰਜਾਬ ਵਿਜੀਲੈਂਸ ਬਿਊਰੋ ਦੇ ਮੁੱਖ ਡਾਇਰੈਕਟਰ ਸ਼ਰਦ ਸੱਤਿਆ ਚੌਹਾਨ ਅਤੇ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦੇ ਸੀਨੀਅਰ ਕਪਤਾਨ ਪੁਲਿਸ ਹਰਪ੍ਰੀਤ ਸਿੰਘ ਮੰਡੇਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ' ਇਮਾਨਦਾਰੀ ਨਾਲ ਖੁਸ਼ਹਾਲੀ' ਸਿਰਲੇਖ ਹੇਠ ਸ਼ੁਰੂ ਕੀਤੇ ਵਿਜੀਲੈਂਸ ਜਾਗਰੂਕਤਾ ਹਫ਼ਤੇ ਦੀ ਲੜੀ ਵਿੱਚ ਵਿਜੀਲੈਂਸ ਬਿਊਰੋ ਯੂਨਿਟ ਹੁਸ਼ਿਆਰਪੁਰ ਵੱਲੋਂ ਅੱਜ ਸਥਾਨਕ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਵਿਚ ਸਹੁੰ ਚੁੱਕ ਸਮਾਗਮ ਕਰਾਇਆ ਗਿਆ।

ਵਿਜੀਲੈਂਸ ਬਿਊਰੋ ਦੇ ਹੁਸ਼ਿਆਰਪੁਰ ਵਲੋਂ ਮਨਦੀਪ ਸਿੰਘ ਸੇਖੋਂ ਨੇ ਵਿਜੀਲੈਂਸ ਜਾਗਰੂਕਤਾ ਹਫ਼ਤੇ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ, ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਆਪਣੀ ਡਿਊਟੀ ਅਤੇ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਮਿਹਨਤ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ ਦੀ ਤਾਕੀਦ ਕੀਤੀ। ਜਾਗਰੂਕਤਾ ਸੈਮੀਨਰ ਵਿਚ ਤਹਿਸੀਲਦਾਰ ਮਨਦੀਪ ਸਿੰਘ, ਡਿਪਟੀ ਡੀ.ਏ ਅਜੈਪਾਲ ਸਿੰਘ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਸੈਮੀਨਰ ਵਿਚ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਸੁਖਜਿੰਦਰ ਸਿੰਘ ਦੀ ਹਾਜ਼ਰੀ ਵਿੱਚ ਕਾਲਜ ਦੇ 15 ਸਟਾਫ ਮੈਂਬਰ ਅਤੇ ਕਰੀਬ 300 ਵਿਦਿਆਰਥੀਆਂ ਨੇ ਭਾਗ ਲਿਆ। ਸੈਮੀਨਾਰ ਦੌਰਾਨ ਵਿਦਿਆਰਥੀਆਂ ਵਲੋਂ ਭ੍ਰਿਸ਼ਟਾਚਾਰ ਦੀ ਰੋਕਥਾਮ ਲਈ ਵੱਖ-ਵੱਖ ਸਵਾਲ ਵੀ ਉਠਾਏ ਜਿਨ੍ਹਾਂ ਬਾਰੇ ਵਿਜੀਲੈਂਸ ਬਿਊਰੋ ਦੇ ਡੀ.ਐਸ.ਪੀ. ਮਨਦੀਪ ਸਿੰਘ ਸੇਖੋਂ ਨੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਭ੍ਰਿਸ਼ਟਾਚਾਰ ਦੇ ਮੁਕੰਮਲ ਖਾਤਮੇ ਵਿੱਚ ਨੌਜਵਾਨ ਅਹਿਮ ਭੂਮਿਕਾ ਨਿਭਾਅ ਸਕਦੇ ਹਨ ਜਿਸ ਲਈ ਉਨ੍ਹਾਂ ਨੂੰ ਅੱਗੇ ਆਉਣਾ ਚਾਹੀਦਾ ਹੈ । ਇਸ ਮੌਕੇ ਭ੍ਰਿਸ਼ਟਾਚਾਰ ਰੋਕਣ ਸਬੰਧੀ ਸਹੁੰ ਵੀ ਚੁਕਾਈ ਗਈ।



ਡੀ. ਐਸ.ਪੀ. ਮਨਦੀਪ ਸਿੰਘ ਨੇ ਵਿਜੀਲੈਂਸ ਬਿਊਰੋ ਦੀ ਕਾਰਜਸ਼ੈਲੀ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਕੋਈ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਕੋਈ ਸਰਕਾਰੀ ਕੰਮ ਕਰਨ ਬਦਲੇ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਇਸ ਸਬੰਧੀ ਬਿਊਰੋ ਕੋਲ ਸ਼ਿਕਾਇਤ ਕੀਤੀ ਜਾ ਸਕਦੀ ਹੈ ਜਾਂ ਉਸ ਅਧਿਕਾਰੀ/ਕਰਮਚਾਰੀ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਵਿਜੀਲੈਂਸ ਵਿਭਾਗ ਨੂੰ ਗ੍ਰਿਫਤਾਰ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜੇਕਰ ਕੋਈ ਅਧਿਕਾਰੀ ਕਰਮਚਾਰੀ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸੰਸਥਾ ਨੂੰ ਨਿੱਜੀ ਜਾਂ ਵਿੱਤੀ ਲਾਭ ਪਹੁੰਚਾਉਂਦਾ ਹੈ ਤਾਂ ਇਹ ਦੰਡਣਯੋਗ ਅਪਰਾਧ ਹੈ ਅਤੇ ਕੋਈ ਸਰਕਾਰੀ ਕਰਮਚਾਰੀ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਸਰਕਾਰੀ ਫੰਡਾਂ ਵਿੱਚ ਕੋਈ ਘਪਲਾ ਕਰਕੇ ਜਾਂ ਚਲਾਕੀ ਨਾਲ ਭ੍ਰਿਸ਼ਟਾਚਾਰ ਕਰਦੇ ਹੋਏ ਆਪਣੇ ਪਰਿਵਾਰਕ ਮੈਂਬਰਾਂ ਅਤੇ ਆਪਣੇ ਰਿਸ਼ਤੇਦਾਰਾਂ ਦੇ ਨਾਮ ਪਰ ਕੋਈ ਬੇਨਾਮੀ ਜਾਇਦਾਦ ਖਰੀਦ ਕਰਦਾ ਹੈ ਤਾਂ ਕੋਈ ਵੀ ਵਿਅਕਤੀ ਇਹਨਾਂ ਸਬੰਧੀ ਸੂਚਨਾ ਵਿਜੀਲੈਂਸ ਵਿਭਾਗ ਨੂੰ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇਣ ਵਾਲਾ ਚਾਹੇ ਤਾਂ ਉਸਦਾ ਨਾਮ ਗੁਪਤ ਵੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਇਨ੍ਹਾਂ ਮਾਮਲਿਆਂ ਬਾਰੇ ਸ਼ਿਕਾਇਤ ਵਿਜੀਲੈਂਸ ਬਿਊਰੋ ਦੇ ਟੋਲ ਫਰੀ ਨੰਬਰ 1800-1800-1000 ਅਤੇ ਵੈਬਸਾਈਟ www.vigilanceburau.pun-jab.gov.in 'ਤੇ ਵੀ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਜਾਰੀ ਕੀਤੇ ਗਏ ਐਂਟੀ ਕਰੱਪਸ਼ਨ ਐਕਸ਼ਨ ਲਾਇਨ ਨੰਬਰ 95012-00200 'ਤੇ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

ਬਿਊਰੋ ਵੱਲੋਂ ਦਫਤਰਾਂ ਦੇ ਲੈਂਡ ਲਾਇਨ ਨੰਬਰਾਂ ਵਾਲੇ ਪੈਂਫਲੈਟ ਵੀ ਵੰਡੇ ਗਏ ਅਤੇ ਭ੍ਰਿਸ਼ਟਾਚਾਰ ਵਿਰੁੱਧ ਲੜਨ ਵਿਚ ਵਿਜੀਲੈਂਸ ਬਿਊਰੋ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਬਿਊਰੋ ਵੱਲੋਂ ਸੈਮੀਨਾਰ ਵਿਚ ਪ੍ਰਿੰਸੀਪਲ ਸੁਖਜਿੰਦਰ ਸਿੰਘ, ਕਾਲਜ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਵੀ ਕੀਤਾ ਗਿਆ ਅਤੇ ਭ੍ਰਿਸ਼ਟਾਚਾਰ ਵਿਰੁੱਧ ਲੜਨ ਵਿੱਚ ਇੱਕਜੁੱਟ ਹੋ ਕੇ ਦੇਸ਼ ਪ੍ਰਤੀ ਵਚਨਬੱਧ ਰਹਿਣ ਲਈ ਜਾਗਰੂਕ ਹੋ ਕੇ ਵਿਜੀਲੈਂਸ ਬਿਊਰੋ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ।

ਸਿਹਤ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ: ਡਾ. ਹਰੀਸ਼ ਕਿਰਪਾਲ

ਪੈ.ਗਾਮ-ਏ-ਜਗਤ
ਨਵਾਂਸ਼ਹਿਰ, 28 ਅਕਤੂਬਰ
(ਜਤਿੰਦਰ ਪਾਲ ਸਿੰਘ ਕਲੇਰ)

• ਜ਼ਿਲ੍ਹਾ ਪਰਿਵਾਰ ਭਲਾਈ ਅ.ਫ਼ਸਰ ਵੱਲੋਂ ਸੀ.ਐੱਚ.ਓਜ਼ ਨਾਲ ਮਹੀਨਾਵਾਰ ਮੀਟਿੰਗ, ਵੱਖ-ਵੱਖ ਸਿਹਤ ਪ੍ਰੋਗਰਾਮਾਂ ਦੀ ਪ੍ਰਗਤੀ ਦਾ ਜਾਇਜ਼ਾ



ਸਿਵਲ ਸਰਜਨ ਡਾ. ਅਮਨ ਸੂਦ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਪਰਿਵਾਰ ਭਲਾਈ ਅ.ਫ਼ਸਰ ਡਾ. ਹਰੀਸ਼ ਕਿਰਪਾਲ ਨੇ ਅੱਜ ਜ਼ਿਲ੍ਹੇ ਦੇ ਕਮਿਊਨਿਟੀ ਹੈਲਥ ਅਫ਼ਸਰਾਂ (ਸੀ.ਐੱਚ.ਓਜ਼) ਨਾਲ ਮਹੀਨਾਵਾਰ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਕੌਮੀ ਸਿਹਤ ਪ੍ਰੋਗਰਾਮਾਂ, ਮੁੱਢਲੀਆਂ ਸਿਹਤ ਸੇਵਾਵਾਂ ਅਤੇ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਡਾ. ਹਰੀਸ਼ ਕਿਰਪਾਲ ਨੇ ਕਿਹਾ ਕਿ ਸੀ.ਐੱਚ.ਓਜ਼ ਦੀ ਭੂਮਿਕਾ ਸਿਰਫ਼ ਮੁੱਢਲੀਆਂ ਸਿਹਤ ਸੇਵਾਵਾਂ ਦੇਣ ਤੱਕ ਸੀਮਤ ਨਹੀਂ, ਸਗੋਂ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਤੇ ਰੋਕਥਾਮ ਵਿੱਚ ਵੀ ਅਹਿਮ ਹੈ। ਉਨ੍ਹਾਂ ਹਦਾਇਤ ਕੀਤੀ ਕਿ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਹੋਰ ਗੈਰ-ਸੰਚਾਰੀ ਰੋਗਾਂ ਦੀ ਸਕ੍ਰੀਨਿੰਗ, ਯੋਗ ਮਰੀਜ਼ਾਂ ਦੀ ਫਾਲੋਅਪ ਜਾਂਚ ਅਤੇ ਲੋੜ ਪੈਣ 'ਤੇ ਉੱਚ ਸਿਹਤ ਸੰਸਥਾਵਾਂ ਵਿੱਚ ਰੈਫਰਲ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਟੀ.ਬੀ. ਤੇ ਲੈਪਰੋਸੀ ਵਰਗੀਆਂ ਬਿਮਾਰੀਆਂ ਦੀ ਜਲਦੀ ਪਛਾਣ, ਮਰੀਜ਼ਾਂ ਦੀ ਫਾਲੋਅਪ ਅਤੇ ਇਲਾਜ ਪ੍ਰਤੀ ਜਾਗਰੂਕਤਾ ਵਧਾਉਣ ਲਈ ਲਗਾਤਾਰ ਯਤਨ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਸੀ.ਐੱਚ.ਓਜ਼ ਆਯੁਸ਼ਮਾਨ ਆਰੋਗਿਆ ਮੰਦਰਾਂ ਰਾਹੀਂ ਲੋਕਾਂ ਨੂੰ ਆਮ ਬਿਮਾਰੀਆਂ ਦੀ ਮੁੱਢਲੀ ਜਾਂਚ ਤੇ ਇਲਾਜ, ਮੂੰਹ ਦੀ ਸਿਹਤ, ਮਾਨਸਿਕ ਸਿਹਤ, ਬਜ਼ੁਰਗਾਂ ਦੀ ਦੇਖਭਾਲ ਅਤੇ ਸਿਹਤ ਸਲਾਹ ਸੇਵਾਵਾਂ ਬਾਰੇ ਜਾਗਰੂਕ ਕਰਨ। ਲੋੜ ਪੈਣ 'ਤੇ ਟੈਲੀ-ਕੰਸਲਟੇਸ਼ਨ ਅਤੇ ਰੈਫਰਲ ਸੇਵਾਵਾਂ ਦਾ ਵੀ ਪੂਰਾ ਲਾਹਾ ਲਿਆ ਜਾਵੇ।

ਡਾ. ਕਿਰਪਾਲ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਿਹਤ ਪ੍ਰੋਗਰਾਮਾਂ ਦੀ ਸਫਲਤਾ ਲਈ ਫੀਲਡ ਪੱਧਰ 'ਤੇ ਨਿਯਮਤ ਨਿਗਰਾਨੀ, ਸਹੀ ਰਿਕਾਰਡ ਅਤੇ ਆਸ਼ਾ ਵਰਕਰਾਂ ਤੇ ਹੋਰ ਸਿਹਤ ਕਰਮਚਾਰੀਆਂ ਨਾਲ ਬਿਹਤਰ ਤਾਲਮੇਲ ਜ਼ਰੂਰੀ ਹੈ। ਉਨ੍ਹਾਂ ਸੀ.ਐੱਚ.ਓਜ਼ ਨੂੰ ਹਦਾਇਤ ਕੀਤੀ ਕਿ ਸਿਹਤ ਸਬੰਧੀ ਜਾਣਕਾਰੀ ਘਰ-ਘਰ ਪਹੁੰਚਾਈ ਜਾਵੇ ਅਤੇ ਲੋਕਾਂ ਨੂੰ ਸੰਤੁਲਿਤ ਖ਼ੁਰਾਕ, ਸਰੀਰਕ ਕਸਰਤ, ਨਸ਼ਿਆਂ ਤੋਂ ਦੂਰੀ ਅਤੇ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦਾ ਮੁੱਖ ਉਦੇਸ਼ ਹਰ ਵਰਗ ਤੱਕ ਪਹੁੰਚਯੋਗ, ਮਿਆਰੀ ਤੇ ਸਮੇਂ ਸਿਰ ਸਿਹਤ ਸੇਵਾਵਾਂ ਪਹੁੰਚਾਉਣਾ ਹੈ। ਇਸ ਲਈ ਸਾਰੇ ਸੀ.ਐੱਚ.ਓਜ਼ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਣ ਅਤੇ ਸਰਕਾਰੀ ਸਿਹਤ ਪ੍ਰੋਗਰਾਮਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਰਹਿਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ ਅਤੇ ਡੀਲਿੰਗ ਸਹਾਇਕ ਰਵਿੰਦਰ ਕੌਰ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

ਅਮਿਤ ਸ਼ਾਹ 5 ਨਵੰਬਰ ਨੂੰ ਅੰਬਾਲਾ ਵਿੱਚ ਸ਼ਹੀਦ ਸਮਾਰਕ ਦਾ ਕਰਨਗੇ ਉਦਘਾਟਨ

ਪੈ.ਗਾਮ-ਏ-ਜਗਤ
ਅੰਬਾਲਾ, 28 ਅਕਤੂਬਰ (ਆਰ.ਸਿੰਘ)

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 5 ਨਵੰਬਰ ਨੂੰ ਅੰਬਾਲਾ ਛਾਉਣੀ ਵਿੱਚ ਆਜ਼ਾਦੀ ਦੀ ਪਹਿਲੀ ਜੰਗ ਨੂੰ ਸਮਰਪਿਤ ਸ਼ਹੀਦ ਸਮਾਰਕ ਦਾ ਉਦਘਾਟਨ ਕਰਨਗੇ। ਉਦਘਾਟਨ ਤੋਂ ਬਾਅਦ ਗਾਂਧੀ ਮੈਦਾਨ ਵਿੱਚ ਵਰਕਰਾਂ ਦੀ ਵੱਡੀ ਰੈਲੀ ਵੀ ਹੋਵੇਗੀ। ਸ਼ਹੀਦ ਸਮਾਰਕ 6 ਨਵੰਬਰ ਤੋਂ ਆਮ ਲੋਕਾਂ ਲਈ ਖੋਲ੍ਹ ਦਿੱਤਾ ਜਾਵੇਗਾ।

• ਆਜ਼ਾਦੀ ਦੀ ਪਹਿਲੀ ਜੰਗ ਨੂੰ ਸਮਰਪਿਤ ਸਮਾਰਕ 6 ਨਵੰਬਰ ਤੋਂ ਜਨਤਾ ਲਈ ਖੁੱਲ੍ਹੇਗਾ



ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਇਹ ਜਾਣਕਾਰੀ ਭਾਜਪਾ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਦੀ ਪ੍ਰਧਾਨਗੀ ਹੇਠ ਅੰਬਾਲਾ ਕਲੱਬ ਵਿੱਚ ਸਮਾਗਮ ਦੀਆਂ ਤਿਆਰੀਆਂ ਸਬੰਧੀ ਹੋਈ ਮੀਟਿੰਗ ਦੌਰਾਨ ਪਾਰਟੀ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਲੋਕਾਂ ਨੂੰ 5 ਨਵੰਬਰ ਨੂੰ ਗਾਂਧੀ ਮੈਦਾਨ ਵਿੱਚ ਹੋਣ ਵਾਲੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਹਰਿਆਣਾ ਦੇ ਸਕੂਲਾਂ ਅਤੇ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵੀ ਇਹ ਸਮਾਰਕ ਦਿਖਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂ ਜੋ ਨੌਜਵਾਨਾਂ ਨੂੰ 1857 ਦੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ। ਅਨਿਲ ਵਿਜ ਨੇ ਕਿਹਾ ਕਿ ਉਹ ਪਿਛਲੇ 25-30 ਸਾਲਾਂ ਤੋਂ ਸ਼ਹੀਦਾਂ ਦੀ ਯਾਦ ਵਿੱਚ ਸਮਾਰਕ ਬਣਾਉਣ ਲਈ ਯਤਨਸ਼ੀਲ ਹਨ।

ਉਨ੍ਹਾਂ ਅਨੁਸਾਰ, ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ 1857 ਵਿੱਚ ਮੇਰਠ ਤੋਂ 10 ਘੰਟੇ ਪਹਿਲਾਂ ਸਵੇਰੇ 9 ਵਜੇ 60ਵੀਂ ਅਤੇ 5ਵੀਂ ਨੇਟਿਵ ਇਨਫੈਂਟਰੀ ਨੇ ਅੰਬਾਲਾ ਛਾਉਣੀ ਵਿੱਚ ਆਜ਼ਾਦੀ ਦੀ ਲੜਾਈ ਦਾ ਬਿਗਲ ਵਜਾਇਆ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਇਤਿਹਾਸ ਵਿੱਚ ਬਣਦਾ ਸਥਾਨ ਨਹੀਂ ਮਿਲਿਆ। ਸਾਲ 2014 ਵਿੱਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਰਾਸ਼ਟਰੀ ਪੱਧਰ ਦਾ ਸਮਾਰਕ ਬਣਾਉਣ ਨੂੰ ਮਨਜ਼ੂਰੀ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਲਗਭਗ 800 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਸਮਾਰਕ ਵਿੱਚ ਹਰਿਆਣਾ, ਬਿਹਾਰ, ਪੰਜਾਬ ਅਤੇ ਹੋਰ ਖੇਤਰਾਂ ਦੇ 1857 ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਆਧੁਨਿਕ ਤਕਨਾਲੋਜੀ ਰਾਹੀਂ ਦਿਖਾਇਆ ਜਾਵੇਗਾ। ਇਸ ਨੂੰ ਦੇਖਣ ਲਈ ਲਗਭਗ 6 ਘੰਟੇ ਲੱਗਣਗੇ। ਇੱਥੇ 2,500 ਲੋਕਾਂ ਦੀ ਸਮਰੱਥਾ ਵਾਲਾ ਖੁੱਲ੍ਹਾ ਥੀਏਟਰ, ਸ਼ਾਮ ਨੂੰ ਲਾਈਟ, ਲੇਜ਼ਰ ਅਤੇ ਸਾਊਂਡ ਸ਼ੋਅ, ਅਤੇ 68 ਮੀਟਰ ਉੱਚਾ ਕਮਲ ਦੇ ਫੁੱਲ ਦੇ ਆਕਾਰ ਦਾ ਯਾਦਗਾਰੀ ਟਾਵਰ ਬਣਾਇਆ ਗਿਆ ਹੈ। ਟਾਵਰ ਵਿੱਚ 2 ਤੇਜ਼ ਰਫ਼ਤਾਰ ਲਿਫਟਾਂ ਅਤੇ ਇੱਕ ਅਜਾਇਬ ਘਰ ਵੀ ਹੈ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਵਿਸ਼ੇਸ਼ ਗੈਲਰੀ ਬਣਾਈ ਗਈ ਹੈ, ਜਿੱਥੇ ਆਉਣ ਵਾਲਿਆਂ ਦਾ ਡਿਜੀਟਲ ਰਿਕਾਰਡ ਵੀ ਰੱਖਿਆ ਜਾਵੇਗਾ। ਵਿਜ ਨੇ ਦੱਸਿਆ ਕਿ 1857 ਦੇ ਸੰਗਰਾਮ ਦੌਰਾਨ ਰੋਟੀ ਅਤੇ ਕਮਲ ਦੇ ਫੁੱਲ ਇੱਕ ਰਜਮੈਂਟ ਤੋਂ ਦੂਜੀ ਰਜਮੈਂਟ ਤੱਕ ਭੇਜੇ ਜਾਂਦੇ ਸਨ, ਜੋ ਲੜਾਈ ਵਿੱਚ ਸ਼ਾਮਲ ਹੋਣ ਦੀ ਤਿਆਰੀ ਦਾ ਪ੍ਰਤੀਕ ਸਨ। ਸਮਾਰਕ ਵਿੱਚ ਹੈਲੀਪੈਡ ਦੀ ਸਹੂਲਤ ਵੀ ਦਿੱਤੀ ਗਈ ਹੈ। ਉਨ੍ਹਾਂ ਉਮੀਦ ਜਤਾਈ ਕਿ ਇਹ ਸਮਾਰਕ ਦੇਸ਼-ਵਿਦੇਸ਼ ਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੇਗਾ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਤਿੰਨ ਬੱਸਾਂ ਰਵਾਨਾ

ਲਾਲੜੂ/ਪੈ.ਗਾਮ-ਏ-ਜਗਤ
28 ਅਕਤੂਬਰ (ਸੰਜੀਵ ਸਿੰਘ ਸੈਣੀ)



ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿੰਡ ਹਮਾਯੂੰਪੁਰ, ਤਸਿੰਬਲੀ ਅਤੇ ਹੈਬਤਪੁਰ ਤੋਂ ਸੰਗਤਾਂ ਦੀਆਂ ਤਿੰਨ ਬੱਸਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਘਰ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਉਦੇਸ਼ ਸੰਗਤਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੀ ਸਹੂਲਤ ਪ੍ਰਦਾਨ ਕਰਨਾ ਹੈ, ਤਾਂ ਜੋ ਲੋਕ ਬਿਨਾਂ ਕਿਸੇ ਮੁਸ਼ਕਲ ਦੇ ਆਪਣੀ ਸ਼ਰਧਾ ਅਨੁਸਾਰ ਗੁਰੂ ਘਰਾਂ ਅਤੇ ਹੋਰ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਅਜਿਹੀਆਂ ਯੋਜਨਾਵਾਂ ਰਾਹੀਂ ਸੰਗਤਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਬੱਸਾਂ ਦੀ ਰਵਾਨਗੀ ਮੌਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਅਤੇ ਸ਼ਰਧਾ ਦੇਖਣ ਨੂੰ ਮਿਲੀ।

ਸੰਗਤਾਂ ਨੇ ਗੁਰੂ ਘਰ ਦੇ ਦਰਸ਼ਨਾਂ ਲਈ ਮਿਲੀ ਇਸ ਸਹੂਲਤ 'ਤੇ ਖੁਸ਼ੀ ਪ੍ਰਗਟਾਈ। ਵਾਹਿਗੁਰੂ ਜੀ ਸਮੂਹ ਸੰਗਤਾਂ ਦੇ ਸਫ਼ਰ ਨੂੰ ਸੁਖਦਾਈ ਬਣਾਉਣ ਅਤੇ ਸਭ ਦੇ ਜੀਵਨ ਵਿੱਚ ਖੁਸ਼ੀਆਂ, ਤੰਦਰੁਸਤੀ ਤੇ ਚੜ੍ਹਦੀ ਕਲਾ ਬਖ਼ਸ਼ਣ।

ਪੰਜਾਬ ਵਿੱਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਨੇ ਲੋਕਾਂ ਵਿੱਚ ਅਸੁਰੱਖਿਆ ਦਾ ਮਾਹੌਲ ਪੈਦਾ ਕੀਤਾ : ਅਸ਼ੋਕ ਨਾਨੋਵਾਲ

ਪੈ.ਗਾਮ-ਏ-ਜਗਤ/ਬਲਾਚੌਰ
28 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ)



ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਨਾਨੋਵਾਲ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੂਬੇ ਵਿੱਚ ਲਗਾਤਾਰ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ, ਕਤਲਾਂ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੇ ਆਮ ਲੋਕਾਂ ਦੀ ਸੁਰੱਖਿਆ ਲੈ ਕੇ ਚਿੰਤਾ ਵਧਾ ਦਿੱਤੀ ਹੈ।

ਅਸ਼ੋਕ ਨਾਨੋਵਾਲ ਕਿਹਾ ਕਿ ਸਰਕਾਰ ਦੀ ਜ਼ਿੰਮੇਵਾਰੀ ਸਿਰਫ਼ ਲੋਕਾਂ ਨਾਲ ਵਾਅਦੇ ਕਰਨਾ ਨਹੀਂ, ਸਗੋਂ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਕਰਨਾ ਵੀ ਹੈ।ਅਸ਼ੋਕ ਨਾਨੋਵਾਲ ਨੇ ਕਿਹਾ ਕਿ ਜਦੋਂ ਸੂਬੇ ਵਿੱਚ ਪੁਲਿਸ ਮੁਲਾਜ਼ਮਾਂ 'ਤੇ ਹਮਲੇ ਹੋਣ ਅਤੇ ਆਮ ਨਾਗਰਿਕਾਂ ਨੂੰ ਦਿਨ-ਦਿਹਾੜੇ ਲੁੱਟ-ਖੋਹ ਵਰਗੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪਵੇ, ਤਾਂ ਇਹ ਸਥਿਤੀ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਕਾਇਮ ਰੱਖਣ ਲਈ ਅਪਰਾਧੀਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਅਤੇ ਪੁਲਿਸ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।ਉਨ੍ਹਾਂ ਨੇ ਕਿਹਾ ਮਾਨਸਾ ਵਿਖੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਕਾਰਕੁੰਨ ਪਰਮਿੰਦਰ ਸਿੰਘ ਝੋਟਾ ਦੇ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕੀਤੇ ਗਏ। ਕਤਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਮਾਜ ਵਿੱਚ ਡਰ ਅਤੇ ਬੇਭਰੋਸਗੀ ਦਾ ਮਾਹੌਲ ਪੈਦਾ ਕਰਦੀਆਂ ਹਨ ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣਾ ਸਰਕਾਰ ਦੀ ਪਹਿਲ ਹੋਣੀ ਚਾਹੀਦੀ ਹੈ ਅਤੇ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਕਾਨੂੰਨ ਅਨੁਸਾਰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਅਸ਼ੋਕ ਨਾਨੋਵਾਲ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਲਈ ਸਿਰਫ਼ ਐਲਾਨਾਂ ਨਾਲ ਕੰਮ ਨਹੀਂ ਚੱਲੇਗਾ, ਸਗੋਂ ਜ਼ਮੀਨੀ ਪੱਧਰ 'ਤੇ ਠੋਸ ਅਤੇ ਨਿਰੰਤਰ ਯਤਨ ਕਰਨੇ ਪੈਣਗੇ। ਉਨ੍ਹਾਂ ਅਨੁਸਾਰ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਤੋੜਨ, ਅਪਰਾਧੀਆਂ 'ਤੇ ਸ਼ਿਕੰਜਾ ਕੱਸਣ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਨਿਭਾਉਣੀ ਲਈ ਸਰਕਾਰ ਨੂੰ ਆਪਣੀ ਜਵਾਬਦੇਹੀ ਚਾਹੀਦੀ ਹੈ।

ਭਾਜਪਾ ਆਗੂ ਅਸ਼ੋਕ ਨਾਨੋਵਾਲ ਨੇ ਕਿਹਾ ਕਿ ਲੋਕਤੰਤਰ ਵਿੱਚ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਅਤੇ ਨਿਆਂ ਪ੍ਰਦਾਨ ਕਰਨਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਸੁਧਾਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ, ਅਪਰਾਧਿਕ ਮਾਮਲਿਆਂ ਦੀ ਜਾਂਚ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਸਮੇਂ ਸਿਰ ਇਨਸਾਫ਼ ਦਿੱਤਾ ਜਾਵੇ।ਉਨ੍ਹਾਂ ਨੇ ਕਿਹਾ ਭਾਜਪਾ ਲੋਕਾਂ ਦੇ ਹੱਕਾਂ, ਸਮਾਜਿਕ ਨਿਆਂ ਅਤੇ ਸੁਰੱਖਿਆ ਨਾਲ ਜੁੜੇ ਮੁੱਦਿਆਂ ਨੂੰ ਲਗਾਤਾਰ ਉਠਾਉਂਦੀ ਰਹੇਗੀ ਅਤੇ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਰਹੇਗੀ।

ਵਧੀਕ ਡਿਪਟੀ ਕਮਿਸ਼ਨਰ ਅਨੁਰਾਗ ਢਾਲੀਆ ਨੇ ਕੀਤਾ ਰਤੀਆ ਅਨਾਜ ਮੰਡੀ ਦਾ ਨਿਰੀਖਣ

ਪੈ.ਗਾਮ-ਏ-ਜਗਤ
ਰਤੀਆ, 28 ਅਕਤੂਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

• ਖਰੀਦ ਏਜੰਸੀਆਂ ਨੂੰ ਰੋਜ਼ਾਨਾ ਖਰੀਦ ਸ਼ੁਰੂ ਕਰਨ ਅਤੇ ਫ਼ਸਲ ਚੁਕਾਈ ਵਿੱਚ ਤੇਜ਼ੀ ਲਿਆਉਣ ਦੇ ਦਿੱਤੇ ਨਿਰਦੇਸ਼



ਵਧੀਕ ਡਿਪਟੀ ਕਮਿਸ਼ਨਰ ਅਨੁਰਾਗ ਢਾਲੀਆ ਨੇ ਰਤੀਆ ਅਨਾਜ ਮੰਡੀ ਦਾ ਨਿਰੀਖਣ ਕਰ ਫ਼ਸਲ ਖਰੀਦ, ਚੁਕਾਈ ਅਤੇ ਮੰਡੀ ਵਿੱਚ ਉਪਲਬਧ ਵਿਵਸਥਾਵਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਮਾਰਕਿਟ ਕਮੇਟੀ ਦਫ਼ਤਰ ਵਿੱਚ ਸਬੰਧਤ ਅਧਿਕਾਰੀਆਂ, ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰ ਮੰਡੀ ਵਿੱਚ ਖਰੀਦ ਕੰਮਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਖਰੀਦ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਮੰਡੀ ਵਿੱਚ ਰੋਜ਼ਾਨਾ ਖਰੀਦ ਸ਼ੁਰੂ ਕੀਤੀ ਜਾਵੇ, ਤਾਂ ਜੋ ਕਿਸਾਨਾਂ ਦੀ ਫ਼ਸਲ ਦੀ ਖਰੀਦ ਨਿਯਮਤ ਰੂਪ ਨਾਲ ਹੋ ਸਕੇ ਅਤੇ ਮੰਡੀ ਵਿੱਚ ਫ਼ਸਲ ਦਾ ਬੇਲੋੜਾ ਜਮ੍ਹਾਅ ਨਾ ਹੋਵੇ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀ ਵਿੱਚ ਫ਼ਸਲ ਖਰੀਦ ਅਤੇ ਚੁਕਾਈ ਦੀ ਪ੍ਰਕਿਰਿਆ ਨੂੰ ਆਪਸੀ ਤਾਲਮੇਲ ਨਾਲ ਸੁਚਾਰੂ ਢੰਗ ਨਾਲ ਚਲਾਇਆ ਜਾਵੇ। ਖਰੀਦ ਏਜੰਸੀਆਂ ਖਰੀਦ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਾਲ-ਨਾਲ ਖਰੀਦੀ ਗਈ ਫ਼ਸਲ ਦੀ ਚੁਕਾਈ ਵੀ ਸਮਾਂਬੱਧ ਤਰੀਕੇ ਨਾਲ ਯਕੀਨੀ ਬਣਾਉਣ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੰਡੀ ਵਿੱਚ ਖਰੀਦ ਨਾਲ ਸਬੰਧਤ ਕੰਮਾਂ ਵਿੱਚ ਕਿਸੇ ਕਿਸਮ ਦੀ ਬੇਲੋੜੀ ਦੇਰੀ ਨਹੀਂ ਹੋਣੀ ਚਾਹੀਦੀ ਅਤੇ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਵਧੀਕ ਡਿਪਟੀ ਕਮਿਸ਼ਨਰ ਅਨੁਰਾਗ ਢਾਲੀਆ ਨੇ ਮੰਡੀ ਵਿੱਚ ਲੇਬਰ ਦੀ ਗਿਣਤੀ ਵਧਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਫ਼ਸਲ ਦੀਆਂ ਢੇਰੀਆਂ ਲਗਾਉਣ, ਤੋਲ, ਭਰਾਈ ਅਤੇ ਹੋਰ ਸਬੰਧਤ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਲੋੜੀਂਦੀ ਲੇਬਰ ਉਪਲਬਧ ਹੋਣ ਨਾਲ ਖਰੀਦ ਪ੍ਰਕਿਰਿਆ ਨੂੰ ਗਤੀ ਮਿਲੇਗੀ ਅਤੇ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਸਹੂਲਤ ਹੋਵੇਗੀ।

ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਮੰਡੀ ਵਿੱਚ ਖਰੀਦ ਅਤੇ ਚੁਕਾਈ ਕੰਮਾਂ ਦੀ ਨਿਯਮਤ ਨਿਗਰਾਨੀ ਕਰਨ ਅਤੇ ਆਪਸੀ ਤਾਲਮੇਲ ਬਣਾ ਕੇ ਕੰਮ ਕਰਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕਿਸਾਨਾਂ ਦੀ ਫ਼ਸਲ ਦੀ ਖਰੀਦ ਅਤੇ ਚੁਕਾਈ ਵਿੱਚ ਤੇਜ਼ੀ ਲਿਆਉਣਾ ਤਰਜੀਹ ਹੈ, ਇਸ ਲਈ ਸਾਰੇ ਸਬੰਧਤ ਵਿਭਾਗ ਅਤੇ ਏਜੰਸੀਆਂ ਆਪਣੀ ਜ਼ਿੰਮੇਵਾਰੀ ਦਾ ਗੰਭੀਰਤਾ ਨਾਲ ਨਿਰਵਾਹ ਕਰਨ।

ਇਸ ਦੌਰਾਨ ਐਸਡੀਐਮ ਸੁਰੇਂਦਰ ਸਿੰਘ, ਨਾਇਬ ਤਹਿਸੀਲਦਾਰ ਬਲਵਾਨ ਸਿੰਘ, ਮਾਰਕਿਟ ਕਮੇਟੀ ਸਕੱਤਰ ਸੰਜੀਵ ਸਚਦੇਵਾ, ਵਪਾਰ ਮੰਡਲ ਪ੍ਰਧਾਨ ਦਰਸ਼ਨ ਕੁਮਾਰ ਗਰਗ, ਹੈਫੇਡ ਮੈਨੇਜਰ ਸੁਭਾਸ਼ ਚੰਦਰ, ਵੇਅਰਹਾਊਸ ਮੈਨੇਜਰ ਸੋਮਬੀਰ, ਫੂਡ ਸਪਲਾਈ ਇੰਸਪੈਕਟਰ ਸੰਦੀਪ ਕੁਮਾਰ, ਸੁਨੀਲ ਕੁਮਾਰ, ਸੰਜੇ ਮੋਦੀ ਸਮੇਤ ਹੋਰ ਸਬੰਧਤ ਅਧਿਕਾਰੀ ਮੌਜੂਦ ਰਹੇ।

ਸ਼ਹਿਰੀ ਜਲ ਸੰਭਾਲ ਮੁਹਿੰਮ ਤਹਿਤ ਵਾਰਡ ਨੰਬਰ 15 ਅਤੇ ਐਂਪਲਾਈਜ਼ ਕਾਲੋਨੀ ਵਿੱਚ ਚਲਾਇਆ ਜਾਗਰੂਕਤਾ ਅਭਿਆਨ

ਪੈ.ਗਾਮ-ਏ-ਜਗਤ
ਰਤੀਆ, 28 ਅਕਤੂਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

ਗੈਰ-ਕਾਨੂੰਨੀ ਪੀਣ ਵਾਲੇ ਪਾਣੀ ਅਤੇ ਸੀਵਰੇਜ ਕੁਨੈਕਸ਼ਨ ਨਿਯਮਤ ਕਰਵਾਉਣ ਦੀ ਅਪੀਲ, ਰੋਡ ਕੱਟ ਚਾਰਜ ਦੀ ਛੋਟ ਦਾ ਲਾਭ ਉਠਾਉਣ ਸ਼ਹਿਰ ਵਾਸੀ



ਰਤੀਆ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਵੱਲੋਂ ਸ਼ਹਿਰੀ ਜਲ ਸੰਭਾਲ ਮੁਹਿੰਮ ਤਹਿਤ ਅੱਜ ਰਤੀਆ ਸ਼ਹਿਰ ਦੇ ਵਾਰਡ ਨੰਬਰ 15 ਅਤੇ ਐਂਪਲਾਈਜ਼ ਕਾਲੋਨੀ ਵਿੱਚ ਵਿਸ਼ੇਸ਼ ਜਾਗਰੂਕਤਾ ਅਭਿਆਨ ਚਲਾਇਆ ਗਿਆ। ਅਭਿਆਨ ਦੀ ਅਗਵਾਈ ਵਿਭਾਗ ਦੇ ਜ਼ਿਲ੍ਹਾ ਸਲਾਹਕਾਰ ਸ਼ਰਮਾ ਚੰਦ ਲਾਲੀ ਅਤੇ ਜੂਨੀਅਰ ਇੰਜੀਨੀਅਰ ਅਮਨਦੀਪ ਸਿੰਘ ਨੇ ਕੀਤੀ। ਇਸ ਦੌਰਾਨ ਨਾਗਰਿਕਾਂ ਨੂੰ ਜਲ ਸੰਭਾਲ ਪ੍ਰਤੀ ਜਾਗਰੂਕ ਕਰਦਿਆਂ ਗੈਰ-ਕਾਨੂੰਨੀ ਪੀਣ ਵਾਲੇ ਪਾਣੀ ਅਤੇ ਸੀਵਰੇਜ ਕੁਨੈਕਸ਼ਨਾਂ ਨੂੰ ਜਲਦੀ ਤੋਂ ਜਲਦੀ ਨਿਯਮਤ ਕਰਵਾਉਣ ਦੀ ਅਪੀਲ ਕੀਤੀ ਗਈ।

ਅਭਿਆਨ ਦੌਰਾਨ ਵਿਭਾਗੀ ਟੀਮ ਨੇ ਲੋਕਾਂ ਨੂੰ ਸਮਝਾਇਆ ਕਿ ਪੀਣ ਵਾਲੇ ਪਾਣੀ ਵਰਗੀ ਬਹੁਮੁੱਲੀ ਕੁਦਰਤੀ ਸੰਪਦਾ ਦੀ ਸਦਵਰਤੋਂ ਕਰਨਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਪਾਣੀ ਦੀ ਬਰਬਾਦੀ ਰੋਕਣ, ਪੀਣ ਵਾਲੇ ਪਾਣੀ ਦੇ ਕੁਨੈਕਸ਼ਨਾਂ ਦੀ ਸਹੀ ਵਰਤੋਂ ਕਰਨ ਅਤੇ ਸੀਵਰੇਜ ਵਿਵਸਥਾ ਨੂੰ ਸੁਚਾਰੂ ਬਣਾਈ ਰੱਖਣ ਲਈ ਸਾਰੇ ਨਾਗਰਿਕਾਂ ਨੂੰ ਵਿਭਾਗ ਦਾ ਸਹਿਯੋਗ ਕਰਨਾ ਚਾਹੀਦਾ ਹੈ।

ਜ਼ਿਲ੍ਹਾ ਸਲਾਹਕਾਰ ਸ਼ਰਮਾ ਚੰਦ ਲਾਲੀ ਨੇ ਦੱਸਿਆ ਕਿ ਸਰਕਾਰ ਵੱਲੋਂ ਰੋਡ ਕੱਟ ਚਾਰਜ ਵਿੱਚ ਛੋਟ ਦਿੱਤੇ ਜਾਣ ਕਾਰਨ ਪਾਣੀ ਅਤੇ ਸੀਵਰੇਜ ਕੁਨੈਕਸ਼ਨਾਂ ਨੂੰ ਮਨਜ਼ੂਰ ਕਰਵਾਉਣ 'ਤੇ ਪਹਿਲਾਂ ਲੱਗਣ ਵਾਲਾ ਲਗਭਗ 12,000 ਰੁਪਏ ਦਾ ਖਰਚ ਹੁਣ ਸਿਰਫ਼ 1,500 ਰੁਪਏ ਵਿੱਚ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਿਸ਼ੇਸ਼ ਛੋਟ ਦਾ ਲਾਭ ਉਠਾ ਕੇ ਆਪਣੇ ਗੈਰ-ਕਾਨੂੰਨੀ ਕੁਨੈਕਸ਼ਨਾਂ ਨੂੰ ਨਿਯਮਤ ਕਰਵਾਉਣ ਅਤੇ ਭਵਿੱਖ ਵਿੱਚ ਹੋਣ ਵਾਲੀ ਵਿਭਾਗੀ ਕਾਰਵਾਈ ਤੋਂ ਬਚਣ।

ਉਨ੍ਹਾਂ ਕਿਹਾ ਕਿ **ਰੋਡ ਕੱਟ ਚਾਰਜ ਵਿੱਚ ਦਿੱਤੀ ਗਈ ਛੋਟ ਸੀਮਤ ਸਮੇਂ ਲਈ ਹੈ।** ਇਸ ਲਈ ਨਾਗਰਿਕ ਇਸ ਮੌਕੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਮੇਂ ਸਿਰ ਆਪਣੇ ਕੁਨੈਕਸ਼ਨ ਨਿਯਮਤ ਕਰਵਾਉਣ। ਆਖਰੀ ਸਮੇਂ ਦੀ ਉਡੀਕ ਕਰਨ ਦੀ ਬਜਾਏ ਵਿਭਾਗ ਨਾਲ ਸੰਪਰਕ ਕਰ ਜ਼ਰੂਰੀ ਪ੍ਰਕਿਰਿਆ ਪੂਰੀ ਕਰਨ।

ਸ਼ਰਮਾ ਚੰਦ ਲਾਲੀ ਨੇ ਕਿਹਾ ਕਿ ਸਾਫ਼ ਪੀਣ ਵਾਲਾ ਪਾਣੀ ਉਪਲਬਧ ਕਰਵਾਉਣਾ ਅਤੇ ਸੀਵਰੇਜ ਵਿਵਸਥਾ ਨੂੰ ਵਿਵਸਥਿਤ ਬਣਾਈ ਰੱਖਣਾ ਵਿਭਾਗ ਦੇ ਨਾਲ-ਨਾਲ ਆਮ ਨਾਗਰਿਕਾਂ ਦੀ ਵੀ ਸਮੂਹਿਕ ਜ਼ਿੰਮੇਵਾਰੀ ਹੈ। ਹਰ ਪਰਿਵਾਰ ਨੂੰ ਪਾਣੀ ਦੀ ਵਰਤੋਂ ਲੋੜ ਅਨੁਸਾਰ ਕਰਨੀ ਚਾਹੀਦੀ ਹੈ ਅਤੇ ਪਾਣੀ ਦੀ ਲੀਕੇਜ ਅਤੇ ਬੇਲੋੜੀ ਬਰਬਾਦੀ ਨੂੰ ਰੋਕਣ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ।

ਜੂਨੀਅਰ ਇੰਜੀਨੀਅਰ ਅਮਨਦੀਪ ਸਿੰਘ ਨੇ ਵੀ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੀਣ ਵਾਲੇ ਪਾਣੀ ਅਤੇ ਸੀਵਰੇਜ ਕੁਨੈਕਸ਼ਨਾਂ ਨੂੰ ਨਿਯਮਾਂ ਅਨੁਸਾਰ ਮਨਜ਼ੂਰ ਕਰਵਾਉਣ ਅਤੇ ਵਿਭਾਗ ਵੱਲੋਂ ਚਲਾਈ ਜਾ ਰਹੀ ਜਲ ਸੰਭਾਲ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ।

ਅਭਿਆਨ ਦੌਰਾਨ ਸ਼ਰਮਾ ਚੰਦ ਲਾਲੀ, ਜ਼ਿਲ੍ਹਾ ਸਲਾਹਕਾਰ, ਜਨ ਸਿਹਤ ਇੰਜੀਨੀਅਰਿੰਗ ਵਿਭਾਗ ਫਤਿਹਾਬਾਦ; ਅਮਨਦੀਪ ਸਿੰਘ, ਜੂਨੀਅਰ ਇੰਜੀਨੀਅਰ; ਪਵਨ ਕੁਮਾਰ, ਦਿਨੇਸ਼ ਕੁਮਾਰ, ਰਾਹੁਲ, ਨਫੇ ਸਿੰਘ, ਗਗਨ ਸਿੰਘ, ਸ਼੍ਰੀਰਾਮ, ਰਾਮ ਮੇਹਰ ਸਿੰਘ ਸਮੇਤ ਹੋਰ ਕਰਮਚਾਰੀ ਮੌਜੂਦ ਰਹੇ।

ਵਿਧਾਇਕ ਜਰਨੈਲ ਸਿੰਘ ਰਤੀਆ ਦੀ 16 ਫੁੱਟੀ ਗਲੀ ਦੇ ਨਿਰਮਾਣ ਕੰਮ ਵਿੱਚ ਲਾਪਰਵਾਹੀ 'ਤੇ ਭੜਕੇ, ਅਧਿਕਾਰੀਆਂ ਨੂੰ ਲਗਾਈ ਝਾੜ

ਪੈ.ਗਾਮ-ਏ-ਜਗਤ
ਰਤੀਆ, 28 ਅਕਤੂਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

• ਮੌਕੇ 'ਤੇ ਪਹੁੰਚ ਕੇ ਲਿਆ ਨਿਰਮਾਣ ਕੰਮ ਦਾ ਜਾਇਜ਼ਾ, ਠੇਕੇਦਾਰ ਨੂੰ ਬਲੈਕਲਿਸਟ ਕਰਨ ਦੇ ਦਿੱਤੇ ਨਿਰਦੇਸ਼



ਰਤੀਆ ਦੀ 16 ਫੁੱਟੀ ਗਲੀ ਦੇ ਨਿਰਮਾਣ ਕੰਮ ਨੂੰ ਲੈ ਕੇ ਸਬੰਧਤ ਅਧਿਕਾਰੀਆਂ ਵੱਲੋਂ ਸੁਧ ਨਾ ਲਏ ਜਾਣ ਦੀਆਂ ਸ਼ਿਕਾਇਤਾਂ ਵਿਚਕਾਰ ਵਿਧਾਇਕ ਜਰਨੈਲ ਸਿੰਘ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਗਲੀ ਵਿੱਚ ਚੱਲ ਰਹੇ ਨਿਰਮਾਣ ਕੰਮ ਦਾ ਨਿਰੀਖਣ ਕੀਤਾ ਅਤੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਤੋਂ ਕੰਮ ਦੀ ਸਥਿਤੀ ਨੂੰ ਲੈ ਕੇ ਜਵਾਬ ਤਲਬ ਕੀਤਾ।

ਨਿਰੀਖਣ ਦੌਰਾਨ ਵਿਧਾਇਕ ਜਰਨੈਲ ਸਿੰਘ ਨੇ ਨਿਰਮਾਣ ਕੰਮ ਵਿੱਚ ਕਥਿਤ ਲਾਪਰਵਾਹੀ ਨੂੰ ਲੈ ਕੇ ਨਾਰਾਜ਼ਗੀ ਜਤਾਈ ਅਤੇ ਅਧਿਕਾਰੀਆਂ ਨੂੰ ਝਾੜ ਪਾਉਂਦਿਆਂ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਨੇ ਠੇਕੇਦਾਰ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਸਬੰਧਤ ਅਧਿਕਾਰੀਆਂ ਨੂੰ ਠੇਕੇਦਾਰ ਨੂੰ ਬਲੈਕਲਿਸਟ ਕਰਨ ਦੀ ਕਾਰਵਾਈ ਲਈ ਨਿਰਦੇਸ਼ਿਤ ਕੀਤਾ। ਵਿਧਾਇਕ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਕਾਸ ਕੰਮਾਂ ਵਿੱਚ ਗੁਣਵੱਤਾ ਅਤੇ ਨਿਰਧਾਰਤ ਮਾਪਦੰਡਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਨਿਰਮਾਣ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਨਾਲ ਹੀ, ਅਧਿਕਾਰੀਆਂ ਨੂੰ ਨਿਰਮਾਣ ਕੰਮ ਦੀ ਨਿਯਮਤ ਨਿਗਰਾਨੀ ਕਰਨ ਅਤੇ ਨਿਰਧਾਰਤ ਮਾਪਦੰਡਾਂ ਅਨੁਸਾਰ ਕੰਮ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਵਿਧਾਇਕ ਦੇ ਮੌਕੇ 'ਤੇ ਪਹੁੰਚ ਕੇ ਨਿਰੀਖਣ ਕਰਨ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦੇਣ ਤੋਂ ਬਾਅਦ 16 ਫੁੱਟੀ ਗਲੀ ਦਾ ਨਿਰਮਾਣ ਕੰਮ ਚਰਚਾ ਵਿੱਚ ਆ ਗਿਆ ਹੈ। ਹੁਣ ਦੇਖਣਾ ਹੋਵੇਗਾ ਕਿ ਸਬੰਧਤ ਵਿਭਾਗ ਇਸ ਮਾਮਲੇ ਵਿੱਚ ਕੀ ਕਾਰਵਾਈ ਕਰਦਾ ਹੈ ਅਤੇ ਗਲੀ ਦਾ ਨਿਰਮਾਣ ਕੰਮ ਕਦੋਂ ਤੱਕ ਪੂਰਾ ਹੁੰਦਾ ਹੈ।

ਇਸ ਮੌਕੇ 'ਤੇ ਐਡਵੋਕੇਟ ਬਿਕਰ ਸਿੰਘ, ਜਗਪਾਲ ਸਿੰਘ ਸਮੇਤ ਮੁਹੱਲਾ ਵਾਸੀ ਮੌਜੂਦ ਸਨ।

ਭਾਜਪਾ ਨੇ ਸ਼ਹੀਦ ਸਮਾਰਕ ਦੇ ਉਦਘਾਟਨੀ ਸਮਾਗਮ ਨੂੰ ਇਤਿਹਾਸਕ ਬਣਾਉਣ ਲਈ ਕੋਸ਼ਿਸ਼ਾਂ ਕੀਤੀਆਂ ਹਨ: ਡਾ. ਅਰਚਨਾ ਗੁਪਤਾ



ਪੈ.ਗਾਮ-ਏ-ਜਗਤ/ਅੰਬਾਲਾ, 28 ਅਕਤੂਬਰ (ਆਰ.ਸਿੰਘ)

ਭਾਜਪਾ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 1857 ਦੀ ਕ੍ਰਾਂਤੀ ਦੇ ਬਹਾਦਰ ਸ਼ਹੀਦਾਂ ਦੀ ਯਾਦ ਵਿਚ ਬਣਾਇਆ ਗਿਆ ਵਿਸ਼ਾਲ ਸ਼ਹੀਦੀ ਸਮਾਰਕ ਜਨਤਾ ਨੂੰ ਸਮਰਪਿਤ ਕਰਨ ਲਈ 5 ਨਵੰਬਰ ਨੂੰ ਅੰਬਾਲਾ ਆ ਰਹੇ ਹਨ। ਸ਼ਹੀਦੀ ਸਮਾਰਕ ਦੇ ਉਦਘਾਟਨੀ ਸਮਾਰੋਹ ਨੂੰ ਇਤਿਹਾਸਕ ਬਣਾਉਣ ਲਈ ਭਾਜਪਾ ਨੇ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਹਨ। ਡਾ. ਅਰਚਨਾ ਗੁਪਤਾ ਬੁੱਧਵਾਰ ਨੂੰ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅੰਬਾਲਾ ਛਾਉਣੀ ਪਹੁੰਚੇ ਸਨ ਜਿੱਥੇ ਉਨ੍ਹਾਂ ਨੇ ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿਜ ਅਤੇ ਪਾਰਟੀ ਦੀ ਕੋਰ ਕਮੇਟੀ ਨਾਲ ਇੱਕ ਮਹੱਤਵਪੂਰਨ ਮੀਟਿੰਗ ਕਰਕੇ ਪ੍ਰੋਗਰਾਮ ਦੀ ਰੂਪ-ਰੇਖਾ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਅਰਚਨਾ ਗੁਪਤਾ ਨੇ ਕਿਹਾ ਕਿ ਗ੍ਰਹਿ ਮੰਤਰੀ 5 ਨਵੰਬਰ ਨੂੰ ਸ਼ਹੀਦ ਸਮਾਰਕ ਦਾ ਉਦਘਾਟਨ ਕਰਨਗੇ ਜਿਸ ਤੋਂ ਬਾਅਦ ਉਹ ਸਥਾਨਕ ਗਾਂਧੀ ਗਰਾਊਂਡ ਵਿਖੇ ਇੱਕ ਵੱਡੇ ਜਨਤਕ ਇਕੱਠ ਨੂੰ ਸੰਬੋਧਨ ਕਰਨਗੇ। ਉਨ੍ਹਾਂ ਕਿਹਾ ਕਿ ਇਹ ਸਮਾਰਕ ਨਾ ਸਿਰਫ਼ ਹਰਿਆਣਾ ਸਗੋਂ ਪੂਰੇ ਦੇਸ਼ ਦੇ ਨੌਜਵਾਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰੇਗਾ। ਪਾਰਟੀ ਵਰਕਰਾਂ ਨੇ ਇਸ ਸਮਾਗਮ ਲਈ ਸ਼ਾਨਦਾਰ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਦੌਰਾਨ ਸੂਬਾ ਪ੍ਰਧਾਨ ਨੇ ਐਸਆਈਆਰ ਦੇ ਮੁੱਦੇ 'ਤੇ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਵਿਰੋਧੀ ਧਿਰ ਐਸਆਈਆਰ ਰਾਹੀਂ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ।

ਰਾਜਪੁਰਾ ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਸੰਭਾਲਿਆ ਅਹੁਦਾ

ਰਾਜਪੁਰਾ, 28 ਅਕਤੂਬਰ (ਪੈ.ਗਾਮ-ਏ-ਜਗਤ)

ਆਮ ਆਦਮੀ ਪਾਰਟੀ ਦੇ ਆਗੂ ਗੁਰਪ੍ਰੀਤ ਸਿੰਘ ਧਮੋਲੀ ਵਲੋਂ ਬਾਕਾਇਦਾ ਦਫ਼ਤਰੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਮਾਰਕੀਟ ਕਮੇਟੀ ਰਾਜਪੁਰਾ ਦੇ ਚੇਅਰਮੈਨ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਕਰਵਾਏ ਗਏ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਹਲਕਾ ਰਾਜਪੁਰਾ ਤੋਂ ਵਿਧਾਇਕ ਨੀਨਾ ਮਿੱਤਲ, ਘਨੌਰ ਹਲਕਾ ਤੋਂ ਵਿਧਾਇਕ ਗੁਰਲਾਲ ਘਨੌਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸੱਟ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ। ਸਮਾਗਮ ਦੌਰਾਨ ਪੁਰਾਣੇ ਚੇਅਰਮੈਨ ਨੂੰ ਦਫ਼ਤਰ ਦੇ ਸਟਾਫ਼ ਅਤੇ ਆੜ੍ਹਤੀਆ ਐਸੋਸੀਏਸ਼ਨ ਵੱਲੋਂ ਸਨਮਾਨ ਸਹਿਤ ਵਿਦਾਈ ਵੀ ਦਿੱਤੀ ਗਈ।



ਇਸ ਮੌਕੇ ਗੱਲ ਕਰਦਿਆਂ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਮਾਰਕੀਟ ਕਮੇਟੀ ਦੇ ਪਹਿਲੇ ਚੇਅਰਮੈਨ ਵੱਲੋਂ ਕੀਤੇ ਗਏ ਚੰਗੇ ਕੰਮਾਂ ਨੂੰ ਅੱਗੇ ਵਧਾਇਆ ਜਾਵੇਗਾ ਅਤੇ ਕਮੇਟੀ ਨੂੰ ਹੋਰ ਵੀ ਪਾਰਦਰਸ਼ੀ ਅਤੇ ਕਿਸਾਨ-ਆੜ੍ਹਤੀ ਪੱਖੀ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਮੰਡੀ ਵਿੱਚ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ, ਇਸ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ। ਉਹਨਾਂ ਕਿਹਾ ਕਿ ਉਹਨਾਂ ਦਾ ਸੁਪਨਾ ਹੈ ਕਿ ਉਹ ਵਿਧਾਇਕ ਵਜੋਂ ਰਾਜਪੁਰਾ ਹਲਕੇ ਦੀ ਸੇਵਾ ਕਰਨ ਅਤੇ ਉਹ ਇਸ ਦੌੜ ਵਿੱਚ ਸ਼ਾਮਲ ਰਹਿਣਗੇ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਰਾਜਪੁਰਾ ਦੇ ਪ੍ਰਧਾਨ ਦਵਿੰਦਰ ਸਿੰਘ ਬੈਦਵਾਨ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ਼ਾਮ ਸੁੰਦਰ ਵਧਵਾ, ਅਮਿਤ ਆਰੀਆ, ਮਾਰਕੀਟ ਕਮੇਟੀ ਦੇ ਅਧਿਕਾਰੀ, ਦਫ਼ਤਰੀ ਸਟਾਫ਼, ਪਾਰਟੀ ਦੇ ਵਰਕਰ ਅਤੇ ਧਮੋਲੀ ਪਰਿਵਾਰ ਦੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਥਾਨਵਾਲਾ 'ਚ ਖੇਡਾਂ ਨੂੰ ਮਿਲਿਆ ਨਵਾਂ ਹੁਲਾਰਾ, ਚੌਧਰੀ ਰੋਸ਼ਨ ਲਾਲ ਭਾਟੀਆ ਨੇ ਬੱਚਿਆਂ ਨੂੰ ਵੰਡਿਆ ਵਾਲੀਬਾਲ ਦਾ ਸਮਾਨ, ਖੁਸ਼ੀ ਨਾਲ ਖਿੜ ਉੱਠੇ ਚਿਹਰੇ

ਪੈ.ਗਾਮ-ਏ-ਜਗਤ/ਬਲਾਚੌਰ
28 ਅਕਤੂਬਰ (ਜਤਿੰਦਰਪਾਲ ਸਿੰਘ ਕਲੇਰ)

• ਬੱਚਿਆਂ ਨੂੰ ਨਸ਼ਿਆਂ ਅਤੇ ਮੋਬਾਈਲ ਦੀ ਲਤ ਤੋਂ ਦੂਰ ਕਰ ਕੇ ਖੇਡ ਮੈਦਾਨ ਵੱਲ ਲਿਆਉਣ ਦਾ ਸ਼ਲਾਘਾਯੋਗ ਉਪਰਾਲਾ



ਪਿੰਡ ਥਾਨਵਾਲਾ ਵਿਖੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ। ਸਤਿਕਾਰਯੋਗ ਚੌਧਰੀ ਰੋਸ਼ਨ ਲਾਲ ਭਾਟੀਆ ਜੀ ਵੱਲੋਂ ਪਿੰਡ ਦੇ ਬੱਚਿਆਂ ਨੂੰ ਖੇਡਾਂ ਦਾ ਸਮਾਨ (ਵਾਲੀਬਾਲ) ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਜਿਵੇਂ ਹੀ ਬੱਚਿਆਂ ਨੂੰ ਖੇਡ ਦਾ ਸਮਾਨ ਮਿਲਿਆ, ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਸਾਫ਼ ਨਜ਼ਰ ਆਉਣ ਲੱਗੀ ਅਤੇ ਸਾਰਾ ਮਾਹੌਲ ਖੁਸ਼ਗਵਾਰ ਹੋ ਗਿਆ।

ਭਾਟੀਆ ਜੀ ਹਮੇਸ਼ਾ ਹੀ ਪਿੰਡ ਦੇ ਵਿਕਾਸ ਅਤੇ ਬੱਚਿਆਂ ਦੇ ਭਵਿੱਖ ਲਈ ਸੋਚਦੇ ਨੇ। ਉਨ੍ਹਾਂ ਦਾ ਇਹ ਪਿਆਰ ਭਰਿਆ ਕਦਮ ਬੱਚਿਆਂ ਨੂੰ ਨਸ਼ਿਆਂ ਅਤੇ ਮੋਬਾਈਲ ਦੀ ਦੁਨੀਆਂ ਤੋਂ ਕੱਢ ਕੇ ਖੇਡ ਮੈਦਾਨ ਵੱਲ ਲਿਆਏਗਾ। ਅੱਜ ਦੇ ਸਮੇਂ ਵਿੱਚ ਜਦੋਂ ਬੱਚੇ ਜ਼ਿਆਦਾਤਰ ਸਮਾਂ ਮੋਬਾਈਲ 'ਤੇ ਬਿਤਾ ਰਹੇ ਹਨ, ਅਜਿਹੇ ਉਪਰਾਲੇ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਖੇਡਾਂ ਨਾਲ ਸਰੀਰ ਤੰਦਰੁਸਤ ਅਤੇ ਮਨ ਖੁਸ਼ ਰਹਿੰਦਾ ਹੈ। ਬੱਚਿਆਂ ਨੇ ਖੇਡ ਦਾ ਸਮਾਨ ਮਿਲਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਹੁਣ ਉਹ ਰੋਜ਼ਾਨਾ ਖੇਡ ਮੈਦਾਨ ਵਿੱਚ ਜਾ ਕੇ ਅਭਿਆਸ ਕਰਨਗੇ। ਪਿੰਡ ਦੇ ਨੌਜਵਾਨਾਂ ਨੇ ਵੀ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਬੱਚੇ ਖੇਡਾਂ ਵੱਲ ਆਉਣਗੇ ਤਾਂ ਉਹ ਗਲਤ ਸੰਗਤ ਅਤੇ ਨਸ਼ਿਆਂ ਤੋਂ ਦੂਰ ਰਹਿਣਗੇ। ਬੱਚਿਆਂ ਦੇ ਚਿਹਰਿਆਂ 'ਤੇ ਆਈ ਇਹ ਖੁਸ਼ੀ ਹੀ ਸਭ ਤੋਂ ਵੱਡਾ ਇਨਾਮ ਹੈ। ਸਮੁੱਚੇ ਪਿੰਡ ਵਾਸੀਆਂ ਅਤੇ ਨੌਜਵਾਨਾਂ ਵੱਲੋਂ ਚੌਧਰੀ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਪਿੰਡ ਵਾਸੀਆਂ ਨੇ ਕਿਹਾ ਕਿ ਭਾਟੀਆ ਜੀ ਵੱਲੋਂ ਪਿੰਡ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮ ਹਮੇਸ਼ਾ ਯਾਦ ਰੱਖੇ ਜਾਣਗੇ। ਪ੍ਰਮਾਤਮਾ ਉਨ੍ਹਾਂ ਨੂੰ ਲੰਮੀ ਉਮਰ ਅਤੇ ਤੰਦਰੁਸਤੀ ਬਖਸ਼ੇ।

ਉਹ ਕਾਜੂ ਦੇ ਛਿਲਕਿਆਂ ਦੀਆਂ ਬੋਰੀਆਂ ਵਿੱਚ ਲੁਕਾ ਕੇ 519 ਕਿਲੋ 900 ਗ੍ਰਾਮ ਗਾਂਜਾ ਲੈ ਜਾ ਰਹੇ ਸਨ, ਦੋ ਗ੍ਰਿਫ਼ਤਾਰ

ਪੈ.ਗਾਮ-ਏ-ਜਗਤ/ਕਰਨਾਲ
28 ਅਕਤੂਬਰ (ਪ੍ਰਵੀਨ ਵਾਲੀਆ)

ਕਰਨਾਲ ਪੁਲਿਸ ਨੇ ਨਸ਼ਾ ਤਸਕਰੀ ਵਿਰੁੱਧ ਵੱਡੀ ਕਾਰਵਾਈ ਕਰਦਿਆਂ 519 ਕਿਲੋ 900 ਗ੍ਰਾਮ ਗਾਂਜਾ ਫੁੱਲਪੱਤੀ ਬਰਾਮਦ ਕਰ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬਰਾਮਦ ਗਾਂਜੇ ਦੀ ਅਨੁਮਾਨਿਤ ਕੀਮਤ 1.35 ਕਰੋੜ ਰੁਪਏ ਦੱਸੀ ਗਈ ਹੈ। ਮੁਲਜ਼ਮ ਗਾਂਜੇ ਨੂੰ ਕਾਜੂ ਦੇ ਛਿਲਕਿਆਂ ਦੀਆਂ ਬੋਰੀਆਂ ਹੇਠ ਲੁਕਾ ਕੇ ਟਾਟਾ ਟਰੱਕ ਵਿੱਚ ਲੈ ਜਾ ਰਹੇ ਸਨ। ਪੁਲਿਸ ਨੇ ਟਰੱਕ ਅਤੇ ਉਸ ਵਿੱਚ ਭਰੇ ਹੋਰ ਸਾਮਾਨ ਨੂੰ ਵੀ ਕਬਜ਼ੇ ਵਿੱਚ ਲੈ ਲਿਆ ਹੈ।

ਪੁਲਿਸ ਕਪਤਾਨ ਕਰਨ ਗੋਇਲ ਦੇ ਨਿਰਦੇਸ਼ਾਂ ਅਨੁਸਾਰ ਸਬ-ਇੰਸਪੈਕਟਰ ਰਾਜਨ ਕੁਮਾਰ, ਇੰਚਾਰਜ ਐਂਟੀ ਨਾਰਕੋਟਿਕਸ ਸੈੱਲ, ਦੀ ਟੀਮ 27 ਅਕਤੂਬਰ ਦੀ ਰਾਤ ਅਪਰਾਧਾਂ ਦੀ ਰੋਕਥਾਮ ਲਈ ਨੈਸ਼ਨਲ ਹਾਈਵੇਅ ਦੇ ਸਰਵਿਸ ਰੋਡ 'ਤੇ ਘਰੌਂਡਾ ਨੇੜੇ ਗਸ਼ਤ ਕਰ ਰਹੀ ਸੀ। ਇਸ ਦੌਰਾਨ ਪੁਲਿਸ ਨੂੰ ਸੂਚਨਾ ਮਿਲੀ ਕਿ ਰਾਜਸਥਾਨ ਨੰਬਰ ਦੇ ਇੱਕ ਟਾਟਾ ਟਰੱਕ ਵਿੱਚ ਗਾਂਜਾ ਲੁਕਾ ਕੇ ਲਿਜਾਇਆ ਜਾ ਰਿਹਾ ਹੈ। ਟੀਮ ਨੇ ਸ਼ੱਕੀ ਟਰੱਕ ਨੂੰ ਰੁਕਵਾ ਕੇ ਤਲਾਸ਼ੀ ਲਈ ਤਾਂ ਉਸ ਵਿੱਚ ਕਾਜੂ ਦੇ ਛਿਲਕਿਆਂ ਦੀਆਂ ਬੋਰੀਆਂ ਹੇਠ ਲੁਕਾਏ ਗਏ ਗਾਂਜੇ ਦੇ 19 ਕੱਟੇ ਬਰਾਮਦ ਹੋਏ। ਪੁਲਿਸ ਅਨੁਸਾਰ, ਮੁਲਜ਼ਮਾਂ ਨੇ ਨਸ਼ੀਲੇ ਪਦਾਰਥ ਨੂੰ ਕਾਜੂ ਦੇ ਛਿਲਕਿਆਂ ਵਿਚਕਾਰ ਲੁਕਾਇਆ ਸੀ, ਤਾਂ ਜੋ ਢੋਆ-ਢੁਆਈ ਦੌਰਾਨ ਜਾਂਚ ਤੋਂ ਬਚਿਆ ਜਾ ਸਕੇ। ਟਰੱਕ ਵਿੱਚ ਬਿਲਾਲ ਅਤੇ ਯਹੂਦਾ ਮੌਜੂਦ ਸਨ। ਦੋਵਾਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ।

ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਬਿਲਾਲ ਪੁੱਤਰ ਅਬਦੁਲ ਹਾਮਿਦ ਅਤੇ ਯਹੂਦਾ ਪੁੱਤਰ ਸਫ਼ੀਕ, ਵਾਸੀ ਪਿੰਡ ਫਿਰੋਜ਼ਪੁਰ ਨਮਕ, ਤਹਿਸੀਲ ਨੂੰਹ, ਜ਼ਿਲ੍ਹਾ ਮੇਵਾਤ ਵਜੋਂ ਹੋਈ ਹੈ। ਪੁਲਿਸ ਨੇ 27 ਅਕਤੂਬਰ ਨੂੰ ਥਾਣਾ ਘਰੌਂਡਾ ਵਿੱਚ ਦੋਵਾਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਸ਼ੁਰੂਆਤੀ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਟਰੱਕ ਬਿਲਾਲ ਦਾ ਹੈ ਅਤੇ ਉਹੀ ਇਸ ਨੂੰ ਚਲਾ ਰਿਹਾ ਸੀ, ਜਦਕਿ ਯਹੂਦਾ ਟਰੱਕ 'ਤੇ ਕੰਡਕਟਰ ਵਜੋਂ ਕੰਮ ਕਰਦਾ ਸੀ। ਦੋਵੇਂ ਉੜੀਸਾ ਬਾਰਡਰ ਤੋਂ ਗਾਂਜਾ ਭਰ ਕੇ ਲਿਆ ਰਹੇ ਸਨ ਅਤੇ ਪੁਲਿਸ ਨੇ ਉਨ੍ਹਾਂ ਨੂੰ ਇਸ ਦੀ ਸਪਲਾਈ ਕਰਨ ਤੋਂ ਪਹਿਲਾਂ ਹੀ ਫੜ ਲਿਆ। ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਗਾਂਜੇ ਦੀ ਸਪਲਾਈ ਦੇ ਸਰੋਤ, ਢੋਆ-ਢੁਆਈ ਦੇ ਰਸਤਿਆਂ ਅਤੇ ਤਸਕਰੀ ਵਿੱਚ ਸ਼ਾਮਲ ਹੋਰ ਸੰਭਾਵਿਤ ਲੋਕਾਂ ਦੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ।

• 1.35 ਕਰੋੜ ਰੁਪਏ ਕੀਮਤ ਦਾ ਗਾਂਜਾ ਅਤੇ ਤਸਕਰੀ ਵਿੱਚ ਵਰਤਿਆ ਟਰੱਕ ਬਰਾਮਦ



ਕਸ਼ਟ ਨਿਵਾਰਣ ਕਮੇਟੀ ਦੀ ਮੀਟਿੰਗ ਵਿੱਚ 12 ਸ਼ਿਕਾਇਤਾਂ 'ਤੇ ਸੁਣਵਾਈ, 9 ਦਾ ਮੌਕੇ 'ਤੇ ਨਿਪਟਾਰਾ

ਬਾਕੀ 3 ਮਾਮਲਿਆਂ ਦੀ ਮੁੜ ਜਾਂਚ ਦੇ ਦਿੱਤੇ ਨਿਰਦੇਸ਼, ਜਨਤਾ ਨੂੰ ਨਿਆਂ ਦਿਵਾਉਣਾ ਤਰਜੀਹ: ਸ਼ਿਆਮ ਸਿੰਘ ਰਾਣਾ

ਪੈ.ਗਾਮ-ਏ-ਜਗਤ/ਕਰਨਾਲ
28 ਅਕਤੂਬਰ (ਪ੍ਰਵੀਨ ਵਾਲੀਆ)

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਆਮ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਾ ਅਤੇ ਉਨ੍ਹਾਂ ਦਾ ਹੱਲ ਕਰਨਾ ਸਰਕਾਰ ਦਾ ਫਰਜ਼ ਹੈ। ਅਧਿਕਾਰੀਆਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਸੰਵੇਦਨਸ਼ੀਲਤਾ ਨਾਲ ਸੁਣ ਕੇ ਕਾਨੂੰਨ ਦੇ ਦਾਇਰੇ ਵਿੱਚ ਨਿਆਂ ਦਿਵਾਉਣਾ ਚਾਹੀਦਾ ਹੈ। ਕਿਸੇ ਨਾਲ ਬੇਇਨਸਾਫ਼ੀ ਨਹੀਂ ਹੋਣ ਦਿੱਤੀ ਜਾਵੇਗੀ।

ਮੰਤਰੀ ਬੁੱਧਵਾਰ ਨੂੰ ਪੰਚਾਇਤ ਭਵਨ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਕਸ਼ਟ ਨਿਵਾਰਣ ਕਮੇਟੀ ਦੀ ਮਾਸਿਕ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਕੁੱਲ 12 ਸ਼ਿਕਾਇਤਾਂ ਰੱਖੀਆਂ ਗਈਆਂ, ਜਿਨ੍ਹਾਂ ਵਿੱਚੋਂ 9 ਦਾ ਮੌਕੇ 'ਤੇ ਹੱਲ ਕੀਤਾ ਗਿਆ, ਜਦਕਿ ਬਾਕੀ 3 ਮਾਮਲਿਆਂ ਵਿੱਚ ਉੱਚ ਅਧਿਕਾਰੀਆਂ ਨੂੰ ਮੁੜ ਜਾਂਚ ਦੇ ਨਿਰਦੇਸ਼ ਦਿੱਤੇ ਗਏ।



ਪਿੰਡ ਬਸਤਾੜਾ ਵਾਸੀ ਅੰਕਿਤ ਦੀ ਸ਼ਿਕਾਇਤ ਵਿੱਚ ਕੁੰਜਪੁਰਾ ਵਿੱਚ ਕਰਵਾਏ ਗਏ 27 ਵਿਕਾਸ ਕੰਮਾਂ ਦੇ 42.50 ਲੱਖ ਰੁਪਏ ਦਾ ਭੁਗਤਾਨ ਲੰਬਿਤ ਹੋਣ ਅਤੇ ਜਾਅਲੀ ਬਿੱਲਾਂ ਰਾਹੀਂ ਗਬਨ ਦੇ ਦੋਸ਼ ਲਗਾਏ ਗਏ। ਏਡੀਸੀ ਵੱਲੋਂ ਜਾਂਚ ਪੂਰੀ ਨਾ ਹੋਣ ਕਾਰਨ ਮੰਤਰੀ ਨੇ ਮਾਮਲਾ ਅਗਲੀ ਮੀਟਿੰਗ ਤੱਕ ਲੰਬਿਤ ਰੱਖਿਆ। ਝਿੰਵਰਹੇੜੀ ਵਾਸੀ ਸੁਸ਼ੀਲ ਕੁਮਾਰ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਬੇਟੇ ਅਕਸ਼ੈ ਨੂੰ ਅਮਰੀਕਾ ਭੇਜਣ ਦੇ ਨਾਂ 'ਤੇ 22.50 ਲੱਖ ਰੁਪਏ ਲਏ ਗਏ ਅਤੇ ਉਸਨੂੰ ਦੁਬਈ, ਸਰਬੀਆ ਅਤੇ ਗਰੀਸ ਦੇ ਰਸਤੇ ਗੈਰ-ਕਾਨੂੰਨੀ ਢੰਗ ਨਾਲ ਭੇਜ ਕੇ ਬੰਧਕ ਬਣਾਇਆ ਗਿਆ ਅਤੇ ਕੁੱਟਮਾਰ ਕੀਤੀ ਗਈ। ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੋਣ ਦੇ ਬਾਵਜੂਦ ਮੰਤਰੀ ਨੇ ਦੋਵਾਂ ਧਿਰਾਂ ਦੀ ਗੱਲ ਸੁਣੀ ਅਤੇ ਐਸਪੀ ਨੂੰ ਆਪਣੇ ਦਫ਼ਤਰ ਵਿੱਚ ਬੁਲਾ ਕੇ ਹੱਲ ਕਰਵਾਉਣ ਦੇ ਨਿਰਦੇਸ਼ ਦਿੱਤੇ।

ਗੋਂਦਰ ਵਾਸੀ ਸੁਰੇਂਦਰ ਰਾਣਾ ਦੀ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਅਤੇ ਦਰੱਖਤ ਕੱਟਣ ਸਬੰਧੀ ਸ਼ਿਕਾਇਤ ਦੀ ਮੁੜ ਜਾਂਚ ਐਸਡੀਐਮ ਨੀਲੋਖੇੜੀ ਨੂੰ ਸੌਂਪੀ ਗਈ। ਸੈਕਟਰ-9 ਵਾਸੀ ਕਰਮ ਸਿੰਘ ਦੇ ਮਾਮਲੇ ਵਿੱਚ ਤਹਿਸੀਲਦਾਰ ਨੂੰ ਦੋਵਾਂ ਧਿਰਾਂ ਦੀ ਨਿਸ਼ਾਨਦੇਹੀ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ।

ਮੰਗਲਪੁਰ ਵਾਸੀ ਬਲਵਾਨ ਸਿੰਘ ਦੇ ਬੇਟੇ ਨੂੰ ਆਰਟੀਈ ਐਕਟ ਤਹਿਤ ਓਪੀਐਸ ਇੰਟਰਨੈਸ਼ਨਲ ਸਕੂਲ ਵਿੱਚ ਦਾਖਲਾ ਮਿਲ ਗਿਆ। ਉਨ੍ਹਾਂ ਨੇ ਕਾਰਵਾਈ 'ਤੇ ਤਸੱਲੀ ਜਤਾਉਂਦਿਆਂ ਮੰਤਰੀ ਅਤੇ ਡਿਪਟੀ ਕਮਿਸ਼ਨਰ ਦਾ ਧੰਨਵਾਦ ਕੀਤਾ। ਨਿਸਿੰਗ ਵਾਸੀ ਲਵਪ੍ਰੀਤ ਸਿੰਘ ਦੀ ਪੰਚਾਇਤ ਵਿਭਾਗ ਨਾਲ ਸਬੰਧਤ ਸ਼ਿਕਾਇਤ 'ਤੇ ਮੰਤਰੀ ਨੇ ਤੁਰੰਤ ਕਬਜ਼ਾ ਹਟਵਾਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਡਾ. ਅਨੰਦ ਕੁਮਾਰ ਸ਼ਰਮਾ ਨੇ ਅਧਿਕਾਰੀਆਂ ਨੂੰ ਸ਼ਿਕਾਇਤਾਂ ਦੀ ਡੂੰਘੀ ਜਾਂਚ ਕਰ ਹੱਲ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਵਿਧਾਇਕ ਜਗਮੋਹਨ ਆਨੰਦ, ਭਗਵਾਨਦਾਸ ਕਬੀਰਪੰਥੀ, ਯੋਗੇਂਦਰ ਰਾਣਾ, ਮੇਅਰ ਰੇਣੂ ਬਾਲਾ ਗੁਪਤਾ, ਕੇਂਦਰੀ ਮੰਤਰੀ ਮਨੋਹਰ ਲਾਲ ਦੇ ਨੁਮਾਇੰਦੇ ਕਵਿੰਦਰ ਰਾਣਾ, ਐਸਪੀ ਕਰਨ ਗੋਇਲ, ਏਡੀਸੀ ਡਾ. ਰਾਹੁਲ ਰਈਆ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਅਤੇ ਕਮੇਟੀ ਦੇ ਮੈਂਬਰ ਮੌਜੂਦ ਰਹੇ।

ਨਸ਼ਿਆਂ ਵਿਰੁੱਧ ਜੰਗ ਵਿੱਚ ਲੋਕਾਂ ਦੀ ਸਰਗਰਮ ਸ਼ਮੂਲੀਅਤ ਜ਼ਰੂਰੀ : ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ

ਜ਼ਿਲ੍ਹੇ ਦੇ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਜਾਰੀ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਜਾਗਰੂਕਤਾ ਗਤੀਵਿਧੀਆਂ ਲਗਾਤਾਰ ਜਾਰੀ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਜਾਗਰੂਕਤਾ ਕੈਂਪ ਲਗਾਉਣ ਦੇ ਨਾਲ-ਨਾਲ ਨੌਜਵਾਨਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਸਮਾਜਿਕ ਬੁਰਾਈ ਵਿਰੁੱਧ ਲਾਮਬੰਦ ਕੀਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਮੁਹਿੰਮ ਤਹਿਤ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਪ੍ਰਸ਼ਾਸਨਿਕ ਯਤਨਾਂ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਦੀ ਸਰਗਰਮ ਭੂਮਿਕਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ, ਜਾਗਰੂਕਤਾ ਅਤੇ ਸਾਂਝੇ ਯਤਨਾਂ ਨਾਲ ਹੀ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾ ਕੇ ਨੌਜਵਾਨ ਪੀੜ੍ਹੀ ਦਾ ਭਵਿੱਖ ਸੁਰੱਖਿਅਤ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਮੌਕਿਆਂ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਸਹਿਯੋਗ ਨਾਲ ਵੱਖ-ਵੱਖ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਰਹੇ ਹਨ। ਇਨ੍ਹਾਂ ਗਤੀਵਿਧੀਆਂ ਰਾਹੀਂ ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਨਾਲ ਜੋੜਨ ਅਤੇ ਆਪਣੇ ਭਵਿੱਖ ਪ੍ਰਤੀ ਸੁਚੇਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਕੂਲੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਸ਼ੇਸ਼ ਮੀਟਿੰਗਾਂ ਵੀ ਕਰਵਾਈਆਂ ਗਈਆਂ ਹਨ। ਇਨ੍ਹਾਂ ਮੀਟਿੰਗਾਂ ਦੌਰਾਨ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ ਪ੍ਰਤੀ ਸੁਚੇਤ ਰਹਿਣ ਅਤੇ ਆਪਣੇ ਆਲੇ-ਦੁਆਲੇ ਨਸ਼ਿਆਂ ਦੇ ਖ਼ਾਤਮੇ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸਹਿਯੋਗ ਦਾ ਭਰੋਸਾ ਦੇਣਾ ਇੱਕ ਹਾਂ-ਪੱਖੀ ਕਦਮ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਤੋਂ ਵਧੇਰੇ ਪ੍ਰਭਾਵਿਤ ਖੇਤਰਾਂ ਵਿੱਚ ਵਿਸ਼ੇਸ਼ ਤੌਰ 'ਤੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਇਸ ਸਮੱਸਿਆ ਦੇ ਖ਼ਾਤਮੇ ਲਈ ਸਮੂਹਿਕ ਯਤਨਾਂ ਵਾਸਤੇ ਪ੍ਰੇਰਿਤ ਕੀਤਾ ਜਾ ਸਕੇ। ਇਸ ਦੇ ਨਾਲ ਹੀ ਨੌਜਵਾਨਾਂ ਨੂੰ ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ ਨਾਲ ਜੋੜਨ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਲਈ ਹਰ ਨਾਗਰਿਕ ਆਪਣੀ ਜ਼ਿੰਮੇਵਾਰੀ ਨਿਭਾਵੇ। ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਸਮਾਜਿਕ ਬੁਰਾਈ ਨੂੰ ਜੜ੍ਹੋਂ ਖ਼ਤਮ ਕਰਨਾ ਸਿਹਤਮੰਦ ਅਤੇ ਸੁਰੱਖਿਅਤ ਸਮਾਜ ਦੀ ਸਿਰਜਣਾ ਲਈ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ, ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਰੱਖਿਅਤ ਬਣਾਉਣ ਲਈ ਪ੍ਰਸ਼ਾਸਨ ਦਾ ਵੱਧ-ਚੜ੍ਹ ਕੇ ਸਾਥ ਦੇਣ।

ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁਫ਼ਤ ਅੱਖਾਂ ਦਾ ਆਪ੍ਰੇਸ਼ਨ ਕੈਂਪ ਲਗਾਇਆ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਮਿਊਂਸਪਲ ਪਬਲਿਕ ਪਾਰਕ, ਕੈਨਾਲ ਰੋਡ ਵਿਖੇ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਮੌਕੇ ਸੁਸਾਇਟੀ ਦੇ ਮੈਂਬਰਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਅਰਦਾਸ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਕੀਤੀ। ਕੈਂਪ ਦਾ ਉਦਘਾਟਨ ਸਮਾਜ ਸੇਵੀ ਅਤੇ ਐਨ.ਆਰ.ਆਈ. ਪਰਿਵਾਰ ਦੇ ਮੈਂਬਰ ਬਲਵੀਰ ਸਿੰਘ ਢੇਸੀ, ਦੀਦਾਰ ਸਿੰਘ ਢੇਸੀ ਅਤੇ ਤਰੁਨਜੀਤ ਸਿੰਘ ਢੇਸੀ ਯੂ.ਕੇ. ਅਲੀਪੁਰ ਵਾਲਿਆਂ ਨੇ ਸਾਂਝੇ ਤੌਰ 'ਤੇ ਕੀਤਾ।

• 232 ਲੋਕਾਂ ਦੀਆਂ ਅੱਖਾਂ ਦੀ ਜਾਂਚ, 65 ਮਰੀਜ਼ ਆਪ੍ਰੇਸ਼ਨ ਲਈ ਚੁਣੇ



ਕੈਂਪ ਦਾ ਸਮੁੱਚਾ ਖਰਚਾ ਹਰ ਸਾਲ ਦੀ ਤਰ੍ਹਾਂ ਯੂ.ਕੇ. ਨਿਵਾਸੀ ਸੋਹਣ ਸਿੰਘ ਢੇਸੀ, ਸਵਰਗੀ ਮੋਹਣ ਸਿੰਘ ਢੇਸੀ, ਬਲਵੀਰ ਸਿੰਘ ਢੇਸੀ ਅਤੇ ਦੀਦਾਰ ਸਿੰਘ ਢੇਸੀ ਦੇ ਪਰਿਵਾਰ ਵੱਲੋਂ ਕੀਤਾ ਗਿਆ।

ਇਸ ਮੌਕੇ ਸੁਸਾਇਟੀ ਦੇ ਮੁੱਖ ਸਰਪ੍ਰਸਤ ਗਿਆਨੀ ਸਰਬਜੀਤ ਸਿੰਘ ਅਤੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਹਰ ਸਾਲ ਮਹਾਨ ਕੀਰਤਨ ਦਰਬਾਰ ਦੇ ਨਾਲ ਅੱਖਾਂ ਦੇ ਮੁਫ਼ਤ ਆਪ੍ਰੇਸ਼ਨ ਕੈਂਪ ਲਗਾਏ ਜਾ ਰਹੇ ਹਨ। ਪਿਛਲੇ 7 ਸਾਲਾਂ ਤੋਂ ਢੇਸੀ ਪਰਿਵਾਰ ਵੱਲੋਂ ਇਸ ਕੈਂਪ ਦੀ ਸੇਵਾ ਨਿਰੰਤਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਸੈਂਕੜੇ ਲੋੜਵੰਦ ਮਰੀਜ਼ਾਂ ਨੂੰ ਅੱਖਾਂ ਦੀ ਰੌਸ਼ਨੀ ਮੁੜ ਪ੍ਰਾਪਤ ਕਰਨ ਵਿੱਚ ਮਦਦ ਮਿਲੀ ਹੈ। ਉਨ੍ਹਾਂ ਢੇਸੀ ਪਰਿਵਾਰ ਦੇ ਸਮਾਜ ਸੇਵਾ ਲਈ ਕੀਤੇ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ। ਇਸ ਮੌਕੇ ਬਲਵੀਰ ਸਿੰਘ ਢੇਸੀ ਨੇ ਸੁਸਾਇਟੀ ਨਾਲ ਜੁੜ ਕੇ ਮਾਣ ਮਹਿਸੂਸ ਕਰਨ ਦੀ ਗੱਲ ਕਹੀ। ਉਨ੍ਹਾਂ ਕੈਂਪ ਦੇ ਖਰਚੇ ਤੋਂ ਇਲਾਵਾ ਮਹਾਨ ਕੀਰਤਨ ਦਰਬਾਰ ਅਤੇ ਹੋਰ ਸਮਾਜ ਸੇਵੀ ਕਾਰਜਾਂ ਲਈ ਵੱਖਰੇ ਤੌਰ 'ਤੇ ਸਹਾਇਤਾ ਰਾਸ਼ੀ ਵੀ ਭੇਟ ਕੀਤੀ ਅਤੇ ਭਵਿੱਖ ਵਿੱਚ ਸਹਿਯੋਗ ਜਾਰੀ ਰੱਖਣ ਦਾ ਭਰੋਸਾ ਦਿੱਤਾ।

ਉੱਪ ਮੁੱਖ ਸੇਵਾਦਾਰ ਦੀਦਾਰ ਸਿੰਘ ਗਹੂੰਣ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਸੁਸਾਇਟੀ ਵੱਲੋਂ ਮਹਿਮਾਨਾਂ, ਡਾ. ਮਨਦੀਪ ਕੌਰ ਅਤੇ ਢੇਸੀ ਪਰਿਵਾਰ ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ।

ਕੈਂਪ ਦੇ ਅੰਤ ਵਿੱਚ ਸੁਰਜੀਤ ਸਿੰਘ ਨੇ ਦੱਸਿਆ ਕਿ ਡਾ. ਮਨਦੀਪ ਕੌਰ ਅਤੇ ਉਨ੍ਹਾਂ ਦੀ ਟੀਮ ਵੱਲੋਂ 232 ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ 65 ਦੇ ਕਰੀਬ ਮਰੀਜ਼ ਆਪ੍ਰੇਸ਼ਨ ਲਈ ਯੋਗ ਪਾਏ ਗਏ। ਇਨ੍ਹਾਂ ਦੇ ਆਪ੍ਰੇਸ਼ਨ ਅਗਲੇ ਦਿਨ ਤੋਂ ਸਥਾਨਕ ਮਨਦੀਪ ਆਈ ਹਸਪਤਾਲ ਵਿਖੇ ਕੀਤੇ ਜਾਣਗੇ।

ਇਸ ਮੌਕੇ ਸੇਵਾ ਮੁਕਤ ਐਸ.ਪੀ. ਸਵਿੰਦਰ ਸਿੰਘ, ਅਮਰਜੀਤ ਸਿੰਘ ਬਕਾਪੁਰ, ਉੱਤਮ ਸਿੰਘ ਸੇਠੀ, ਗੁਰਦੇਵ ਸਿੰਘ ਗਹੂੰਣ, ਜਗਦੀਪ ਸਿੰਘ, ਡਾ. ਭਗਵਾਨ ਸਿੰਘ, ਕੁਲਜੀਤ ਸਿੰਘ ਖਾਲਸਾ, ਜਗਜੀਤ ਸਿੰਘ ਬਾਟਾ, ਇੰਦਰਜੀਤ ਸਿੰਘ ਬਾਹੜਾ, ਬਖਸ਼ੀਸ਼ ਸਿੰਘ ਸੈਣੀ, ਗੁਰਚਰਨ ਸਿੰਘ ਪਾਬਲਾ, ਪਰਮਜੀਤ ਸਿੰਘ ਮੂਸਾਪੁਰ, ਰਾਮਪਾਲ ਰਾਏ, ਗੁਰਪਾਲ ਸਿੰਘ, ਮਨਮੋਹਨ ਸਿੰਘ ਕੰਵਲ, ਦਲਜੀਤ ਸਿੰਘ ਬਡਵਾਲ ਅਤੇ ਹੋਰ ਮੈਂਬਰ ਹਾਜ਼ਰ ਸਨ।

ਭਾਸ਼ਾ ਵਿਭਾਗ ਹੁਸ਼ਿਆਰਪੁਰ ਨੇ ਕਰਵਾਏ ਜ਼ਿਲ੍ਹਾ ਪੱਧਰੀ ਸ਼ਾਨਦਾਰ ਪੰਜਾਬੀ ਕਵਿਤਾ ਗਾਇਨ ਅਤੇ ਸਾਹਿਤ ਸਿਰਜਣ ਮੁਕਾਬਲੇ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਮਾਣਯੋਗ ਮੰਤਰੀ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ, ਨਿਰਦੇਸ਼ਕ ਭਾਸ਼ਾ ਵਿਭਾਗ ਪੰਜਾਬ ਜਸਵੰਤ ਸਿੰਘ ਜ਼ਫ਼ਰ ਹੁਰਾਂ ਦੇ ਦਿਸ਼ਾ ਨਿਰਦੇਸ਼ ਅਤੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੀ ਅਗਵਾਈ ਹੇਠ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਲਗਾਤਾਰ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ।

ਇਸੇ ਕੜੀ ਤਹਿਤ ਵਿਦਿਆਰਥੀਆਂ ਵਿੱਚ ਕੋਮਲ ਕਲਾਵਾਂ ਪ੍ਰਤੀ ਸਿਰਜਣਾਤਮਕ ਅਤੇ ਸੁਹਜਾਤਮਕ ਗਤੀਵਿਧੀਆਂ ਪੈਦਾ ਕਰਨ ਲਈ ਹਰ ਸਾਲ ਕਵਿਤਾ ਗਾਇਨ ਅਤੇ ਸਾਹਿਤ ਸਿਰਜਣ ਮੁਕਾਬਲੇ ਕਰਵਾਏ ਜਾਂਦੇ ਹਨ। ਇਸੇ ਲੜੀ ਤਹਿਤ ਹੁਸ਼ਿਆਰਪੁਰ ਵਿੱਚ ਜ਼ਿਲ੍ਹਾ ਪੱਧਰੀ ਮੁਕਾਬਲੇ ਸਕੂਲ ਆਫ ਐਮੀਨੈਂਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖ਼ੁਆਸ ਪੁਰ ਹੀਰਾਂ ਵਿਖੇ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ ਦੀ ਪ੍ਰਧਾਨਗੀ ਹੇਠ ਕਰਵਾਏ ਗਏ। ਡਾ. ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਨੇ ਭਾਸ਼ਾ ਵਿਭਾਗ ਦੀ ਕਾਰਜਸ਼ੈਲੀ ਅਤੇ ਮੁਕਾਬਲਿਆਂ ਦੀ ਰੂਪ ਰੇਖਾ ਬਾਰੇ ਆਏ ਹੋਏ ਪ੍ਰਤੀਯੋਗੀਆਂ ਅਤੇ ਅਧਿਆਪਕਾਂ ਸੰਗ ਤਫ਼ਸੀਲ ਨਾਲ ਜਾਣਕਾਰੀ ਸਾਂਝੀ ਕੀਤੀ।



ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀਆਂ ਕੋਮਲ ਕਲਾਵਾਂ ਦਾ ਲੋਹਾ ਮੰਨਵਾਇਆ। ਕਵਿਤਾ ਗਾਇਨ ਮੁਕਾਬਲੇ ਵਿੱਚ ਨਿਪੁਨ ਸ਼ਰਮਾ ਟੋਡਲਰਜ ਹੋਮ, ਦਲਜੀਤ ਕੌਰ ਰੇਲਵੇ ਮੰਡੀ ਅਤੇ ਨਵਨੀਤ ਕੌਰ ਜੀ.ਐੱਮ.ਏ., ਕਵਿਤਾ ਸਿਰਜਣ ਮੁਕਾਬਲੇ ਵਿੱਚ ਦੀਪਇੰਦਰ ਕੌਰ ਜੀ.ਐੱਮ.ਏ., ਮਨਜੋਤ ਸੈਣੀ ਰੇਲਵੇ ਮੰਡੀ ਅਤੇ ਜਸਵੀਰ ਖ਼ੁਆਸ ਪੁਰ ਹੀਰਾਂ, ਕਹਾਣੀ ਸਿਰਜਣ ਮੁਕਾਬਲੇ ਵਿੱਚ ਬੇਲੀ ਨਈ ਅਬਾਦੀ, ਤਾਨੀਆ ਨਸਰਾਲਾ ਅਤੇ ਨਵਦੀਪ ਕੌਰ ਰੇਲਵੇ ਮੰਡੀ, ਲੇਖ ਸਿਰਜਣ ਮੁਕਾਬਲੇ ਵਿੱਚ ਕੁਲਜੀਤ ਕੌਰ ਜੀ.ਐੱਮ.ਏ., ਪਰਮਵੀਰ ਕੌਰ ਪਿੱਪਲਾਂਵਾਲਾ ਅਤੇ ਸਾਲੇਹਾ ਖ਼ੁਆਸ ਪੁਰ ਹੀਰਾਂ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ 1000/-, 750/- ਅਤੇ 500/- ਰੁਪਏ ਦੇ ਨਕਦ ਇਨਾਮ ਦੇ ਨਾਲ ਨਾਲ ਭਾਸ਼ਾ ਵਿਭਾਗ ਦਾ ਪ੍ਰਮਾਣ ਪੱਤਰ ਤੇ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿੱਚ ਬਤੌਰ ਜੱਜਮੈਂਟ ਦੀ ਡਿਊਟੀ ਨਿਭਾਉਣ ਵਾਲੇ ਪ੍ਰੋ. ਹਰਮਿੰਦਰ ਕੌਰ, ਮੈਡਮ ਅੰਜੂ ਵੀ ਰੱਤੀ, ਮੈਡਮ ਪ੍ਰਭਜੋਤ ਕੌਰ ਅਤੇ ਵਰਿੰਦਰ ਨਿਮਾਣਾ ਨੂੰ ਭਾਸ਼ਾ ਵਿਭਾਗ ਦੀਆਂ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਵਿਸ਼ੇਸ਼ ਸਹਿਯੋਗ ਲਈ ਮੈਡਮ ਪ੍ਰੀਤੀ ਸੋਨੀ, ਹਰਦੀਪ ਗਿੱਲ, ਲੈਕਚਰਾਰ ਸੁਖਜੀਤ ਕੌਰ, ਹਰਪ੍ਰੀਤ ਕੌਰ, ਸੀਮਾ ਸਰੋਆ ਹੁਰਾਂ ਨੂੰ ਕਿਤਾਬਾਂ ਦੇ ਸੈੱਟਾਂ ਨਾਲ ਸਨਮਾਨਿਤ ਕੀਤਾ ਗਿਆ। ਧੰਨਵਾਦੀ ਸ਼ਬਦ ਵਿਦਿਆਰਥੀਆਂ ਅਤੇ ਭਾਸ਼ਾ ਵਿਭਾਗ ਨੂੰ ਵਧਾਈ ਦਿੰਦਿਆਂ ਪ੍ਰਿੰਸੀਪਲ ਰਮਨਦੀਪ ਕੌਰ ਨੇ ਆਖੇ। ਸਟੇਜ ਦੀ ਡਿਊਟੀ ਮੈਡਮ ਅੰਜੂ ਵੀ ਰੱਤੀ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਰਾਹੁਲ, ਲਾਲ ਸਿੰਘ, ਨਰਿੰਦਰ ਸ਼ਰਮਾ, ਪਰਵੀਨ ਕੁਮਾਰ, ਬਬੀਤਾ ਰਾਣੀ, ਵੀਨਾ ਕੁਮਾਰੀ, ਮੰਜੂ ਅਰੋੜਾ, ਸਰੋਜ, ਭੁਪਿੰਦਰ ਕੌਰ, ਹਰਮੇਸ਼ ਕੁਮਾਰੀ, ਮਨਿੰਦਰਜੀਤ ਕੌਰ ਸਮੇਤ ਵੱਖ ਵੱਖ ਸਕੂਲਾਂ ਤੋਂ ਆਏ ਹੋਏ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

ਡੀ.ਏ.ਵੀ. ਬੀ.ਐੱਡ. ਕਾਲਜ ਹੁਸ਼ਿਆਰਪੁਰ ਨੇ 220 ਅੰਕਾਂ ਨਾਲ ਜਿੱਤੀ ਓਵਰਆਲ ਟਰਾਫੀ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਯੂਨੀਵਰਸਿਟੀ ਦੇ ਯੁਵਾ ਅਤੇ ਵਿਰਾਸਤੀ ਮੇਲੇ-2026 ਜ਼ੋਨ-6 (ਐਜੂਕੇਸ਼ਨ-ਏ) ਦੇ ਚੌਥੇ ਅਤੇ ਆਖ਼ਰੀ ਦਿਨ ਡੀ.ਏ.ਵੀ. ਕਾਲਜ ਆਫ਼ ਐਜੂਕੇਸ਼ਨ, ਹੁਸ਼ਿਆਰਪੁਰ ਨੇ 220 ਅੰਕ ਪ੍ਰਾਪਤ ਕਰਕੇ ਓਵਰਆਲ ਟਰਾਫੀ ਜਿੱਤੀ। ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ, ਲੁਧਿਆਣਾ 99 ਅੰਕਾਂ ਨਾਲ ਦੂਜੇ ਅਤੇ ਦੇਵ ਸਮਾਜ ਕਾਲਜ ਆਫ਼ ਐਜੂਕੇਸ਼ਨ, ਚੰਡੀਗੜ੍ਹ 87 ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ।



ਡੀ.ਏ.ਵੀ. ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਅਨੂਪ ਕੁਮਾਰ, ਸਕੱਤਰ ਆਰ.ਐੱਮ. ਭੱਲਾ ਅਤੇ ਬੀ.ਐੱਡ. ਕਾਲਜ ਦੇ ਸਕੱਤਰ ਐਡਵੋਕੇਟ ਨਵਰੋਜ਼ ਸ਼ਰਮਾ ਦੇ ਮਾਰਗਦਰਸ਼ਨ ਹੇਠ ਕਰਵਾਏ ਗਏ ਇਸ ਮੇਲੇ ਦੇ ਆਖ਼ਰੀ ਦਿਨ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਗਿੱਧਾ, ਭੰਗੜਾ, ਸੰਮੀ, ਝੂਮਰ ਤੋਂ ਇਲਾਵਾ ਫੁਲਕਾਰੀ, ਬਾਗ, ਦਸੂਤੀ, ਬੁਣਾਈ ਅਤੇ ਮਹਿੰਦੀ ਦੇ ਮੁਕਾਬਲੇ ਖਿੱਚ ਦਾ ਕੇਂਦਰ ਰਹੇ।

ਸਮਾਗਮ ਦੇ ਵੱਖ-ਵੱਖ ਸੈਸ਼ਨਾਂ ਵਿੱਚ ਮੁੱਖ ਮਹਿਮਾਨਾਂ ਵਜੋਂ ਮੈਡਮ ਓਇਸ਼ੀ ਮੰਡਲ, ਅਵਿਨਾਸ਼ ਰਾਏ ਖੰਨਾ ਅਤੇ ਵਿਜੇ ਸਾਂਪਲਾ ਸ਼ਾਮਲ ਹੋਏ। ਇਸ ਤੋਂ ਇਲਾਵਾ ਬਾਲ ਮੁਕੰਦ ਸ਼ਰਮਾ, ਐੱਸ.ਡੀ.ਐੱਮ. ਪਰਮਪ੍ਰੀਤ ਸਿੰਘ, ਗੁਰਕਮਲ ਸਿੰਘ, ਸੁਖਜਿੰਦਰ ਸਿੰਘ ਰਿਸ਼ੀ, ਕਰਮਜੀਤ ਕੌਰ, ਡੀ.ਐੱਸ.ਪੀ. ਕਰਤਾਰ ਸਿੰਘ ਅਤੇ ਡਾ. ਜਸਵੀਰਾ ਮਿਨਹਾਸ ਨੇ ਵੀ ਸ਼ਿਰਕਤ ਕੀਤੀ।

ਅਵਿਨਾਸ਼ ਰਾਏ ਖੰਨਾ ਨੇ ਨੌਜਵਾਨਾਂ ਨੂੰ ਜਾਗਰੂਕ ਰਹਿਣ ਅਤੇ ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਵਿਜੇ ਸਾਂਪਲਾ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹੈ। ਬਾਲ ਮੁਕੰਦ ਸ਼ਰਮਾ ਨੇ ਸਿਹਤਮੰਦ ਜੀਵਨ ਸ਼ੈਲੀ ਅਤੇ ਐੱਸ.ਡੀ.ਐੱਮ. ਪਰਮਪ੍ਰੀਤ ਸਿੰਘ ਨੇ ਸਮੇਂ ਦੀ ਕਦਰ ਕਰਨ ਦਾ ਸੰਦੇਸ਼ ਦਿੱਤਾ। ਕਾਲਜ ਦੀ ਪ੍ਰਿੰਸੀਪਲ ਡਾ. ਵਿਧੀ ਭੱਲਾ ਨੇ ਕਿਹਾ ਕਿ 220 ਅੰਕਾਂ ਨਾਲ ਓਵਰਆਲ ਟਰਾਫੀ ਜਿੱਤਣਾ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹੈ। ਪ੍ਰਬੰਧਕ ਕਮੇਟੀ ਨੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਮੁਕਾਬਲਿਆਂ ਵਿੱਚ ਡੀ.ਏ.ਵੀ. ਕਾਲਜ ਨੇ ਲੜਕੀਆਂ ਦੇ ਲੋਕ ਨਾਚ, ਬਾਗ ਕਢਾਈ, ਦਸੂਤੀ, ਪੱਖੀ ਡਿਜ਼ਾਈਨਿੰਗ, ਕ੍ਰੋਸ਼ੀਆ ਅਤੇ ਬੁਣਾਈ ਵਿੱਚ ਪਹਿਲੇ ਸਥਾਨ ਹਾਸਲ ਕੀਤੇ। ਕੋਮਲਦੀਪ ਨੇ ਲੋਕ ਨਾਚ ਦੇ ਵਿਅਕਤੀਗਤ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਭੰਗੜੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਐਜੂਕੇਸ਼ਨ, ਬੇਗਪੁਰ ਕਮਲੂਹ ਪਹਿਲੇ ਅਤੇ ਲੜਕੀਆਂ ਦੇ ਲੋਕ ਨਾਚ ਵਿੱਚ ਬੀ.ਸੀ.ਐੱਮ. ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ ਪਹਿਲੇ ਸਥਾਨ 'ਤੇ ਰਿਹਾ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਪ੍ਰਮਾਣ ਪੱਤਰ ਵੰਡੇ ਗਏ।

ਕਾਂਗਰਸ ਹੀ ਲੋਕਤੰਤਰ ਦੀ ਅਸਲ ਕਾਤਲ, ਐੱਸ.ਆਈ.ਆਰ. 'ਤੇ ਵੀ ਬੋਲ ਰਹੀ ਝੂਠ: ਬਰਿੰਦਰ ਸਚਦੇਵਾ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਭਾਜਪਾ ਵੱਲੋਂ ਬੁੱਧਵਾਰ ਨੂੰ ਹੁਸ਼ਿਆਰਪੁਰ ਵਿੱਚ 'ਲੋਕਤੰਤਰ ਬਚਾਓ-ਅਰਾਜਕਤਾ ਹਟਾਓ' ਪੈਦਲ ਯਾਤਰਾ ਕੱਢੀ ਗਈ। ਇਸ ਮੌਕੇ ਪੰਜਾਬ ਭਾਜਪਾ ਦੇ ਸਹਿ-ਇੰਚਾਰਜ ਬਰਿੰਦਰ ਸਚਦੇਵਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਾਂਗਰਸ ਦੇ ਯੁਵਰਾਜ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਅਰਾਜਕਤਾ ਫੈਲਾਉਣ ਅਤੇ ਲੋਕਤੰਤਰ ਦਾ ਕਤਲ ਕਰਨ ਦੇ ਦੋਸ਼ ਲਗਾ ਰਹੇ ਹਨ, ਜਦਕਿ ਲੋਕਤੰਤਰ ਦੀ ਅਸਲ ਕਾਤਲ ਖ਼ੁਦ ਕਾਂਗਰਸ ਪਾਰਟੀ ਹੈ। ਲੋਕਤੰਤਰ ਦੀ ਹੱਤਿਆ ਉਸ ਸਮੇਂ ਹੋਈ ਸੀ, ਜਦੋਂ ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾਈ ਸੀ। ਉਨ੍ਹਾਂ ਕਿਹਾ ਕਿ ਜਿਨ੍ਹਾਂ-ਜਿਨ੍ਹਾਂ ਸੂਬਿਆਂ ਵਿੱਚ ਕਾਂਗਰਸ ਦੀ ਸਰਕਾਰ ਹੈ, ਉੱਥੇ ਲੋਕਤੰਤਰ ਦਾ ਘਾਣ ਹੋ ਰਿਹਾ ਹੈ। ਇਹ ਕਾਂਗਰਸ ਦਾ ਇਤਿਹਾਸ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਜੇਕਰ ਲੋਕਤੰਤਰ ਦਾ ਕੋਈ ਸੱਚਾ ਪਹਿਰੇਦਾਰ ਹੈ, ਤਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ।

ਇਸ ਮੌਕੇ ਪੰਜਾਬ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਤੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਸੂਬਾ ਉੱਪ ਪ੍ਰਧਾਨ ਰਾਕੇਸ਼ ਰਾਠੌਰ, ਜਨਰਲ ਸਕੱਤਰ ਰਾਜੇਸ਼ ਬੱਗਾ, ਜਰਨਲ ਸਕੱਤਰ ਜੀਵਨ ਗਰਗ, ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਭਾਜਪਾ ਦੇ ਹੁਸ਼ਿਆਰਪੁਰ ਜ਼ਿਲ੍ਹਾ ਪ੍ਰਧਾਨ ਨਿਤਿਨ ਗੁਪਤਾ ਨੰਨੂੰ, ਸਾਬਕਾ ਵਿਧਾਇਕ ਕੇ.ਡੀ. ਭੰਡਾਰੀ, ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਸਮੇਤ ਕਈ ਭਾਜਪਾ ਆਗੂ ਮੌਜੂਦ ਰਹੇ। ਪੈਦਲ ਯਾਤਰਾ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਟੀ ਵਰਕਰਾਂ ਨੇ ਸ਼ਮੂਲੀਅਤ ਕੀਤੀ ਅਤੇ ਕਾਂਗਰਸ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

• ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਲੋਕਤੰਤਰ ਦੇ ਸੱਚੇ ਪਹਿਰੇਦਾਰ ਹਨ : ਬਰਿੰਦਰ ਸਚਦੇਵਾ

ਨਾਕਾਮੀਆਂ ਦਾ ਠੀਕਰਾ ਚੋਣ ਕਮਿਸ਼ਨ ਸਿਰ

ਸਚਦੇਵਾ ਨੇ ਕਿਹਾ ਕਿ ਐੱਸਆਈਆਰ ਦੇ ਮੁੱਦੇ 'ਤੇ ਵੀ ਰਾਹੁਲ ਗਾਂਧੀ ਸਰਾਸਰ ਝੂਠ ਬੋਲ ਰਹੇ ਹਨ। ਅਸਲ ਵਿੱਚ ਉਹ ਆਪਣੀਆਂ ਨਾਕਾਮੀਆਂ ਦਾ ਠੀਕਰਾ ਚੋਣ ਕਮਿਸ਼ਨ ਅਤੇ ਐੱਸਆਈਆਰ 'ਤੇ ਭੰਨ ਰਹੇ ਹਨ। ਜੇਕਰ ਭਾਜਪਾ ਦੀ ਸਰਕਾਰ ਹੋਵੇ ਤਾਂ ਐੱਸਆਈਆਰ ਗ਼ਲਤ ਹੈ, ਪਰ ਪੰਜਾਬ, ਹਿਮਾਚਲ, ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਰਗੇ ਸੂਬਿਆਂ ਵਿੱਚ, ਜਿੱਥੇ ਆਮ ਆਦਮੀ ਪਾਰਟੀ ਜਾਂ ਕਾਂਗਰਸ ਦੀਆਂ ਸਰਕਾਰਾਂ ਹਨ, ਉੱਥੇ ਇਹੀ ਐੱਸਆਈਆਰ ਸਹੀ ਹੋ ਜਾਂਦੀ ਹੈ। ਇਹ ਕਾਂਗਰਸ ਦਾ ਦੋਗਲਾਪਣ ਹੈ।

ਪੰਜਾਬ 'ਚ ਲੋਕਤੰਤਰ ਨੂੰ ਖ਼ਤਰਾ

ਆਮ ਆਦਮੀ ਪਾਰਟੀ ਨੂੰ ਘੇਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਜੇਕਰ ਕਿਤੇ ਲੋਕਤੰਤਰ ਸਭ ਤੋਂ ਵੱਧ ਖ਼ਤਰੇ ਵਿੱਚ ਹੈ, ਤਾਂ ਉਹ ਪੰਜਾਬ ਹੈ। ਇੱਥੇ ਗਲੀ-ਗਲੀ ਨਸ਼ੇ ਵਿਕ ਰਹੇ ਹਨ ਕਿਉਂਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਨਿਕੰਮੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਕਾਨੂੰਨ-ਵਿਵਸਥਾ ਵੀ ਬਦਤਰ ਹੋ ਚੁੱਕੀ ਹੈ। ਹਰ ਰੋਜ਼ ਕਤਲ ਹੋ ਰਹੇ ਹਨ ਅਤੇ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਇਸ ਲਈ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਵਾਸਤੇ ਭਗਵੰਤ ਮਾਨ ਸਰਕਾਰ ਨੂੰ ਇਸ ਵਾਰ ਸੱਤਾ ਤੋਂ ਬਾਹਰ ਕਰਨਾ ਲਾਜ਼ਮੀ ਹੈ।

ਭਾਰਤ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ

ਇਸ ਮੌਕੇ ਬੋਲਦਿਆਂ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਵਿਜੇ ਸਾਂਪਲਾ ਨੇ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿਸ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਦੇਸ਼ ਦੇ ਹਿੱਤ ਵਿੱਚ ਨਹੀਂ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਹਰ ਕਿਸੇ ਨੂੰ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਦਾ ਅਧਿਕਾਰ ਹੈ, ਪਰ ਇਸ ਅਧਿਕਾਰ ਦੀ ਆੜ ਵਿੱਚ ਅਰਾਜਕਤਾ ਫੈਲਾਉਣਾ ਅਤੇ ਲੋਕਤੰਤਰੀ ਮਰਿਆਦਾਵਾਂ ਨੂੰ ਭੰਗ ਕਰਨਾ ਗਲਤ ਹੈ।

ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਸਾਲ 1952 ਤੋਂ ਦੇਸ਼ ਵਿੱਚ ਲਗਾਤਾਰ ਚੋਣਾਂ ਹੁੰਦੀਆਂ ਆ ਰਹੀਆਂ ਹਨ ਅਤੇ ਲੋਕਾਂ ਦੇ ਫ਼ੈਸਲੇ ਅਨੁਸਾਰ ਸਰਕਾਰਾਂ ਬਣਦੀਆਂ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਲੋਕਾਂ ਦੇ ਫ਼ਤਵੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਜਨੀਤੀ ਦੇ ਨਾਮ 'ਤੇ ਦੇਸ਼ ਦੀ ਸ਼ਾਂਤੀ ਅਤੇ ਲੋਕਤੰਤਰ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਤੋਂ ਬਚਣਾ ਚਾਹੀਦਾ ਹੈ।

ਸੁਰੱਖਿਅਤ ਬਚਪਨ ਮੁਹਿੰਮ ਤਹਿਤ ਊਨਾ ਜ਼ਿਲ੍ਹੇ ਦੇ 16 ਸਕੂਲਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਕਰਵਾਏ

ਊਨਾ, 28 ਅਕਤੂਬਰ
(ਪੈ.ਗਾਮ-ਏ-ਜਗਤ)

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਊਨਾ ਵੱਲੋਂ ਸੁਰੱਖਿਅਤ ਬਚਪਨ ਮੁਹਿੰਮ, 2026 ਤਹਿਤ ਬੁੱਧਵਾਰ ਨੂੰ ਊਨਾ ਜ਼ਿਲ੍ਹੇ ਦੇ 16 ਸਕੂਲਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਵਿਸ਼ਾ "ਜਾਗਰੂਕ ਬਚਪਨ, ਸਸ਼ਕਤ ਭਾਰਤ" ਰਿਹਾ। ਇਸ ਮੁਹਿੰਮ ਦਾ ਉਦੇਸ਼ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ, ਬਾਲ ਸੁਰੱਖਿਆ ਕਾਨੂੰਨਾਂ ਅਤੇ ਸੁਰੱਖਿਅਤ ਬਚਪਨ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਮੁਹਿੰਮ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਊਨਾ ਦੀ ਸਕੱਤਰ ਸ਼ਿਖਾ ਲਖਨਪਾਲ ਨੇ ਸ਼ਿਵਾਲਿਕ ਪਬਲਿਕ ਸਕੂਲ, ਟਨੋਹ ਵਿੱਚ ਪ੍ਰੋਗਰਾਮ ਕਰਵਾਇਆ। ਇਸ ਤੋਂ ਇਲਾਵਾ, ਨਿਆਂਇਕ ਅਧਿਕਾਰੀਆਂ ਨੇ ਵੀ ਵੱਖ-ਵੱਖ ਸਕੂਲਾਂ ਵਿੱਚ ਪ੍ਰੋਗਰਾਮ ਕਰਵਾਏ। ਇਨ੍ਹਾਂ ਵਿੱਚ ਊਨਾ ਦੀ ਨਿਆਂਇਕ ਮੈਜਿਸਟ੍ਰੇਟ ਪਹਿਲੀ ਸ਼੍ਰੇਣੀ ਈਸ਼ਾ ਅਗਰਵਾਲ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਸੋਲੀ ਵਿੱਚ; ਊਨਾ ਦੀ ਨਿਆਂਇਕ ਮੈਜਿਸਟ੍ਰੇਟ ਤੀਜੀ ਸ਼੍ਰੇਣੀ ਅਨੁਲੇਖਾ ਤੰਵਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਖੇੜਾ ਵਿੱਚ; ਅਤੇ ਅੰਬ ਦੇ ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ ਜਤਿੰਦਰ ਸਿੰਘ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨੇਹਰੀਆਂ ਵਿੱਚ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ। ਇਸੇ ਤਰ੍ਹਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੋਂਦਪੁਰ ਬਨੇਹੜਾ ਵਿੱਚ ਸਹਾਇਕ ਕਾਨੂੰਨੀ ਸਹਾਇਤਾ ਬਚਾਅ ਵਕੀਲ ਸੁਮੇਧਾ ਸ਼ਰਮਾ ਨੇ ਜਾਗਰੂਕਤਾ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਬਾਲ ਅਧਿਕਾਰਾਂ ਅਤੇ ਸੁਰੱਖਿਅਤ ਬਚਪਨ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ, ਵਿਦਿਆਰਥੀਆਂ ਵਿੱਚ ਬਾਲ ਅਧਿਕਾਰਾਂ ਅਤੇ ਸੁਰੱਖਿਅਤ ਬਚਪਨ ਪ੍ਰਤੀ ਜਾਗਰੂਕਤਾ ਵਧਾਉਣ ਲਈ ਚਿੱਤਰਕਲਾ ਮੁਕਾਬਲਾ ਵੀ ਕਰਵਾਇਆ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਾਥੂ ਵਿੱਚ ਸਹਾਇਕ ਕਾਨੂੰਨੀ ਸਹਾਇਤਾ ਬਚਾਅ ਵਕੀਲ ਪਰਵੀਨ ਕੁਮਾਰੀ ਨੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ। ਇਸੇ ਲੜੀ ਤਹਿਤ ਪੈਨਲ ਵਕੀਲ ਕੇਸ਼ਵ ਕੁਮਾਰ ਚੰਦੇਲ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਡੋਗਾ ਵਿੱਚ; ਰਾਜ ਕੁਮਾਰੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੰਜਾਲ ਵਿੱਚ; ਅਤੇ ਕਾਰਤਿਕ ਸੌਂਖਲਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਥਾਥਲ ਵਿੱਚ ਪ੍ਰੋਗਰਾਮ ਕਰਵਾਏ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸੰਤੋਸ਼ਗੜ੍ਹ ਵਿੱਚ ਪੈਨਲ ਵਕੀਲ ਨੀਰਜ ਕੁਮਾਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਸੰਤੋਸ਼ਗੜ੍ਹ ਵਿੱਚ ਮੁੱਖ ਕਾਨੂੰਨੀ ਸਹਾਇਤਾ ਬਚਾਅ ਵਕੀਲ ਰਾਕੇਸ਼ ਕੁਮਾਰ ਨੇ ਜਾਗਰੂਕਤਾ ਪ੍ਰੋਗਰਾਮ ਕਰਵਾਏ। ਲੜਕੀਆਂ ਦੇ ਸਕੂਲ ਵਿੱਚ ਚਿੱਤਰਕਲਾ ਮੁਕਾਬਲਾ ਵੀ ਕਰਵਾਇਆ ਗਿਆ। ਇਸ ਤੋਂ ਇਲਾਵਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਧਮਾਂਦਰੀ ਵਿੱਚ ਪੈਨਲ ਵਕੀਲ ਸ਼ਿਵਾਂਗਨੀ ਰਾਣਾ; ਸੇਂਟ ਮੀਰਾ ਪਬਲਿਕ ਸਕੂਲ, ਪਾਲਕਵਾਹ ਵਿੱਚ ਪੈਨਲ ਵਕੀਲ ਨੇਹਾ ਪੁਰੀ; ਸੇਂਟ ਡੀ.ਆਰ. ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਗਗਰੇਟ ਵਿੱਚ ਪੈਨਲ ਵਕੀਲ ਅਨੀਤਾ ਦੇਵੀ; ਡੀ.ਏ.ਵੀ. ਪਬਲਿਕ ਮਾਡਲ ਸਕੂਲ, ਕਾਲੂ ਦੀ ਬਾਰ ਵਿੱਚ ਪੈਨਲ ਵਕੀਲ ਰਾਕੇਸ਼ ਕੁਮਾਰ; ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੌਲਤਪੁਰ ਚੌਕ ਵਿੱਚ ਪੈਨਲ ਵਕੀਲ ਨਿਤਿਕਾ ਠਾਕੁਰ ਵੱਲੋਂ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ।



ਮਾਨਸਾ ਵਿੱਚ ਨੌਜਵਾਨ ਦੀ ਮੌਤ ਤੋਂ ਬਾਅਦ ਲਾਸ਼ ਕਬਜ਼ੇ ਵਿੱਚ ਲੈਣ ਦੀ ਕਾਰਵਾਈ ਨੇ ਆਪ ਸਰਕਾਰ ਦੀ ਪੋਲ ਖੋਲ੍ਹੀ : ਅਮਨਜੋਤ ਕੌਰ ਰਾਮੂਵਾਲੀਆ

ਐਸ.ਏ.ਐਸ. ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ)

ਭਾਰਤੀ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਕਮੇਟੀ ਦੀ ਮੈਂਬਰ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਮਾਨਸਾ ਦੇ ਪਿੰਡ ਭੰਮੇ ਕਲਾਂ ਵਿੱਚ ਨਸ਼ੇ ਦੀ ਓਵਰਡੋਜ਼ ਦੇ ਸ਼ੱਕ ਹੇਠ ਹੋਈ ਨੌਜਵਾਨ ਦਲਜੀਤ ਸਿੰਘ ਦੀ ਮੌਤ ਅਤੇ ਇਨਸਾਫ਼ ਮੰਗਦੇ ਪਰਿਵਾਰ ਦੀ ਆਵਾਜ਼ ਦਬਾਉਣ ਦੀ ਘਟਨਾ ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਚਾਉਣ ਵਿੱਚ ਨਾਕਾਮ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਲੋਕਾਂ ਦੇ ਰੋਸ ਦਾ ਸਾਹਮਣਾ ਕਰਨ ਤੋਂ ਵੀ ਬਚ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਜਦੋਂ ਪਰਿਵਾਰ ਅਤੇ ਪਿੰਡ ਵਾਸੀ ਮ੍ਰਿਤਕ ਦੇਹ ਮਾਨਸਾ ਲਿਜਾ ਕੇ ਸਰਕਾਰ ਵਿਰੁੱਧ ਆਪਣਾ ਰੋਸ ਦਰਜ ਕਰਵਾਉਣਾ ਚਾਹੁੰਦੇ ਸਨ, ਤਾਂ ਪੁਲੀਸ ਵੱਲੋਂ ਦੇਹ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕਾਰਵਾਈ ਨੇ ਲੋਕਾਂ ਵਿੱਚ ਹੋਰ ਗੁੱਸਾ ਪੈਦਾ ਕੀਤਾ। ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਲੋਕਾਂ ਦੇ ਰੋਸ ਨੂੰ ਰੋਕਣ ਨਾਲ ਨਸ਼ਿਆਂ ਦਾ ਸੰਕਟ ਖ਼ਤਮ ਨਹੀਂ ਹੋਵੇਗਾ। ਸਰਕਾਰ ਦੀ ਅਸਲ ਜ਼ਿੰਮੇਵਾਰੀ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ, ਨਸ਼ਿਆਂ ਦੀ ਸਪਲਾਈ ਨੂੰ ਬੰਦ ਕਰਨਾ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹਨ ਅਤੇ ਪਰਿਵਾਰਾਂ ਦੇ ਘਰ ਉੱਜੜਨ ਦੀਆਂ ਘਟਨਾਵਾਂ ਨੂੰ ਆਮ ਵਰਤਾਰਾ ਨਹੀਂ ਮੰਨਿਆ ਜਾ ਸਕਦਾ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਨਸ਼ਾ ਤਸਕਰੀ ਦੇ ਪੂਰੇ ਨੈਟਵਰਕ ਦੀ ਜਾਂਚ ਕਰਵਾਏ, ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਕਾਨੂੰਨੀ ਕਾਰਵਾਈ ਕਰੇ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਏ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਝੂਠੀ ਇਮਾਨਦਾਰੀ ਦੇ ਦਿਖਾਵੇ ਦੇ ਪੋਸਟਰ ਲਗਾਉਣ ਨਾਲ ਨਹੀਂ, ਸੁਰੱਖਿਅਤ ਭਵਿੱਖ ਅਤੇ ਜਵਾਬਦੇਹ ਸ਼ਾਸਨ ਨਾਲ ਮਤਲਬ ਹੈ। ਜਿਹੜੀ ਸਰਕਾਰ ਨਸ਼ਿਆਂ ਦੇ ਖ਼ਾਤਮੇ ਦੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ, ਉਸ ਨੂੰ ਹੁਣ ਹਰ ਉਸ ਪਰਿਵਾਰ ਨੂੰ ਜਵਾਬ ਦੇਣਾ ਪਵੇਗਾ ਜਿਸ ਦਾ ਘਰ ਨਸ਼ਿਆਂ ਕਾਰਨ ਉੱਜੜ ਰਿਹਾ ਹੈ।



ਸੂਬਾ ਸਰਕਾਰ ਨੇ ਪਹਿਲਾਂ ਬੀ.ਪੀ.ਐਲ. ਰਾਸ਼ਨ ਕਾਰਡ ਕੱਟੇ, ਹੁਣ ਸਰ੍ਹੋਂ ਦੇ ਤੇਲ ’ਤੇ ਸੰਕਟ, ਬਾਜਰਾ ਡਿਪੂ ’ਤੇ ਆਇਆ ਹੀ ਨਹੀਂ: ਰਾਜਿੰਦਰ ਸੋਰਖੀ

ਪੈ.ਗਾਮ-ਏ-ਜਗਤ ਹਾਂਸੀ (ਦਿਨਕਰ ਗਾਵੜੀ)

ਆਮ ਆਦਮੀ ਪਾਰਟੀ ਨੇ ਹਰਿਆਣਾ ਸਰਕਾਰ ਵੱਲੋਂ ਇੱਕ ਤੋਂ ਬਾਅਦ ਇੱਕ ਲਏ ਜਾ ਰਹੇ ਲੋਕ ਵਿਰੋਧੀ ਫੈਸਲਿਆਂ ’ਤੇ ਚਿੰਤਾ ਜਤਾਉਂਦਿਆਂ ਇਨ੍ਹਾਂ ਫੈਸਲਿਆਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਪਾਰਟੀ ਦੇ ਜ਼ਿਲ੍ਹਾ ਹਾਂਸੀ ਦੇ ਪ੍ਰਧਾਨ ਅਤੇ ਰਾਸ਼ਟਰੀ ਪ੍ਰੀਸ਼ਦ ਦੇ ਮੈਂਬਰ ਰਾਜਿੰਦਰ ਸੋਰਖੀ ਨੇ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕਿਹਾ ਕਿ ਭਾਜਪਾ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੱਖਾਂ ਹਰਿਆਣਾ ਵਾਸੀਆਂ ਦੇ ਪੀਲੇ ਅਤੇ ਗੁਲਾਬੀ ਰਾਸ਼ਨ ਕਾਰਡ ਬਣਾ ਦਿੱਤੇ ਅਤੇ ਬਦਲੇ ਵਿੱਚ ਭੋਲੀ-ਭਾਲੀ ਜਨਤਾ ਤੋਂ ਵੋਟ ਲੈ ਕੇ ਸੱਤਾ ਹਥਿਆ ਲਈ। ਸੱਤਾ ਵਿੱਚ ਆਉਂਦਿਆਂ ਹੀ ਜਿਨ੍ਹਾਂ ਗਰੀਬ ਅਤੇ ਲੋੜਵੰਦ ਲੋਕਾਂ ਦੇ ਕਾਰਡ ਬਣਾਏ ਸਨ, ਉਨ੍ਹਾਂ ’ਤੇ ਕੁਠਾਰਾਘਾਤ ਕਰਦਿਆਂ ਹੌਲੀ-ਹੌਲੀ ਲੱਖਾਂ ਕਾਰਡ ਕੱਟ ਦਿੱਤੇ। ਅਜਿਹੇ ਲੋਕਾਂ ਤੋਂ ਉਨ੍ਹਾਂ ਦਾ ਹੱਕ ਖੋਹ ਲਿਆ ਗਿਆ। ਦੁਬਾਰਾ ਕਾਰਡ ਬਣਵਾਉਣ ਲਈ ਲੋਕ ਦਫ਼ਤਰਾਂ ਦੇ ਚੱਕਰ ਕੱਟਦੇ ਰਹੇ ਪਰ ਕਿਤੇ ਕੋਈ ਸੁਣਵਾਈ ਨਹੀਂ ਕੀਤੀ ਗਈ। ਸਰਕਾਰ ਨੇ ਇੱਕ ਤਰ੍ਹਾਂ ਨਾਲ ਗਰੀਬਾਂ ਦੇ ਮੂੰਹੋਂ ਨਿਵਾਲਾ ਖੋਹਣ ਦਾ ਕੰਮ ਕੀਤਾ। ਗਰੀਬਾਂ ’ਤੇ ਅੱਤਿਆਚਾਰ ਕਰਦਿਆਂ ਹੁਣ ਸਰਕਾਰ ਨੇ ਪਿਛਲੇ ਦੋ ਮਹੀਨਿਆਂ ਤੋਂ ਸਰ੍ਹੋਂ ਦਾ ਤੇਲ ਹੀ ਬੰਦ ਕਰ ਦਿੱਤਾ ਹੈ। ਪਿਛਲੇ ਮਹੀਨੇ ਸਰਕਾਰ ਨੇ ਸਾਰੇ ਡਿਪੂ ਧਾਰਕਾਂ ਨੂੰ ਕਣਕ ਦੇ ਨਾਲ ਬਾਜਰਾ ਦੇਣ ਦਾ ਆਦੇਸ਼ ਦਿੱਤਾ, ਸਰਕਾਰ ਨੇ ਆਦੇਸ਼ ਤਾਂ ਦੇ ਦਿੱਤਾ ਪਰ ਸਰਕਾਰ ਦੀ ਢਿੱਲੀ ਨੀਤੀ ਕਾਰਨ ਕਿਸੇ ਵੀ ਡਿਪੂ ’ਤੇ ਬਾਜਰਾ ਨਹੀਂ ਪਹੁੰਚਿਆ। ਜ਼ਿਲ੍ਹਾ ਹਾਂਸੀ ਦੇ ਪਾਰਟੀ ਪ੍ਰਧਾਨ ਰਾਜਿੰਦਰ ਸੋਰਖੀ ਨੇ ਕਿਹਾ ਕਿ ਡਿਪੂ ਧਾਰਕਾਂ ਨੇ ਵੀ ਖਪਤਕਾਰਾਂ ਨੂੰ ਇਹ ਕਹਿ ਕੇ ਕਿ ਕਣਕ ਵਿੱਚੋਂ ਬਾਜਰਾ ਅਗਲੇ ਮਹੀਨੇ ਅਕਤੂਬਰ ਵਿੱਚ ਦੇਣ ਦੇ ਨਾਂ ’ਤੇ ਕਣਕ ਵੰਡ ਦਿੱਤੀ, ਜਦਕਿ ਸਰ੍ਹੋਂ ਦੇ ਤੇਲ ’ਤੇ ਸਰਕਾਰ ਨੇ ਰੋਕ ਲਗਾ ਦਿੱਤੀ। ਪਹਿਲਾਂ ਕਿਹਾ ਗਿਆ ਕਿ ਸਾਰੇ ਖਪਤਕਾਰਾਂ ਦੇ ਬੈਂਕ ਖਾਤਿਆਂ ਵਿੱਚ ਤੇਲ ਦੇ ਬਦਲੇ ਦੀ ਰਾਸ਼ੀ ਜਮ੍ਹਾਂ ਹੋ ਜਾਵੇਗੀ। ਸੂਬੇ ਭਰ ਦੇ ਖਪਤਕਾਰ ਇੰਤਜ਼ਾਰ ਕਰਦੇ ਰਹੇ ਪਰ ਨਾ ਤੇਲ ਦੀ ਰਾਸ਼ੀ ਆਈ ਅਤੇ ਨਾ ਹੀ ਬਾਜਰਾ ਆਇਆ। ਗਰੀਬ ਖਪਤਕਾਰਾਂ ਦੀ ਡਿਪੂ ਵਾਲਿਆਂ ਨਾਲ ਆਏ ਦਿਨ ਤੇਲ ਅਤੇ ਸਰ੍ਹੋਂ ਦੇ ਤੇਲ ਲਈ ਝੜਪ ਹੁੰਦੀ ਹੈ। ਹਾਲ ਇਹ ਹੈ ਕਿ ਹੁਣ ਮਹੀਨਾ ਖਤਮ ਹੋਣ ਵਾਲਾ ਹੈ, ਡਿਪੂ ਧਾਰਕ ਖਪਤਕਾਰਾਂ ਨੂੰ ਫੋਨ ਕਰਕੇ ਬਾਜਰੇ ਦੀ ਜਗ?ਹਾ ਬਕਾਇਆ ਕਣਕ ਲੈਣ ਦਾ ਸੁਨੇਹਾ ਦੇ ਕੇ ਖਪਤਕਾਰਾਂ ਨੂੰ ਡਿਪੂ ’ਤੇ ਬੁਲਾ ਰਹੇ ਹਨ। ਚਰਚਾ ਹੈ ਕਿ ਗਰੀਬ ਲੋਕਾਂ ਨੂੰ ਹਰ ਕਾਰਡ ’ਤੇ ਮਿਲਣ ਵਾਲੇ ਦੋ ਲੀਟਰ ਸਰ੍ਹੋਂ ਦੇ ਤੇਲ ਦੀ ਥਾਂ ਸਰਕਾਰ ਹੁਣ ਕਾਰਡ ’ਤੇ ਦਰਜ ਮੈਂਬਰਾਂ ਦੇ ਆਧਾਰ ’ਤੇ ਅੱਧਾ ਲੀਟਰ, ਇੱਕ ਲੀਟਰ ਅਤੇ ਡੇਢ ਲੀਟਰ ਤੇਲ ਤੱਕ ਦੇਣ ਦੀ ਤਿਆਰੀ ਕਰ ਰਹੀ ਹੈ। ਆਮ ਆਦਮੀ ਪਾਰਟੀ ਨੇ ਸੂਬਾ ਸਰਕਾਰ ਤੋਂ ਪਹਿਲਾਂ ਵਾਂਗ ਗਰੀਬ ਲੋਕਾਂ ਦੇ ਕਾਰਡ ’ਤੇ ਦੋ ਲੀਟਰ ਤੇਲ ਦੇਣ ਦੀ ਮੰਗ ਕੀਤੀ ਹੈ।



ਰੱਖਿਆ ਪੈਨਸ਼ਨਰ 30 ਨਵੰਬਰ ਤੱਕ ਜਮ੍ਹਾਂ ਕਰਵਾਉਣ ਜੀਵਨ ਸਰਟੀਫਿਕੇਟ, ਊਨਾ ਵਿੱਚ ਮਿਲੇਗੀ ਵਿਸ਼ੇਸ਼ ਸਹਾਇਤਾ : ਅਮਿਤ ਛਾਬੜਾ

ਊਨਾ, 28 ਅਕਤੂਬਰ (ਪੈ.ਗਾਮ-ਏ-ਜਗਤ)

ਸਪਰਸ਼ ਸੇਵਾ ਕੇਂਦਰ, ਊਨਾ ਵੱਲੋਂ ਜ਼ਿਲ੍ਹੇ ਦੇ ਸਾਰੇ ਰੱਖਿਆ ਪੈਨਸ਼ਨਰਾਂ ਲਈ 1 ਤੋਂ 30 ਨਵੰਬਰ ਤੱਕ ਦੇਸ਼-ਪੱਧਰੀ ਡਿਜੀਟਲ ਜੀਵਨ ਸਰਟੀਫਿਕੇਟ ਮੁਹਿੰਮ 5.0 ਚਲਾਈ ਜਾਵੇਗੀ। ਇਸ ਦੌਰਾਨ ਸਾਰੇ ਰੱਖਿਆ ਪੈਨਸ਼ਨਰਾਂ ਲਈ ਆਪਣੀ ਸਾਲਾਨਾ ਪਛਾਣ ਤਸਦੀਕ ਸਮੇਂ ਸਿਰ ਪੂਰੀ ਕਰਵਾਉਣਾ ਲਾਜ਼ਮੀ ਹੋਵੇਗਾ, ਤਾਂ ਜੋ ਪੈਨਸ਼ਨ ਦੀ ਅਦਾਇਗੀ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹਿ ਸਕੇ। ਇਹ ਜਾਣਕਾਰੀ ਸਪਰਸ਼ ਸੇਵਾ ਕੇਂਦਰ, ਊਨਾ (ਸਾਬਕਾ ਡੀਪੀਡੀਓ ਦਫ਼ਤਰ) ਦੇ ਇੰਚਾਰਜ ਅਮਿਤ ਛਾਬੜਾ ਨੇ ਦਿੱਤੀ।

ਅਮਿਤ ਛਾਬੜਾ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਅਧੀਨ ਚੱਲ ਰਹੇ ਇਸ ਕੇਂਦਰ ਰਾਹੀਂ ਥਲ ਸੈਨਾ, ਹਵਾਈ ਸੈਨਾ, ਜਲ ਸੈਨਾ, ਰੱਖਿਆ ਲੇਖਾ ਵਿਭਾਗ ਅਤੇ ਹੋਰ ਸਬੰਧਤ ਸ਼੍ਰੇਣੀਆਂ ਦੇ ਰੱਖਿਆ ਪੈਨਸ਼ਨਰ ਨਿਰਧਾਰਤ ਸਮੇਂ ਦੌਰਾਨ ਆਪਣਾ ਡਿਜੀਟਲ ਜੀਵਨ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਸਪਰਸ਼ ਰਾਹੀਂ ਪੈਨਸ਼ਨ ਪ੍ਰਾਪਤ ਕਰ ਰਹੇ ਜਿਨ੍ਹਾਂ ਪੈਨਸ਼ਨਰਾਂ ਨੂੰ ਸਾਲਾਨਾ ਪਛਾਣ ਤਸਦੀਕ ਸਬੰਧੀ ਸੁਨੇਹਾ ਮਿਲ ਰਿਹਾ ਹੈ, ਉਹ ਨਿਰਧਾਰਤ ਸਮੇਂ ਅੰਦਰ ਆਪਣਾ ਡਿਜੀਟਲ ਜੀਵਨ ਸਰਟੀਫਿਕੇਟ ਜ਼ਰੂਰ ਜਮ?ਹਾਂ ਕਰਵਾਉਣ। ਇਸ ਲਈ ਸਪਰਸ਼ ਸੇਵਾ ਕੇਂਦਰ, ਊਨਾ, ਨੇੜਲੇ ਕਾਮਨ ਸਰਵਿਸ ਸੈਂਟਰ ਜਾਂ ਸਮਾਰਟਫੋਨ ’ਤੇ ‘ਆਧਾਰ ਫੇਸ ਆਰਡੀ’ ਐਪ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਮਿਤ ਛਾਬੜਾ ਨੇ ਦੱਸਿਆ ਕਿ 80 ਸਾਲ ਤੋਂ ਵੱਧ ਉਮਰ ਦੇ ਅਤਿ-ਬਜ਼ੁਰਗ ਨਾਗਰਿਕਾਂ, ਬਜ਼ੁਰਗਾਂ ਅਤੇ ਮਹਿਲਾ ਪੈਨਸ਼ਨਰਾਂ ਨੂੰ ਵਿਸ਼ੇਸ਼ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ, ਜਿਹੜੇ ਪੈਨਸ਼ਨਰ ਕੇਂਦਰ ਤੱਕ ਪਹੁੰਚਣ ਵਿੱਚ ਅਸਮਰੱਥ ਹਨ, ਉਨ੍ਹਾਂ ਦੇ ਮਾਮਲਿਆਂ ਵਿੱਚ ਨਿਰਧਾਰਤ ਨਿਯਮਾਂ ਅਤੇ ਸਥਾਨਕ ਪ੍ਰਬੰਧਾਂ ਅਨੁਸਾਰ ਲੋੜੀਂਦਾ ਤਾਲਮੇਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਦੀ ਸਹੂਲਤ ਲਈ ਕਾਗਜ਼ੀ ਰੂਪ ਵਿੱਚ ਜੀਵਨ ਸਰਟੀਫਿਕੇਟ ਜਮ?ਹਾਂ ਕਰਵਾਉਣ ਦਾ ਵਿਕਲਪ ਵੀ ਉਪਲਬਧ ਰਹੇਗਾ।

ਉਨ੍ਹਾਂ ਸਾਰੇ ਯੋਗ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਤਹਿਤ ਆਪਣੀ ਸਾਲਾਨਾ ਪਛਾਣ ਪ੍ਰਕਿਰਿਆ ਪੂਰੀ ਕਰਵਾਉਣ, ਤਾਂ ਜੋ ਪੈਨਸ਼ਨ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਅਸੁਵਿਧਾ ਨਾ ਹੋਵੇ।

ਮਾਈ ਭਾਰਤ ਚੰਡੀਗੜ੍ਹ ਵੱਲੋਂ ‘ਵਿਕਸਿਤ ਭਾਰਤ ਯੁਵਾ ਸੰਵਾਦ; ਆਪਣਾ ਵੋਟ ਜਾਣੋ’ ਪ੍ਰੋਗਰਾਮ ਦਾ ਆਯੋਜਨ

ਪੈ.ਗਾਮ-ਏ-ਜਗਤ ਚੰਡੀਗੜ੍ਹ, 28 ਅਕਤੂਬਰ (ਹਰਮਿੰਦਰ ਸਿੰਘ ਨਾਗਪਾਲ)

- **ਐੱਮ.ਸੀ.ਐੱਮ. ਡੀ.ਏ.ਵੀ. ਮਹਿਲਾ ਕਾਲਜ ਦੀਆਂ 500 ਤੋਂ ਵੱਧ ਵਿਦਿਆਰਥਣਾਂ ਨੇ ਮਾਣਯੋਗ ਰਾਜਪਾਲ ਨਾਲ ਕੀਤਾ ਸਿੱਧਾ ਸੰਵਾਦ, ਵੋਟਿੰਗ ਦੀ ਮਹੱਤਤਾ ਅਤੇ ਲੋਕਤੰਤਰੀ ਜ਼ਿੰਮੇਵਾਰੀਆਂ ’ਤੇ ਹੋਈ ਚਰਚਾ**



ਭਾਰਤ ਸਰਕਾਰ ਦੇ ਯੁਵਾ ਪ੍ਰੋਗਰਾਮ ਅਤੇ ਖੇਡ ਮੰਤਰਾਲੇ ਅਧੀਨ ਮਾਈ ਭਾਰਤ ਚੰਡੀਗੜ੍ਹ ਵੱਲੋਂ ਐੱਮ.ਸੀ.ਐੱਮ. ਡੀ.ਏ.ਵੀ. ਮਹਿਲਾ ਕਾਲਜ, ਸੈਕਟਰ-36 ਵਿਖੇ ‘ਵਿਕਸਿਤ ਭਾਰਤ ਯੁਵਾ ਸੰਵਾਦ - ਆਪਣਾ ਵੋਟ ਜਾਣੋ’ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ 500 ਤੋਂ ਵੱਧ ਵਿਦਿਆਰਥਣਾਂ ਨੇ ਹਿੱਸਾ ਲਿਆ ਅਤੇ ਮੁੱਖ ਮਹਿਮਾਨ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨਾਲ ਵੋਟਿੰਗ ਦੀ ਮਹੱਤਤਾ ਅਤੇ ਲੋਕਤੰਤਰੀ ਜ਼ਿੰਮੇਵਾਰੀਆਂ ਬਾਰੇ ਸਿੱਧਾ ਸੰਵਾਦ ਕੀਤਾ।

ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਲੋਕਤੰਤਰ ਦੀ ਤਾਕਤ ਨਾਗਰਿਕਾਂ ਦੀ ਜਾਗਰੂਕ ਅਤੇ ਸਰਗਰਮ ਭਾਗੀਦਾਰੀ ਵਿੱਚ ਹੈ। ਵੋਟ ਪਾਉਣਾ ਸਿਰਫ਼ ਸੰਵਿਧਾਨਕ ਅਧਿਕਾਰ ਨਹੀਂ, ਸਗੋਂ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਅਤੇ ਸੋਸ਼ਲ ਮੀਡੀਆ ’ਤੇ ਫੈਲਣ ਵਾਲੀ ਅਪੁਸ਼ਟ ਜਾਣਕਾਰੀ ਤੋਂ ਪ੍ਰਭਾਵਿਤ ਹੋਣ ਦੀ ਬਜਾਏ ਤੱਥਾਂ ਅਤੇ ਜਨਹਿਤ ਦੇ ਮੁੱਦਿਆਂ ਦੇ ਆਧਾਰ ’ਤੇ ਵੋਟ ਪਾਉਣ। ਉਨ੍ਹਾਂ ਕਿਹਾ ਕਿ ਜਾਗਰੂਕ ਯੁਵਾ ਪੀੜ੍ਹੀ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ‘ਵਿਕਸਿਤ ਭਾਰਤ 02047’ ਦੇ ਟੀਚੇ ਲਈ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਪ੍ਰੋਗਰਾਮ ਦਾ ਮੁੱਖ ਆਕਰਸ਼ਣ ਯੁਵਾ ਸੰਵਾਦ ਰਿਹਾ, ਜਿਸ ਵਿੱਚ ਵਿਦਿਆਰਥਣਾਂ ਨੇ ਰਾਜਪਾਲ ਤੋਂ ਸਵਾਲ ਪੁੱਛੇ ਅਤੇ ਵੋਟਿੰਗ ਪ੍ਰਕਿਰਿਆ, ਚੋਣਾਂ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਅਤੇ ਜਾਗਰੂਕ ਵੋਟਰ ਦੀਆਂ ਜ਼ਿੰਮੇਵਾਰੀਆਂ ਬਾਰੇ ਵਿਚਾਰ ਸਾਂਝੇ ਕੀਤੇ। ਸਮਾਗਮ ਦੀ ਸ਼ੁਰੂਆਤ ਵੰਦੇ ਮਾਤਰਮ ਅਤੇ ਦੀਪ ਜਗਾਉਣ ਨਾਲ ਹੋਈ। ਮਾਈ ਭਾਰਤ ਚੰਡੀਗੜ੍ਹ ਦੇ ਜ਼ਿਲ੍ਹਾ ਯੁਵਾ ਅਧਿਕਾਰੀ ਵਿਨੈ ਕੁਮਾਰ ਨੇ ਸਵਾਗਤ ਕਰਦਿਆਂ ਯੁਵਾ ਅਗਵਾਈ ਅਤੇ ਰਾਸ਼ਟਰ ਨਿਰਮਾਣ ਲਈ ਚਲਾਈਆਂ ਜਾ ਰਹੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ। ਯੁਵਾ ਆਈਕਾਨ ਸੁਸ਼ੀਲ ਮੰਨਤ ਜੈਨ ਨੇ ਵੋਟਰ ਜਾਗਰੂਕਤਾ ਬਾਰੇ ਪੇਸ਼ਕਾਰੀ ਦਿੱਤੀ।

ਇਸ ਮੌਕੇ ਰਾਜਪਾਲ ਨੇ ਏਸ਼ਿਆਈ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੀ ਅੰਤਰਰਾਸ਼ਟਰੀ ਤਲਵਾਰਬਾਜ਼ ਮੁਸਕਾਨ/ਯਸ਼ਕੀਰਤ ਕੌਰ ਹੈਅਰ ਅਤੇ ਸੌਫਟ ਟੈਨਿਸ ਖਿਡਾਰੀ ਆਰੀਅਨ ਠਾਕੁਰ ਨੂੰ ਸਨਮਾਨਿਤ ਕੀਤਾ। ਮਾਈ ਭਾਰਤ-ਐੱਨ.ਐੱਸ.ਐੱਸ. ਪ੍ਰੋਗਰਾਮ ਅਧਿਕਾਰੀ ਸੁਸ਼ੀਲ ਸੁਨੀਤਾ ਨੇ ਹਾਜ਼ਰ ਵਿਦਿਆਰਥਣਾਂ ਨੂੰ ਲੋਕਤੰਤਰੀ ਸਹੁੰ ਚੁਕਾਈ। ਅੰਤ ਵਿੱਚ ਕਾਲਜ ਦੀ ਪ੍ਰਿੰਸੀਪਲ ਸੁਸ਼ੀਲ ਨੀਨਾ ਸ਼ਰਮਾ ਨੇ ਧੰਨਵਾਦ ਕੀਤਾ ਅਤੇ ਰਾਸ਼ਟਰ ਗਾਨ ਨਾਲ ਪ੍ਰੋਗਰਾਮ ਸਮਾਪਤ ਹੋਇਆ।

ਕਰਮਚਾਰੀ-ਹਿਤੈਸ਼ੀ ਸਰਕਾਰ, ਮੁੱਖ ਮੰਤਰੀ ਸੁੱਖੂ ਦਾ ਦਿਲੋਂ ਧੰਨਵਾਦ

ਊਨਾ, 27 ਅਕਤੂਬਰ (ਪੈ.ਗਾਮ-ਏ-ਜਗਤ)

- **ਕਰਵਾ ਚੌਥ ’ਤੇ ਪੁਰਸ਼ ਕਰਮਚਾਰੀਆਂ ਨੂੰ ਛੁੱਟੀ ਦੇਣ ਦੇ ਫੈਸਲੇ ਨਾਲ ਕਰਮਚਾਰੀਆਂ ਵਿੱਚ ਖੁਸ਼ੀ**



ਕਰਵਾ ਚੌਥ ਮੌਕੇ ਪੁਰਸ਼ ਕਰਮਚਾਰੀਆਂ ਨੂੰ ਵੀ ਛੁੱਟੀ ਦੇਣ ਦੇ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਦੇ ਫੈਸਲੇ ਦਾ ਊਨਾ ਦੇ ਕਰਮਚਾਰੀਆਂ ਨੇ ਸਵਾਗਤ ਕੀਤਾ ਹੈ। ਕਰਮਚਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਨੌਕਰੀ ਦੇ ਸਿਲਸਿਲੇ ਵਿੱਚ ਘਰ ਤੋਂ ਦੂਰ ਰਹਿਣ ਵਾਲੇ ਪੁਰਸ਼ ਕਰਮਚਾਰੀਆਂ ਨੂੰ ਵੀ ਆਪਣੇ ਪਰਿਵਾਰ ਨਾਲ ਕਰਵਾ ਚੌਥ ਮਨਾਉਣ ਅਤੇ ਵਰਤ ਨਾਲ ਜੁੜੀਆਂ ਰਸਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲੇਗਾ। ਉਨ੍ਹਾਂ ਨੇ ਇਸ ਫੈਸਲੇ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਕਰਮਚਾਰੀਆਂ ਨੇ ਕਿਹਾ ਕਿ ਪਹਿਲਾਂ ਕਰਵਾ ਚੌਥ ਅਤੇ ਰੱਖੜੀ ਵਰਗੇ ਤਿਉਹਾਰਾਂ ’ਤੇ ਮਹਿਲਾ ਕਰਮਚਾਰੀਆਂ ਨੂੰ ਛੁੱਟੀ ਮਿਲਦੀ ਸੀ, ਜਦਕਿ ਪੁਰਸ਼ ਕਰਮਚਾਰੀਆਂ ਨੂੰ ਛੁੱਟੀ ਨਾ ਹੋਣ ਕਾਰਨ ਪਰਿਵਾਰ ਨਾਲ ਤਿਉਹਾਰ ਮਨਾਉਣ ਦਾ ਮੌਕਾ ਨਹੀਂ ਮਿਲਦਾ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਨੇ ਪਹਿਲੀ ਵਾਰ ਇਨ੍ਹਾਂ ਮੌਕਿਆਂ ’ਤੇ ਪੁਰਸ਼ ਕਰਮਚਾਰੀਆਂ ਨੂੰ ਵੀ ਛੁੱਟੀ ਦੇ ਕੇ ਅਜਿਹੀ ਪਹਿਲ ਕੀਤੀ ਹੈ, ਜਿਸ ਨਾਲ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਤਿਉਹਾਰ ਦੀਆਂ ਖੁਸ਼ੀਆਂ ਮਨਾ ਸਕਣ। ਕਰਮਚਾਰੀਆਂ ਨੇ ਇਸ ਫੈਸਲੇ ਲਈ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਦੀਵਾਲੀ ਤੋਂ ਪਹਿਲਾਂ ਪੰਜ ਫੀਸਦੀ ਮਹਿੰਗਾਈ ਭੱਤਾ ਦੇਣ ਦੇ ਫੈਸਲੇ ਦਾ ਵੀ ਸਵਾਗਤ ਕੀਤਾ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ-2 ਊਨਾ ਦੇ ਵਾਈਸ ਪ੍ਰਿੰਸੀਪਲ ਸੁਰਿੰਦਰ ਮੋਹਨ ਨੇ ਕਿਹਾ ਕਿ ਕਰਵਾ ਚੌਥ ’ਤੇ ਪੁਰਸ਼ ਕਰਮਚਾਰੀਆਂ ਨੂੰ ਵੀ ਛੁੱਟੀ ਮਿਲਣ ਨਾਲ ਉਨ੍ਹਾਂ ਨੂੰ ਪਰਿਵਾਰ ਨਾਲ ਸਮਾਂ ਬਿਤਾਉਣ ਦਾ ਮੌਕਾ ਮਿਲੇਗਾ। ਪਹਿਲਾਂ ਜਦੋਂ ਪਤਨੀ ਨੇ ਖਰੀਦਦਾਰੀ ਲਈ ਜਾਣਾ ਹੁੰਦਾ ਸੀ ਤਾਂ ਪਤੀ ਦੇ ਦੂਰ ਹੋਣ ਕਾਰਨ ਕਈ ਵਾਰ ਮੁਸ਼ਕਲ ਆਉਂਦੀ ਸੀ। ਹੁਣ ਦੋਵੇਂ ਇਕੱਠੇ ਖਰੀਦਦਾਰੀ ਕਰ ਸਕਣਗੇ ਅਤੇ ਤਿਉਹਾਰ ਦੀਆਂ ਤਿਆਰੀਆਂ ਵਿੱਚ ਇਕ-ਦੂਜੇ ਦਾ ਹੱਥ ਵਟਾ ਸਕਣਗੇ। ਉਨ੍ਹਾਂ ਕਿਹਾ ਕਿ ਚੰਦ ਦੇਖਣ ਅਤੇ ਵਰਤ ਖੋਲ੍ਹਣ ਦੀਆਂ ਰਸਮਾਂ ਸਮੇਂ ਵੀ ਪਤੀ-ਪਤਨੀ ਇਕੱਠੇ ਰਹਿ ਸਕਣਗੇ। ਨੌਕਰੀ ਕਾਰਨ ਘਰ ਤੋਂ ਦੂਰ ਰਹਿਣ ਵਾਲੇ ਕਰਮਚਾਰੀ ਵੀ ਹੁਣ ਇਨ੍ਹਾਂ ਪਰਿਵਾਰਕ ਰਵਾਇਤਾਂ ਵਿੱਚ ਸ਼ਾਮਲ ਹੋ ਕੇ ਆਪਣੇ ਪਰਿਵਾਰ ਨਾਲ ਕਰਵਾ ਚੌਥ ਦੀਆਂ ਖੁਸ਼ੀਆਂ ਮਨਾ ਸਕਣਗੇ। ਉਨ੍ਹਾਂ ਨੇ ਇਸ ਫੈਸਲੇ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਅੰਬ ਵਿਕਾਸ ਖੰਡ ਵਿੱਚ ਐਲਐਸਈਓ ਦੇ ਅਹੁਦੇ ’ਤੇ ਕੰਮ ਕਰ ਰਹੀ ਸ਼ਬਨਮ ਨੇ ਕਿਹਾ ਕਿ ਕਰਵਾ ਚੌਥ ’ਤੇ ਮਹਿਲਾ ਕਰਮਚਾਰੀਆਂ ਨੂੰ ਛੁੱਟੀ ਮਿਲਦੀ ਸੀ, ਪਰ ਪਤੀਆਂ ਨੂੰ ਛੁੱਟੀ ਨਾ ਹੋਣ ਕਾਰਨ ਕਈ ਵਾਰ ਤਿਉਹਾਰ ਇਕੱਠੇ ਮਨਾਉਣ ਦਾ ਮੌਕਾ ਨਹੀਂ ਮਿਲਦਾ ਸੀ। ਪੁਰਸ਼ ਕਰਮਚਾਰੀਆਂ ਨੂੰ ਵੀ ਛੁੱਟੀ ਦੇਣ ਨਾਲ ਪਰਿਵਾਰਾਂ ਨੂੰ ਇਕੱਠੇ ਤਿਉਹਾਰ ਮਨਾਉਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਰੱਖੜੀ ਮੌਕੇ ਵੀ ਮੁੱਖ ਮੰਤਰੀ ਨੇ ਪੁਰਸ਼ ਕਰਮਚਾਰੀਆਂ ਨੂੰ ਛੁੱਟੀ ਦਿੱਤੀ ਸੀ, ਜਿਸ ਨਾਲ ਭੈਣ-ਭਰਾ ਇਸ ਤਿਉਹਾਰ ਨੂੰ ਖੁਸ਼ੀ ਅਤੇ ਉਤਸ਼ਾਹ ਨਾਲ ਮਨਾ ਸਕੇ। ਉਨ੍ਹਾਂ ਨੇ ਕਰਵਾ ਚੌਥ ਅਤੇ ਰੱਖੜੀ ’ਤੇ ਛੁੱਟੀ ਦੇਣ ਦੇ ਨਾਲ-ਨਾਲ ਦੀਵਾਲੀ ਤੋਂ ਪਹਿਲਾਂ ਪੰਜ ਫੀਸਦੀ ਮਹਿੰਗਾਈ ਭੱਤਾ ਦੇਣ ਦੇ ਫੈਸਲੇ ਲਈ ਵੀ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਕਰਵਾ ਚੌਥ ਤੋਂ ਪਹਿਲਾਂ ਵੋਟਰ ਜਾਗਰੂਕਤਾ ਦੀ ਮਹਿੰਦੀ ਲਾ ਕੇ ਕੁੜੀਆਂ ਨੇ ਦਿੱਤਾ ਵੋਟ ਬਣਾਉਣ ਅਤੇ ਪਾਉਣ ਦਾ ਸੁਨੇਹਾ

ਪੈ.ਗਾਮ-ਏ-ਜਗਤ ਮੋਹਾਲੀ 28 ਅਕਤੂਬਰ (ਹਰਮਿੰਦਰ ਸਿੰਘ ਨਾਗਪਾਲ)



ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਜਾਗਰੂਕਤਾ ਪੈਦਾ ਕਰਨ ਲਈ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵੋਟਰ ਸਾਖਰਤਾ ਕਲੱਬ ਸਰਗਰਮ ਭੂਮਿਕਾ ਨਿਭਾ ਰਹੇ ਹਨ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਦੀ ਅਗਵਾਈ ਹੇਠ ਜ਼ਿਲ੍ਹਾ ਸਵੀਪ ਟੀਮ ਵੱਲੋਂ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਇਸੇ ਲੜੀ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿੱਚ ਕਰਵਾ ਚੌਥ ਦੇ ਤਿਉਹਾਰ ਤੋਂ ਪਹਿਲਾਂ ਵਿਦਿਆਰਥਣਾਂ ਵੱਲੋਂ ਆਪਣੇ ਹੱਥਾਂ ’ਤੇ ਸਵੀਪ ਦੀ ਮਹਿੰਦੀ ਲਗਾ ਕੇ ਲੋਕਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਪਹਿਲ ਰਾਹੀਂ ਸੁਨੇਹਾ ਦਿੱਤਾ ਗਿਆ ਕਿ ਜਿਵੇਂ ਅਸੀਂ ਸ਼ਗਨਾਂ ਅਤੇ ਉਤਸ਼ਾਹ ਨਾਲ ਤਿਉਹਾਰ ਮਨਾਉਂਦੇ ਹਾਂ, ਉਸੇ ਤਰ੍ਹਾਂ ਲੋਕਤੰਤਰ ਦੇ ਤਿਉਹਾਰ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਜ਼ਿਲ੍ਹੇ ਦੇ ਵੋਟਰ ਸਾਖਰਤਾ ਕਲੱਬਾਂ ਵੱਲੋਂ ਹਰ ਰੋਜ਼ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿੱਚ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਗਤੀਵਿਧੀਆਂ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਅਤੇ ਯੋਗ ਨੌਜਵਾਨਾਂ ਨੂੰ ਆਪਣੀ ਵੋਟ ਬਣਵਾਉਣ ਲਈ ਪ੍ਰੇਰਿਤ ਕਰਨਾ ਹੈ।

ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਇੰਜੀਨੀਅਰ ਗੁਰਬਖ਼ਸ਼ਿਸ਼ ਸਿੰਘ ਅੰਟਾਲ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋ ਚੁੱਕੀ ਹੈ ਅਤੇ ਜਿਨ੍ਹਾਂ ਨੇ ਹਾਲੇ ਤੱਕ ਆਪਣੀ ਵੋਟ ਨਹੀਂ ਬਣਵਾਈ, ਉਹ ਤੁਰੰਤ ਵੋਟਰ ਵਜੋਂ ਰਜਿਸਟ੍ਰੇਸ਼ਨ ਕਰਵਾਉਣ। ਉਨ੍ਹਾਂ ਕਿਹਾ ਕਿ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਹਰ ਯੋਗ ਨਾਗਰਿਕ ਦੀ ਭਾਗੀਦਾਰੀ ਅਤੇ ਹਰ ਵੋਟ ਦੀ ਅਹਿਮੀਅਤ ਹੈ। ਜ਼ਿਲ੍ਹਾ ਸਵੀਪ ਟੀਮ ਵੱਲੋਂ ਅਜਿਹੀਆਂ ਗਤੀਵਿਧੀਆਂ ਰਾਹੀਂ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਵੋਟਰ ਰਜਿਸਟ੍ਰੇਸ਼ਨ ਦੇ ਨਾਲ-ਨਾਲ ਚੋਣਾਂ ਦੌਰਾਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਬਸਾਲ ਸਕੂਲ ਵਿੱਚ ‘ਨੈਕਸਟ ਜਨਰੇਸ਼ਨ’ ਪ੍ਰੋਗਰਾਮ ਕਰਵਾਇਆ, ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਮੌਕਿਆਂ ਬਾਰੇ ਦਿੱਤੀ ਜਾਣਕਾਰੀ

ਊਨਾ, 28 ਅਕਤੂਬਰ (ਪੈ.ਗਾਮ-ਏ-ਜਗਤ)



ਹਿਮਾਚਲ ਪ੍ਰਦੇਸ਼ ਫ਼ਸਲ ਵਿਭਿੰਨਤਾ ਪ੍ਰੋਤਸਾਹਨ ਪ੍ਰੋਜੈਕਟ-ਪੜਾਅ-II ਤਹਿਤ ਵਿਦਿਆਰਥੀਆਂ ਨੂੰ ਕੁਦਰਤੀ ਖੇਤੀ, ਆਧੁਨਿਕ ਖੇਤੀ ਤਕਨੀਕਾਂ ਅਤੇ ਖੇਤੀਬਾੜੀ ਆਧਾਰਿਤ ਸਵੈ-ਰੁਜ਼ਗਾਰ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਮੰਗਲਵਾਰ ਨੂੰ ਨੇਤਾਜੀ ਸੁਭਾਸ਼ ਮੈਮੋਰੀਅਲ ਸਰਕਾਰੀ ਉੱਤਮ ਸੀਨੀਅਰ ਸੈਕੰਡਰੀ ਸਕੂਲ, ਬਸਾਲ ਵਿੱਚ ‘ਨੈਕਸਟ ਜਨਰੇਸ਼ਨ’ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਊਨਾ ਦੇ ਬਲਾਕ ਪ੍ਰੋਜੈਕਟ ਮੈਨੇਜਰ ਅਸ਼ਵਨੀ ਕੁਮਾਰ ਨੇ ਵਿਦਿਆਰਥੀਆਂ ਨੂੰ ਕੁਦਰਤੀ ਖੇਤੀ, ਖੁੰਬਾਂ ਦੀ ਪੈਦਾਵਾਰ, ਜਲਵਾਯੂ ਅਨੁਕੂਲ ਖੇਤੀ, ਵਰਮੀ ਕੰਪੋਸਟ, ਪੋਸ਼ਣ ਬਾਗ਼ ਅਤੇ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਤੇ ਸਵੈ-ਰੁਜ਼ਗਾਰ ਦੇ ਮੌਕਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਵਾਤਾਵਰਣ-ਅਨੁਕੂਲ ਖੇਤੀ ਤਰੀਕੇ ਅਪਣਾਉਣ ਦੀ ਮਹੱਤਤਾ ਬਾਰੇ ਦੱਸਿਆ। ਇਸ ਦੇ ਨਾਲ ਹੀ ਸਕੂਲ ਦੇ ਅਹਾਤੇ ਵਿੱਚ ਵਰਮੀ ਕੰਪੋਸਟ ਇਕਾਈ ਅਤੇ ਪੋਸ਼ਣ ਬਾਗ਼ ਸਥਾਪਤ ਕਰਨ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਅਸ਼ਵਨੀ ਕੁਮਾਰ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਜਾਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ (ਜਾਇਕਾ) ਦੇ ਸਹਿਯੋਗ ਨਾਲ ਚੱਲ ਰਹੇ ਇਸ ਪ੍ਰੋਜੈਕਟ ਤਹਿਤ ਊਨਾ ਜ਼ਿਲ੍ਹੇ ਦੇ ਚੁਣੇ ਗਏ ਪੰਜ ਸਕੂਲਾਂ ਦੇ ਵਿਦਿਆਰਥੀਆਂ ਨੂੰ ਫ਼ਸਲ ਵਿਭਿੰਨਤਾ ਅਤੇ ਕੁਦਰਤੀ ਖੇਤੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਖੇਤੀਬਾੜੀ ਪ੍ਰਤੀ ਰੁਚੀ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਟਿਕਾਊ ਖੇਤੀ ਤਰੀਕਿਆਂ ਤੇ ਖੇਤੀਬਾੜੀ ਆਧਾਰਿਤ ਰੋਜ਼ੀ-ਰੋਟੀ ਦੇ ਮੌਕਿਆਂ ਨਾਲ ਜਾਣੂ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਬਲਾਕ ਪ੍ਰੋਜੈਕਟ ਪ੍ਰਬੰਧਨ ਇਕਾਈ, ਊਨਾ ਦੀ ਅਗਵਾਈ ਹੇਠ ਚੱਲ ਰਹੇ ਇਸ ਪ੍ਰੋਜੈਕਟ ਨੂੰ ਸੈਂਟਰ ਫਾਰ ਟੈਕਨੋਲੋਜੀ ਐਂਡ ਐਂਟਰਪ੍ਰੇਨਿਊਰਸ਼ਿਪ ਡਿਵੈਲਪਮੈਂਟ, ਜਗਦੀਸ਼ਪੁਰ, ਅਮੇਠੀ (ਉੱਤਰ ਪ੍ਰਦੇਸ਼) ਵੱਲੋਂ ਲਾਗੂ ਕੀਤਾ ਜਾ ਰਿਹਾ ਹੈ।

‘ਖੋਜ ਹੁਨਰ ਦੀ’ ਸੋਲੋ ਡਾਂਸ ਮੁਕਾਬਲੇ ਦੇ ਗਰੈਂਡ ਫਿਨਾਲੇ ਵਿੱਚ 14 ਪ੍ਰਤੀਯੋਗੀਆਂ ਨੇ ਦਿਖਾਈ ਪ੍ਰਤਿਭਾ

ਪੈ.ਗਾਮ-ਏ-ਜਗਤ/ਅੰਬਾਲਾ 28 ਅਕਤੂਬਰ (ਆਰ. ਸਿੰਘ)

- **ਵੱਖ-ਵੱਖ ਉਮਰ ਵਰਗਾਂ ਵਿੱਚ ਜੇਤੂਆਂ ਅਤੇ ਉਪ ਜੇਤੂਆਂ ਨੂੰ ਕੀਤਾ ਸਨਮਾਨਿਤ**



‘ਖੋਜ ਹੁਨਰ ਦੀ’ ਸੋਲੋ ਡਾਂਸ ਮੁਕਾਬਲਾ ਅੰਬਾਲਾ ਕਲੱਬ ਵਿਖੇ ਸਫਲਤਾਪੂਰਵਕ ਕਰਵਾਇਆ ਗਿਆ। ਗਰੈਂਡ ਫਿਨਾਲੇ ਵਿੱਚ 14 ਪ੍ਰਤੀਯੋਗੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਹ ਮੁਕਾਬਲਾ ਪੀਐਮਜੀ ਗਰੁੱਪ ਆਫ਼ ਆਰਟਿਸਟਸ ਅਤੇ ਹਰਿਆਣਾ ਆਰਟਿਸਟਸ ਫੋਰਮ ਵੱਲੋਂ ਅੰਬਾਲਾ ਕਲੱਬ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਸੁਪਰ ਗਰੁੱਪ ਆਫ਼ ਕੰਪਨੀਜ਼ ਦੇ ਸੀਈਓ ਇੰਜੀਨੀਅਰ ਬਲਬੀਰ ਸਿੰਘ ਨੇ ਮੁੱਖ ਮਹਿਮਾਨ ਅਤੇ ਰਾਸ਼ਟਰੀ ਪੰਜਾਬੀ ਮਹਾਂਸਭਾ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਮਹਿਤਾ ਨੇ ਪ੍ਰਧਾਨ ਵਜੋਂ ਸ਼ਿਰਕਤ ਕੀਤੀ। ਨੈਕਸ ਜਨਰਲ ਫਾਈਨੈਂਸ਼ੀਅਲ ਸਰਵਿਸਿਜ਼ ਦੇ ਐਮਡੀ ਅਤੇ ਪ੍ਰਸਿੱਧ ਕਵੀ ਸੁਰਜੀਤ ਬੁਧੀਰਾਜਾ ਵਿਸ਼ੇਸ਼ ਮਹਿਮਾਨ ਸਨ।


ਇੰਜੀਨੀਅਰ ਬਲਬੀਰ ਸਿੰਘ ਨੇ ਬੱਚਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦੇਣ ਲਈ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਅਸ਼ੋਕ ਮਹਿਤਾ ਨੇ ਕਿਹਾ ਕਿ ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ ਹੈ ਅਤੇ ਲਗਾਤਾਰ ਮਿਹਨਤ ਨਾਲ ਉਹ ਭਵਿੱਖ ਵਿੱਚ ਵੱਡੇ ਸਿਤਾਰੇ ਬਣ ਕੇ ਅੰਬਾਲਾ ਦਾ ਨਾਮ ਰੌਸ਼ਨ ਕਰ ਸਕਦੇ ਹਨ। ਸੁਰਜੀਤ ਬੁਧੀਰਾਜਾ ਨੇ ਵੀ ਬੱਚਿਆਂ ਦੀ ਪ੍ਰਤਿਭਾ ਦੀ ਪ੍ਰਸ਼ੰਸਾ ਕੀਤੀ। ਪ੍ਰੋਗਰਾਮ ਸਵਰਗੀ ਅਦਾਕਾਰ ਨਾਨਾ ਪਾਟੇਕਰ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਪੰਜਾਬੀ ਫਿਲਮ ਨਿਰਦੇਸ਼ਕ ਅਮਿਤ ਪਰਾਸ਼ਰ ਅਤੇ ਅਦਾਕਾਰ ਤਰਲੋਕ ਸਿੰਘ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਅਦਾਕਾਰ ਤੇ ਨਿਰਦੇਸ਼ਕ ਪ੍ਰਮੋਦ ਪੱਬੀ ਅਤੇ ਅਦਾਕਾਰ ਤੇ ਕਾਸਟਿੰਗ ਨਿਰਦੇਸ਼ਕ ਨਵੀਨ ਗਰੋਵਰ ਨੇ ਬੱਚਿਆਂ ਨੂੰ ਮਾਰਗਦਰਸ਼ਨ ਦਿੱਤਾ। ਸਿੱਖਿਆ ਸ਼ਾਸਤਰੀ ਡਾ. ਪ੍ਰਦੀਪ ਸ਼ਰਮਾ ਸਨੇਹੀ, ਥੀਏਟਰ ਸ਼ਖ਼ਸੀਅਤ ਤੇ ਇਤਿਹਾਸਕਾਰ ਡਾ. ਤੇਜਿੰਦਰ ਸਿੰਘ ਵਾਲੀਆ ਅਤੇ ਸੀਨੀਅਰ ਪੱਤਰਕਾਰ ਤੇ ਸਾਹਿਤਕਾਰ ਬਲਰਾਮ ਸੈਣੀ ਨੇ ਵੀ ਸੰਬੋਧਨ ਕੀਤਾ। ਪ੍ਰੋਗਰਾਮ ਕੋਆਰਡੀਨੇਟਰ ਜਸਦੀਪ ਸਿੰਘ ਬੇਦੀ ਨੇ ਦੱਸਿਆ ਕਿ ਮੁਕਾਬਲਾ 3 ਉਮਰ ਵਰਗਾਂ ਅਤੇ ਕਲਾਸੀਕਲ ਤੇ ਜਨਰਲ ਡਾਂਸ ਸ਼੍ਰੇਣੀਆਂ ਵਿੱਚ ਕਰਵਾਇਆ ਗਿਆ। 5 ਤੋਂ 8 ਸਾਲ ਵਰਗ ਵਿੱਚ ਕਲਾਸੀਕਲ ਡਾਂਸ ਵਿੱਚ ਅਨਾਇਆ ਜੇਤੂ ਅਤੇ ਲਾਵਣਿਆ ਉਪ ਜੇਤੂ ਰਹੀ, ਜਦਕਿ ਜਨਰਲ ਡਾਂਸ ਵਿੱਚ ਲਕਸ਼ ਕਾਲਰਾ ਜੇਤੂ ਅਤੇ ਮਿਸ਼ਟੀ ਉਪ ਜੇਤੂ ਰਹੇ। 9 ਤੋਂ 14 ਸਾਲ ਵਰਗ ਵਿੱਚ ਕਲਾਸੀਕਲ ਡਾਂਸ ਵਿੱਚ ਹਰਸ਼ਿਤਾ ਜੇਤੂ, ਜਾਨਵੀ ਉਪ ਜੇਤੂ ਅਤੇ ਕ੍ਰਿਤਿਕਾ ਦੂਜੀ ਉਪ ਜੇਤੂ ਰਹੀ। ਜਨਰਲ ਡਾਂਸ ਵਿੱਚ ਜੀਆ ਪ੍ਰਕਾਸ਼ ਜੇਤੂ, ਯੋਗਿਤਾ ਉਪ ਜੇਤੂ ਅਤੇ ਜਸਕੀਰਤ ਦੂਜੀ ਉਪ ਜੇਤੂ ਰਹੀ। 15 ਤੋਂ 30 ਸਾਲ ਵਰਗ ਵਿੱਚ ਕਲਾਸੀਕਲ ਡਾਂਸ ਵਿੱਚ ਮਾਧੁਰੀ ਜੇਤੂ ਅਤੇ ਮੋਕਸ਼ ਉਪ ਜੇਤੂ ਰਹੀ, ਜਦਕਿ ਜਨਰਲ ਡਾਂਸ ਵਿੱਚ ਪਾਇਲ ਜੇਤੂ ਅਤੇ ਕਸ਼ਿਸ਼ ਉਪ ਜੇਤੂ ਰਹੀ। ਵਾਨਿਆ ਸੇਠੀ ਨੇ ਮਹਿਮਾਨ ਕਲਾਕਾਰ ਵਜੋਂ ਕਲਾਸੀਕਲ ਡਾਂਸ ਦੀ ਪੇਸ਼ਕਾਰੀ ਕੀਤੀ। ਜਿਊਰੀ ਵਿੱਚ ਦਰਸ਼, ਪ੍ਰਿੰਸ ਧੀਮਾਨ ਅਤੇ ਅਮਨ ਬੇਦੀ ਸ਼ਾਮਲ ਸਨ। ਮੰਚ ਸੰਚਾਲਨ ਜਸਦੀਪ ਸਿੰਘ ਬੇਦੀ ਨੇ ਕੀਤਾ।

ਇਸ ਮੌਕੇ ਅੰਬਾਲਾ ਕਲੱਬ ਦੇ ਸਾਬਕਾ ਪ੍ਰਧਾਨ ਸੰਜੇ ਸੇਠੀ, ਹਰਿਆਣਾ ਕਲਾ ਪ੍ਰੀਸ਼ਦ ਦੇ ਸਾਬਕਾ ਨਿਰਦੇਸ਼ਕ ਨਗੇਂਦਰ ਸ਼ਰਮਾ, ਥੀਏਟਰ ਕਲਾਕਾਰ ਅਰਵਿੰਦ ਸੂਰੀ, ਅਨਿਲ ਮਹੰਤ ਬਿੱਟੂ, ਰਮੇਸ਼ ਕੁਬਲੀ, ਪ੍ਰੋ. ਸਤੀਸ਼ ਚੰਦਰ ਸ਼ਰਮਾ, ਪ੍ਰਭਾਸ਼ ਪਰਾਸ਼ਰ, ਡਾ. ਨਵੀਨ ਗੁਲਾਟੀ, ਮਨਮੋਹਨ ਸ਼ਰਮਾ, ਗਗਨਜੋਤ ਸਿੰਘ ਬੇਦੀ ਅਤੇ ਪ੍ਰਸਿੱਧ ਕਵੀ ਤੇ ਅਦਾਕਾਰ ਰਵਿੰਦਰ ਰਵੀ ਸਮੇਤ ਪਤਵੰਤੇ ਅਤੇ ਭਾਗੀਦਾਰਾਂ ਦੇ ਪਰਿਵਾਰਕ ਮੈਂਬਰ ਮੌਜੂਦ ਸਨ।

ਕਾਨੂੰਨ ਨਾਲ ਜੁੜੀ ਜਾਣਕਾਰੀ ਪ੍ਰਾਪਤ ਕਰ ਵਿਕਾਸ ਦੀ ਗਤੀ ਨੂੰ ਕੀਤਾ ਜਾ ਸਕਦਾ ਹੈ ਹੋਰ ਤੇਜ਼ : ਐਸ.ਡੀ.ਐਮ. ਰਾਜੇਸ਼ ਖੋਥ

ਪੈ.ਗਾਮ-ਏ-ਜਗਤ ਹਾਂਸੀ (ਦਿਨਕਰ ਗਾਵੜੀ)

- **ਸਨਾਤਨ ਧਰਮ ਮਹਿਲਾ ਮਹਾਂਵਿਦਿਆਲਿਆ ਵਿੱਚ ਆਯੋਜਿਤ ਕਾਨੂੰਨੀ ਸਾਖਰਤਾ ਕੈਂਪ ਵਿੱਚ ਨਾਗਰਿਕਾਂ ਨੂੰ ਪੋਕਸੋ ਐਕਟ, ਬਾਲ ਵਿਆਹ ਅਤੇ ਸਾਈਬਰ ਅਪਰਾਧਾਂ ਪ੍ਰਤੀ ਕੀਤਾ ਜਾਗਰੂਕ**



ਸਨਾਤਨ ਧਰਮ ਮਹਿਲਾ ਮਹਾਂਵਿਦਿਆਲਿਆ ਦੇ ਸਭਾ ਹਾਲ ਵਿੱਚ ਕਾਨੂੰਨੀ ਸਾਖਰਤਾ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਐਸਡੀਐਮ ਰਾਜੇਸ਼ ਖੋਥ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਿਧੀਵਤ ਸ਼ੁਭਾਰੰਭ ਕੀਤਾ ਅਤੇ ਹਾਜ਼ਰ ਵਿਦਿਆਰਥਣਾਂ ਅਤੇ ਹੋਰ ਲੋਕਾਂ ਨੂੰ ਕਾਨੂੰਨ ਪ੍ਰਤੀ ਜਾਗਰੂਕ ਰਹਿਣ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਕਾਨੂੰਨ ਨਾਲ ਸਬੰਧਤ ਜਾਣਕਾਰੀ ਹਰ ਨਾਗਰਿਕ ਲਈ ਜ਼ਰੂਰੀ ਹੈ। ਕਾਨੂੰਨੀ ਅਧਿਕਾਰਾਂ, ਫਰਜ਼ਾਂ ਅਤੇ ਵੱਖ-ਵੱਖ ਐਕਟਾਂ ਦੀ ਜਾਣਕਾਰੀ ਹੋਣ ਨਾਲ ਵਿਅਕਤੀ ਨਾ ਸਿਰਫ਼ ਆਪਣੇ ਅਧਿਕਾਰਾਂ ਦੀ ਰੱਖਿਆ ਕਰ ਸਕਦਾ ਹੈ, ਸਗੋਂ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਅਤੇ ਅਪਰਾਧਾਂ ਦੀ ਰੋਕਥਾਮ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਾਗਰੂਕ ਨਾਗਰਿਕ ਹੀ ਇੱਕ ਸੁਰੱਖਿਅਤ, ਜ਼ਿੰਮੇਵਾਰ ਅਤੇ ਵਿਕਸਿਤ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਦੇ ਸਕਦੇ ਹਨ। ਇਸ ਲਈ ਸਾਰਿਆਂ ਨੂੰ ਕਾਨੂੰਨੀ ਸਾਖਰਤਾ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਂਦਿਆਂ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਐਡਵੋਕੇਟ ਅਜੇ ਸਚਦੇਵਾ ਨੇ ਵਿਦਿਆਰਥਣਾਂ ਅਤੇ ਨਾਗਰਿਕਾਂ ਨੂੰ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਸਬੰਧੀ ਜਾਣਕਾਰੀ ਦਿੰਦਿਆਂ ਪੋਕਸੋ ਐਕਟ ਦੇ ਵੱਖ-ਵੱਖ ਪ੍ਰਬੰਧਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਪ੍ਰਤੀ ਜਾਗਰੂਕਤਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਬੱਚਿਆਂ ਨਾਲ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਜਾਂ ਅਣਉਚਿਤ ਵਿਵਹਾਰ ਨੂੰ ਸਮੇਂ ਸਿਰ ਰੋਕਿਆ ਜਾ ਸਕੇ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਰਹਿਣ ਅਤੇ ਕਿਸੇ ਵੀ ਅਣਉਚਿਤ ਛੋਹ, ਗਲਤ ਵਿਵਹਾਰ ਜਾਂ ਸ਼ੋਸ਼ਣ ਦੀ ਸਥਿਤੀ ਵਿੱਚ ਚੁੱਪ ਨਾ ਰਹਿਣ। ਅਜਿਹੀਆਂ ਸਥਿਤੀਆਂ ਵਿੱਚ ਬਿਨਾਂ ਕਿਸੇ ਡਰ ਜਾਂ ਸੰਕੋਚ ਦੇ ਆਪਣੇ ਸਰਪ੍ਰਸਤਾਂ, ਅਧਿਆਪਕਾਂ ਜਾਂ ਪੁਲਿਸ ਨੂੰ ਇਸ ਦੀ ਜਾਣਕਾਰੀ ਦੇਣ ਅਤੇ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ। ਉਨ੍ਹਾਂ ਕਿਹਾ ਕਿ ਸਮੇਂ ਸਿਰ ਆਵਾਜ਼ ਉਠਾਉਣਾ ਅਤੇ ਉਚਿਤ ਮਾਧਿਅਮ ਰਾਹੀਂ ਸ਼ਿਕਾਇਤ ਕਰਨਾ ਅਪਰਾਧਾਂ ਦੀ ਰੋਕਥਾਮ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੈ।

ਕੈਂਪ ਵਿੱਚ ਬਾਲ ਵਿਆਹ ਦੀ ਰੋਕਥਾਮ ਨਾਲ ਸਬੰਧਤ ਕਾਨੂੰਨੀ ਪ੍ਰਬੰਧਾਂ ’ਤੇ ਵੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਦੱਸਿਆ ਗਿਆ ਕਿ ਬਾਲ ਵਿਆਹ ਬੱਚਿਆਂ ਦੇ ਅਧਿਕਾਰਾਂ, ਸਿੱਖਿਆ, ਸਿਹਤ ਅਤੇ ਉਨ੍ਹਾਂ ਦੇ ਸਰਬਪੱਖੀ ਵਿਕਾਸ ’ਤੇ ਮਾੜਾ ਪ੍ਰਭਾਵ ਪਾਉਂਦਾ ਹੈ। ਸਮਾਜ ਦੇ ਹਰ ਵਿਅਕਤੀ ਨੂੰ ਬਾਲ ਵਿਆਹ ਵਰਗੀ ਸਮਾਜਿਕ ਕੁਰੀਤੀ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਣ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਵਿਦਿਆਰਥਣਾਂ ਨੂੰ ਇਹ ਵੀ ਸਮਝਾਇਆ ਗਿਆ ਕਿ ਸਿੱਖਿਆ, ਜਾਗਰੂਕਤਾ ਅਤੇ ਸਹੀ ਸਮੇਂ ’ਤੇ ਉਚਿਤ ਕਦਮ ਚੁੱਕ ਕੇ ਸਮਾਜਿਕ ਬੁਰਾਈਆਂ ਨੂੰ ਦੂਰ ਕੀਤਾ ਜਾ ਸਕਦਾ ਹੈ।

ਪ੍ਰੋਗਰਾਮ ਦੌਰਾਨ ਸਾਈਬਰ ਅਪਰਾਧਾਂ ਦੇ ਵੱਧ ਰਹੇ ਮਾਮਲਿਆਂ ਅਤੇ ਉਨ੍ਹਾਂ ਤੋਂ ਬਚਾਅ ਦੇ ਉਪਾਵਾਂ ’ਤੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਪੁਲਿਸ ਥਾਣਾ ਸਾਈਬਰ ਤੋਂ ਪਹੁੰਚੇ ਕਾਂਸਟੇਬਲ ਸ਼ਿਵਕੁਮਾਰ ਨੇ ਸਾਈਬਰ ਅਪਰਾਧਾਂ ਪ੍ਰਤੀ ਸੁਚੇਤ ਰਹਿਣ ਦਾ ਸੁਨੇਹਾ ਦਿੰਦਿਆਂ ਡਿਜੀਟਲ ਮਾਧਿਅਮਾਂ ਦੀ ਸੁਰੱਖਿਅਤ ਵਰਤੋਂ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਨਾਗਰਿਕਾਂ ਨੂੰ ਅਣਜਾਣ ਕਾਲਾਂ, ਸ਼ੱਕੀ ਲਿੰਕਾਂ, ਜਾਅਲੀ ਸੁਨੇਹਿਆਂ ਅਤੇ ਆਨਲਾਈਨ ਧੋਖਾਧੜੀ ਪ੍ਰਤੀ ਸਾਵਧਾਨ ਰਹਿਣ ਅਤੇ ਆਪਣੀ ਨਿੱਜੀ ਜਾਣਕਾਰੀ, ਪਾਸਵਰਡ ਅਤੇ ਬੈਂਕ ਸਬੰਧੀ ਵੇਰਵੇ ਕਿਸੇ ਅਣਜਾਣ ਵਿਅਕਤੀ ਨਾਲ ਸਾਂਝੇ ਨਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਨਾਲ ਹੀ ਕਿਸੇ ਸ਼ੱਕੀ ਗਤੀਵਿਧੀ ਜਾਂ ਸਾਈਬਰ ਅਪਰਾਧ ਦਾ ਸਾਹਮਣਾ ਹੋਣ ’ਤੇ ਸਮੇਂ ਸਿਰ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕਰਨ ਦੀ ਜ਼ਰੂਰਤ ਦੱਸੀ ਗਈ। ਕੈਂਪ ਵਿੱਚ ਰਾਸ਼ਟਰੀ ਵਿਧਿਕ ਸੇਵਾ ਅਥਾਰਟੀ ਦੀ ਭੂਮਿਕਾ ਅਤੇ ਉਸ ਨਾਲ ਸਬੰਧਤ ਕਾਨੂੰਨੀ ਸਹਾਇਤਾ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਹਾਜ਼ਰ ਲੋਕਾਂ ਨੂੰ ਦੱਸਿਆ ਗਿਆ ਕਿ ਲੋੜਵੰਦ ਅਤੇ ਯੋਗ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਉਪਲਬਧ ਕਰਵਾਉਣ ਅਤੇ ਨਿਆਂ ਤੱਕ ਉਨ੍ਹਾਂ ਦੀ ਪਹੁੰਚ ਯਕੀਨੀ ਬਣਾਉਣ ਵਿੱਚ ਵਿਧਿਕ ਸੇਵਾ ਸੰਸਥਾਵਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਕਾਨੂੰਨੀ ਸਹਾਇਤਾ ਅਤੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਨਾਲ ਨਾਗਰਿਕ ਆਪਣੀਆਂ ਸਮੱਸਿਆਵਾਂ ਦਾ ਉਚਿਤ ਹੱਲ ਪ੍ਰਾਪਤ ਕਰਨ ਲਈ ਸਹੀ ਦਿਸ਼ਾ ਵਿੱਚ ਕਦਮ ਚੁੱਕ ਸਕਦੇ ਹਨ। ਇਸ ਮੌਕੇ ’ਤੇ ਮਹਾਂਵਿਦਿਆਲਿਆ ਦੇ ਪ੍ਰਿੰਸੀਪਲ ਸੁਰੇਸ਼ ਗੁਪਤਾ, ਐਡਵੋਕੇਟ ਅਜੇ ਸਚਦੇਵਾ, ਪੀਐਲਵੀ ਨਿਸ਼ਾ, ਪੁਲਿਸ ਥਾਣਾ ਸਾਈਬਰ ਤੋਂ ਕਾਂਸਟੇਬਲ ਸ਼ਿਵਕੁਮਾਰ ਸਮੇਤ ਕਈ ਪਤਵੰਤੇ ਵਿਅਕਤੀ ਹਾਜ਼ਰ ਰਹੇ।

ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ ਧੂਮ-ਧਾਮ ਨਾਲ ਮਨਾਇਆ

ਐਸ ਏ ਐਸ ਨਗਰ 28 ਅਕਤੂਬਰ (ਪੈ.ਗਾਮ-ਏ-ਜਗਤ) ਗੁਰੂ ਰਾਮਦਾਸ ਜੀ ਵੈਲਫੇਅਰ ਸੋਸਾਇਟੀ (ਰਜ਼ਿ) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਲੋਂ ਰਾਮਗੜ੍ਹੀਆ ਸਭਾ (ਰਜ਼ਿ) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਸਹਿਯੋਗ ਨਾਲ ਸੋਸਾਇਟੀ ਦੇ ਪ੍ਰਧਾਨ ਸ੍. ਕਰਮ ਸਿੰਘ ਬਬਰਾ ਦੀ ਅਗਵਾਈ ਹੇਠ ਰਾਮਗੜ੍ਹੀਆ ਭਵਨ ਮੁਹਾਲੀ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਪੂਰਵਕ ਧੂਮ ਧਾਮ ਨਾਲ ਮਨਾਇਆ ਗਿਆ।

ਪ੍ਰਕਾਸ਼ ਗੁਰਪੁਰਬ ਦੀ ਖੁਸ਼ੀ ਵਿੱਚ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਹਨਾਂ ਵਿੱਚ ਭਾਈ ਪੁਰਸ਼ੋਤਮ ਸਿੰਘ ਹਜ਼ੂਰੀ ਰਾਗੀ ਜੱਥਾ ਰਾਮਗੜ੍ਹੀਆ ਸਭਾ, ਭਾਈ ਬਲਿਹਾਰ ਸਿੰਘ ਹੈਡ ਗ੍ਰੰਥੀ ਰਾਮਗੜ੍ਹੀਆ ਸਭਾ ਨੇ ਆਪਣੇ ਪ੍ਰਵਚਨਾ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਿਰਤਾਂਤ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ, ਭਾਈ ਰਣਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਉਪਰੰਤ ਭਾਈ ਪ੍ਰੇਮ ਸਿੰਘ ਚੰਡੀਗੜ੍ਹ ਵਾਲਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਹਰਜੱਸ ਸਰਵਣ ਕਰਵਾਇਆ।

ਇਸ ਮੌਕੇ ਸੋਸਾਇਟੀ ਵਲੋਂ ਜਨਤਾ ਲੈਂਡ ਪ੍ਰਮੋਟਰ ਦੇ ਡਾਇਰੈਕਟਰ ਡਾ ਸਤਵਿੰਦਰ ਸਿੰਘ ਭੰਮਰਾ ਦੇ ਸਹਿਯੋਗ ਨਾਲ ਬੂਟਿਆਂ ਦਾ ਲੰਗਰ ਵੀ ਲਗਾਇਆ ਜਿਸ



ਵਿੱਚ ਵਾਤਾਵਰਨ ਦੀ ਸ਼ੁੱਧਤਾ ਲਈ ਵੱਖ ਵੱਖ ਕਿਸਮ ਦੇ ਬੂਟੇ ਸੰਗਤਾਂ ਨੂੰ ਵੰਡੇ ਗਏ। ਗੁਰੂ ਰਾਮਦਾਸ ਜੀ ਵੈਲਫੇਅਰ ਸੋਸਾਇਟੀ ਅਤੇ ਰਾਮਗੜ੍ਹੀਆ ਸਭਾ ਮੁਹਾਲੀ ਦੇ ਜਨਰਲ ਸਕੱਤਰ ਸ੍. ਬਿਕਰਮਜੀਤ ਸਿੰਘ ਹੂੰਝਣ ਨੇ ਦੱਸਿਆ ਕਿ ਇਸ ਧਾਰਮਿਕ ਸਮਾਗਮ ਵਿੱਚ ਕਈ ਧਾਰਮਿਕ ਅਤੇ ਉੱਘੇ ਸਿਆਸੀ ਆਗੂਆਂ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਜਿਨਾਂ ਵਿੱਚ ਮੁਹਾਲੀ ਦੇ ਸਾਬਕਾ ਸਿਹਤ ਮੰਤਰੀ ਸ ਬਲਬੀਰ ਸਿੰਘ ਸਿੱਧੂ, ਸਾਬਕਾ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਸਾਬਕਾ ਕੌਂਸਲਰ ਸ ਜਸਵੀਰ ਸਿੰਘ ਮਣਕੂ ਅਤੇ ਸ ਕੰਵਲਜੀਤ ਸਿੰਘ ਰੂਬੀ, ਸ ਸੁਖਵਿੰਦਰ ਗੋਲਡੀ (ਸੀਨੀਅਰ ਬੀ ਜੇ ਪੀ ਆਗੂ), ਗੁਰਦੁਆਰਾ ਤਾਲਮੇਲ ਕਮੇਟੀ ਦੇ ਪ੍ਰਧਾਨ ਸ ਅਮਰਜੀਤ ਸਿੰਘ ਪਾਹਵਾ, ਸ ਪ੍ਰੀਤਮ ਸਿੰਘ, ਸ ਪਰਮਜੀਤ ਸਿੰਘ ਗਿੱਲ, ਸ ਭਜਨ ਸਿੰਘ, ਸ ਸੁਰਜੀਤ ਸਿੰਘ ਮਠਾੜੂ ਤੋਂ ਇਲਾਵਾ ਰਾਮਗੜ੍ਹੀਆ ਸਭਾ ਦੇ ਪ੍ਰਧਾਨ ਸ ਗੁਰਚਰਨ ਸਿੰਘ ਨੰਨੜਾ, ਰਾਮਗੜੀਆ ਸਭਾ ਦੇ ਸਾਬਕਾ ਪ੍ਰਧਾਨ ਸ ਦਰਸ਼ਨ ਸਿੰਘ ਕਲਸੀ, ਸ ਜਸਵੰਤ ਸਿੰਘ ਭੁੱਲਰ, ਸ ਨਰਿੰਦਰ ਸਿੰਘ ਸੰਧੂ (ਸਾਹਿਬਜਾਦਾ ਟਿੰਬਰਜ਼ ਮੁਹਾਲੀ), ਸਹਿਯੋਗੀ ਸੰਸਥਾਵਾਂ ਦੇ ਪ੍ਰਬੰਧਕ ਸ ਪ੍ਰਦੀਪ ਸਿੰਘ ਭਾਰਜ ਪ੍ਰਧਾਨ ਦੀ ਭਾਈ ਲਾਲੋ ਕੋ ਆਪਰੇਟਿਵ ਸੁਸਾਇਟੀ ਲਿਮ: ਮੁਹਾਲੀ, ਸ ਮਨਜੀਤ ਸਿੰਘ ਮਾਨ ਪ੍ਰਧਾਨ ਦਸ਼ਮੇਸ਼ ਵੈਲਫੇਅਰ ਕੌਂਸਲ (ਰਜ਼ਿ) ਮੁਹਾਲੀ, ਸ ਦੀਦਾਰ ਸਿੰਘ ਕਲਸੀ, ਪ੍ਰਧਾਨ ਪ੍ਰਾਈਵੇਟ ਕੰਸ਼ਟਰਕਸ਼ਨ ਲੇਬਰ ਕੰਟਰਟੈਰਜ਼ ਅਸੋਸ਼ੀਏਸ਼ਨ (ਰਜ਼ਿ) ਮੁਹਾਲੀ ਅਤੇ ਸ ਬਲਵਿੰਦਰ ਸਿੰਘ ਕਲਸੀ ਜਨਰਲ ਸਕੱਤਰ, ਇਸਤਰੀ ਸਤਿਸੰਗ ਜੱਥੇ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਹੂੰਝਣ ਅਤੇ ਜੱਕੇ ਦੇ ਮੈਂਬਰ, ਸ ਬਲਵਿੰਦਰ ਸਿੰਘ ਹੂੰਜਣ, ਸ ਤਰਸੇਮ ਸਿੰਘ ਖੋਖਰ, ਸ ਮੋਨਿੰਦਰ ਸਿੰਘ ਸੋਹਲ, ਸ ਕੁਲਵਿੰਦਰ ਸਿੰਘ ਸੋਖੀ, ਸ ਸੁਰਿੰਦਰ ਸਿੰਘ ਜੰਡੂ, ਸ ਨਰਾਇਣ ਸਿੰਘ ਭੁੱਲਰ, ਸ ਸੁਰਜੀਤ ਸਿੰਘ ਮਠਾੜੂ, ਸ ਸਤਨਾਮ ਸਿੰਘ, ਸ ਲਖਬੀਰ ਸਿੰਘ ਸੰਧੂ, ਸ ਹਰਚਰਨ ਸਿੰਘ ਗਿੱਲ, ਸ ਦਵਿੰਦਰ ਸਿੰਘ ਨੰਨੜਾ, ਸ ਜਸਵੀਰ ਸਿੰਘ ਭੰਮਰਾ, ਸ ਰਣਜੀਤ ਸਿੰਘ ਹੰਸਪਾਲ, ਸ ਗੁਰਮੀਤ ਸਿੰਘ ਸਿਆਣ, ਸ ਗੁਲਜਾਰ ਸਿੰਘ ਵਿਰਦੀ, ਸ ਭੁਪਿੰਦਰ ਸਿੰਘ ਮੁੱਧੜ, ਸ ਅਵ.ਤਾਰ ਸਿੰਘ ਸਭੱਰਵਾਲ, ਸ ਹਰਬੰਸ ਸਿੰਘ, ਸ ਲਖਬੀਰ ਸਿੰਘ ਹੂੰਝਣ, ਸ ਹਰਮਿੰਦਰ ਸਿੰਘ ਜੰਡੂ, ਮਾਸ਼ਟਰ ਗੁਰਸ਼ਰਨ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜਰ ਸਨ।

ਬੱਚਿਆਂ ਦਾ ਕੋਨਾ


ਰੰਗ ਭਰੋ




ਸੁਡੋਕੂ

2				8	1			4
		4	3			8		
8	1					9	6	7
9	2		6			4		1
4	3	1	9		2	7		6
		5			8			
		9		1		6	2	5
		7						
	6	2	5	9	4	3	7	

ਮੰਜ਼ਿਲ ਤੱਕ ਪਹੁੰਚਾਓ



ਅੰਤਰ ਲੱਭੋ



ਗੁਰੂ ਵੰਦਨ ਛਾਤਰ ਅਭਿਨੰਦਨ ਪ੍ਰੋਗਰਾਮ ਦਾ ਆਯੋਜਨ ਕੀਤਾ

ਐਸ.ਏ.ਐਸ. ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ) ਭਾਰਤ ਵਿਕਾਸ ਪ੍ਰੀਸ਼ਦ ਦੀਆਂ ਮੁਹਾਲੀ ਸ਼ਾਖਾਵਾਂ ਵਲੋਂ ਆਪਸੀ ਸਹਿਯੋਗ ਨਾਲ ਸ਼ਹੀਦ ਊਧਮ ਸਿੰਘ ਭਵਨ, ਫੇਜ਼ 3ਏ, ਮੁਹਾਲੀ ਵਿਖੇ ਗੁਰੂ ਵੰਦਨ ਛਾਤਰ ਅਭਿਨੰਦਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਰੋਜ਼ੀ ਵੈਦ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਜਦੋਂਕਿ ਸ਼ਹੀਦ ਊਧਮ ਸਿੰਘ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਮੁਹਾਲੀ ਦੇ ਜਨਰਲ ਸਕੱਤਰ ਸ੍ਰੀ ਡੀ. ਆਰ. ਕੰਬੋਜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਪ੍ਰੋਗਰਾਮ ਦੀ ਸ਼ੁਰੂਆਤ ਵੰਦੇ ਮਾਤਰਮ ਗੀਤ ਗਾ ਕੇ ਕੀਤੀ ਗਈ। ਮੁਹਾਲੀ ਬ੍ਰਾਂਚ ਦੇ ਪ੍ਰਧਾਨ ਸ੍ਰੀ ਅਸ਼ੋਕ ਪਵਾਰ ਵਲੋਂ ਆਏ ਮਹਿਮਾਨਾਂ ਦਾ ਸੁਆਗਤ ਕਰਨ ਉਪਰੰਤ ਸ੍ਰੀਮਤੀ ਵੀਰਾਂ ਵਾਲੀ, ਸੇਵਾ ਪ੍ਰਮੁੱਖ, ਮੁਹਾਲੀ ਸ਼ਾਖਾ ਵੱਲੋਂ ਗੁਰੂ ਅਤੇ ਸ਼ਿਸ਼ ਦੇ ਵਿਸ਼ੇ ਤੇ ਕਵਿਤਾ ਪੇਸ਼ ਕੀਤੀ ਗਈ। ਇਸ ਉਪਰੰਤ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਇਸ ਵਿਸ਼ੇ ਤੇ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਮੌਕੇ ਡਾ. ਰੋਜ਼ੀ ਵੈਦ ਨੇ



ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਆਪਸੀ ਸਤਿਕਾਰ, ਪਿਆਰ, ਵਿਸ਼ਵਾਸ ਅਤੇ ਆਤਮਿਕ ਸਾਂਝ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਗੁਰੂ ਅਤੇ ਸ਼ਿਸ਼ ਦਾ ਰਿਸ਼ਤਾ ਕੇਵਲ ਸਿੱਖਿਆ ਦੇਣ ਅਤੇ ਪ੍ਰਾਪਤ ਕਰਨ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਇਹ ਸੰਸਕਾਰਾਂ, ਨੈਤਿਕ ਕਦਰਾਂ-ਕੀਮਤਾਂ, ਅਨੁਸ਼ਾਸਨ ਅਤੇ ਜੀਵਨ ਪ੍ਰਤੀ ਸਹੀ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਾਲਾ ਇੱਕ ਪਵਿੱਤਰ ਰਿਸ਼ਤਾ ਹੈ। ਇੱਕ ਆਦਰਸ਼ ਅਧਿਆਪਕ ਵਿਦਿਆਰਥੀਆਂ ਨੂੰ ਕੇਵਲ ਕਿਤਾਬੀ ਗਿਆਨ ਹੀ ਨਹੀਂ ਦਿੰਦਾ, ਸਗੋਂ ਉਨ੍ਹਾਂ ਨੂੰ ਸਹੀ ਅਤੇ ਗ਼ਲਤ ਵਿਚਕਾਰ ਫ਼ਰਕ ਸਮਝਣ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਬਣਨ ਲਈ ਵੀ ਪ੍ਰੇਰਿਤ ਕਰਦਾ ਹੈ।


ਇਸਤੋਂ ਪਹਿਲਾਂ ਚੰਡੀਗੜ੍ਹ ਦੇ ਪ੍ਰਾਂਤਿਕ ਸਰਪ੍ਰਸਤ ਸ੍ਰ ਗੁਰਦੀਪ ਸਿੰਘ ਨੇ ਡਾ. ਰੋਜ਼ੀ ਵੈਦ ਦੀ ਵਿਸਥਾਰਪੂਰਵਕ ਜਾਣ-ਪਛਾਣ ਕਰਵਾਈ ਅਤੇ ਭਾਰਤ ਵਿਕਾਸ ਪ੍ਰੀਸ਼ਦ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਗੁਰੂ ਵੰਦਨ ਛਾਤਰ ਅਭਿਨੰਦਨ ਪ੍ਰੋਗਰਾਮ ਤਹਿਤ 20 ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ, 'ਭਾਰਤ ਕੋ ਜਾਣੋ' ਪੁਸਤਕ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਸ੍ਰੀ ਬਲਦੇਵ ਰਾਮ, ਸਕੱਤਰ, ਮੁਹਾਲੀ ਸ਼ਾਖਾ, ਸ੍ਰੀ ਚਿਮਨ ਲਾਲ, ਸਕੱਤਰ, ਮਹਾਰਾਣਾ ਪ੍ਰਤਾਪ ਸ਼ਾਖਾ ਵੱਲੋਂ ਕੀਤਾ ਗਿਆ। ਇਸ ਮੌਕੇ ਸ੍ਰੀ ਜੀ. ਡੀ. ਧੀਮਾਨ, ਸ੍ਰੀ ਮਧੁਕਰ ਕੌੜਾ, ਸ੍ਰੀ ਦਿਨੇਸ਼ ਕੁਮਾਰ, ਸ੍ਰੀ ਸੁਧੀਰ ਗੁਲਾਟੀ, ਸ੍ਰੀ ਕਮਲ ਗਰੋਵਰ ਅਤੇ ਤਿੰਨਾਂ ਸ਼ਾਖਾਵਾਂ ਦੇ ਹੋਰ ਮੈਂਬਰ ਹਾਜਿਰ ਸਨ।

ਫੇਜ਼ 7 ਦੀ ਮਾਰਕੀਟ ਵਿੱਚ ਰੇਹੜੀ ਫੜੀ ਵਾਲਿਆਂ ਅਤੇ ਦੁਕਾਨਦਾਰਾਂ ਵਿਚਾਲੇ ਚਲ ਰਿਹਾ ਵਿਵਾਦ ਖਤਮ

- ਨਗਰ ਨਿਗਮ ਦੀ ਰਸੀਦ ਕਟਾਉਣ ਵਾਲੇ ਫੜੀ ਵਾਲਿਆਂ ਨੂੰ ਮਿੱਥੇ ਸਮੇਂ ਤਕ ਮਾਰਕੀਟ ਵਿੱਚ ਇੱਕ ਪਾਸੇ ਦਿੱਤੀ ਜਾਵੇਗੀ ਥਾਂ, ਪਾਰਕਿੰਗ ਨੂੰ ਖਾਲੀ ਕਰਵਾਇਆ

ਐਸ.ਏ.ਐਸ. ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ) ਬੀਤੇ ਕੁੱਝ ਦਿਨਾਂ ਤੋਂ ਫੇਜ਼ 7 ਦੀ ਮਾਰਕੀਟ ਦੇ ਸ਼ੋਰੂਮ ਵਾਲਿਆਂ ਅਤੇ ਮਾਰਕੀਟ ਵਿੱਚ ਰੇਹੜੀ ਫੜੀਆਂ ਲਗਾ ਰਹੇ ਛੋਟੇ ਦੁਕਾਨਦਾਰਾਂ ਵਿਚਾਲੇ ਚੱਲ ਰਿਹਾ ਰੇੜਕਾ ਖਤਮ ਹੋ ਗਿਆ ਹੈ। ਇਸ ਸੰਬੰਧੀ ਵਪਾਰ ਮੰਡਲ ਦੇ ਪ੍ਰਧਾਨ ਵਿਨੀਤ ਵਰਮਾ ਦੀ ਅਗਵਾਈ ਹੇਠ ਫੇਜ਼ 7 ਮਾਰਕੀਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨਾਲ ਰੇਹੜੀ-ਫੜ੍ਹੀ ਵਾਲਿਆਂ ਦੀ ਐਸੋਸੀਏਸ਼ਨ ਨਾਲ ਹੋਈ ਮੀਟਿੰਗ ਦੌਰਾਨ ਇਹ ਮਸਲਾ ਹੱਲ ਕਰ ਲਿਆ ਗਿਆ। ਇਸ ਮੀਟਿੰਗ ਦੌਰਾਨ ਜਿਲ੍ਹਾ ਟਰੇਡਰਜ਼ ਕਮਿਸ਼ਨ ਦੇ ਵਾਈਸ ਚੇਅਰਮੈਨ ਤਰਲੋਚਨ ਸਿੰਘ ਬੈਦਵਾਨ ਵਿਸ਼ੇਸ਼ ਤੌਰ ਤੇ ਹਾਜਰ ਰਹੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਤਰਲੋਚਨ ਸਿੰਘ ਬੈਦਵਾਨ ਨੇ ਦੱਸਿਆ ਕਿ ਮੀਟਿੰਗ ਦੌਰਾਨ ਦੋਵਾਂ ਧਿਰਾਂ ਵਿਚਕਾਰ ਆਪਸੀ ਸਹਿਮਤੀ ਬਣੀ ਕਿ ਜਿਨ੍ਹਾਂ ਰੇਹੜੀ-ਫੜ੍ਹੀ ਵਾਲਿਆਂ ਨੂੰ ਨਗਰ ਨਿਗਮ ਵੱਲੋਂ ਰਸੀਦਾਂ ਜਾਰੀ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਮਾਰਕੀਟ ਖੇਤਰ ਦੇ ਇੱਕ ਪਾਸੇ ਥਾਂ ਦਿੱਤੀ ਜਾਵੇਗੀ ਅਤੇ ਇਹ ਵਿਕਰੇਤਾ ਆਪਣੀਆਂ ਨਿਰਧਾਰਤ



ਥਾਵਾਂ ਤੇ ਉਦੋਂ ਤੱਕ ਕੰਮ ਕਰ ਸਕਣਗੇ, ਜਿੰਨਾ ਸਮਾਂ ਉਨ੍ਹਾਂ ਦੀਆਂ ਨਗਰ ਨਿਗਮ ਦੀਆਂ ਰਸੀਦਾਂ ਤੇ ਦਰਜ ਹੈ। ਇਸ ਮੌਕੇ ਇਹ ਵੀ ਫੈਸਲਾ ਹੋਇਆ ਕਿ ਇਸ ਤੋਂ ਬਾਅਦ ਨਗਰ ਨਿਗਮ ਵੱਲੋਂ ਕੋਈ ਹੋਰ ਰਸੀਦ ਜਾਰੀ ਨਹੀਂ ਕੀਤੀ ਜਾਵੇਗੀ। ਇਸ ਦੌਰਾਨ ਕੀਤੇ ਫੈਸਲੇ ਤਹਿਤ ਮਾਰਕੀਟ ਦੀ ਪਾਰਕਿੰਗ ਵਾਲੀ ਥਾਂ ਨੂੰ ਖਾਲੀ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਮਾਰਕੀਟ ਵਿੱਚ ਆਉਣ ਵਾਲੇ ਸ਼ਹਿਰ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਜਾਂ ਹੋਰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਦੋਵਾਂ ਧਿਰਾਂ ਨੇ ਮੁਹਾਲੀ ਵਪਾਰ ਮੰਡਲ ਦੇ ਪ੍ਰਧਾਨ ਵਿਨੀਤ ਵਰਮਾ ਵੱਲੋਂ ਕੀਤੀ ਗਈ ਇਸ ਪਹਿਲਕਦਮੀ ਦਾ ਸਵਾਗਤ ਕੀਤਾ। ਇਸ ਮੌਕੇ ਟਰੇਡਰਜ਼ ਕਮਿਸ਼ਨ ਵਿਧਾਨਸਭਾ ਹਲਕਾ ਮੁਹਾਲੀ ਦੇ ਚੇਅਰਮੈਨ ਅਕਬਿੰਦਰ ਸਿੰਘ ਗੋਸਲ ਨੇ ਕਿਹਾ ਕਿ ਵਪਾਰੀਆਂ ਅਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਮਿਲ-ਜੁਲ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਸਿਆਸੀ ਏਜੰਡਿਆਂ ਨੂੰ ਆਪਣੇ ਭਾਈਚਾਰੇ ਵਿੱਚ ਵੰਡੀਆਂ ਪਾਉਣ ਦਾ ਮੌਕਾ ਨਹੀਂ ਦੇਣਾ ਚਾਹੀਦਾ। ਮੀਟਿੰਗ ਦੌਰਾਨ ਫੇਜ਼ 7 ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਸਰਬਜੀਤ ਪਾਰਸ, ਗੁਰਮੁਖ ਵਾਲੀਆ, ਰਾਕੇਸ਼, ਵਪਾਰ ਮੰਡਲ ਦੇ ਬੂਥ ਇੰਚਾਰਜ ਸਰਬਜੀਤ ਸਿੰਘ ਪ੍ਰਿੰਸ (ਬੂਥ ਇੰਚਾਰਜ), ਦੀਪਕ ਬਾਂਸਲ, ਗਿਆਨ ਚੰਦ ਅਗਰਵਾਲ (ਸਾਬਕਾ ਐਮ.ਸੀ.), ਜੀ.ਬੀ. ਸਿੰਘ ਅਤੇ ਹੋਰ ਵਪਾਰੀ ਮੌਜੂਦ ਸਨ।

ਦੀਵਾਲੀ ਤੋਂ ਪਹਿਲਾਂ ਛੋਟੇ ਵਪਾਰੀਆਂ ਨੂੰ ਤੰਗ ਕਰਨਾ ਮੰਦਭਾਗਾ: ਸੰਜੀਵ ਵਸ਼ਿਸ਼ਟ

ਐਸ ਏ ਐਸ ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ) ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ ਨੇ ਫੇਜ਼-7 ਮੁਹਾਲੀ ਵਿੱਚ ਰੇਹੜੀ-ਫੜ੍ਹੀ ਵਾਲਿਆਂ ਵਿਰੁੱਧ ਨਗਰ ਨਿਗਮ ਦੀ ਟੀਮ ਵੱਲੋਂ ਕੀਤੀ ਗਈ ਕਥਿਤ ਕਾਰਵਾਈ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਦੀਵਾਲੀ ਵਰਗੇ ਮਹੱਤਵਪੂਰਨ ਤਿਉਹਾਰ ਤੋਂ ਪਹਿਲਾਂ ਛੋਟੇ ਵਪਾਰੀਆਂ ਨੂੰ ਪਰੇਸ਼ਾਨ ਕਰਨਾ ਮੰਦਭਾਗਾ ਹੈ। ਸੰਜੀਵ ਵਸ਼ਿਸ਼ਟ ਨੇ ਕਿਹਾ ਕਿ ਰੇਹੜੀ-ਫੜ੍ਹੀ ਲਗਾ ਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਨ ਵਾਲੇ ਛੋਟੇ ਵਪਾਰੀ ਵੀ ਸਾਡੇ ਸਮਾਜ ਦਾ ਅਹਿਮ ਹਿੱਸਾ ਹਨ। ਤਿਉਹਾਰੀ ਸੀਜ਼ਨ ਦੌਰਾਨ ਉਹ ਆਪਣੀ ਪੂੰਜੀ ਲਗਾ ਕੇ ਸਾਮਾਨ ਖਰੀਦਦੇ ਹਨ, ਤਾਂ ਜੋ ਕੁਝ ਕਮਾਈ ਕਰਕੇ ਆਪਣੇ ਪਰਿਵਾਰਾਂ ਦੀਆਂ ਲੋੜਾਂ ਪੂਰੀਆਂ ਕਰ ਸਕਣ। ਅਜਿਹੇ ਸਮੇਂ ਉਨ੍ਹਾਂ ਨੂੰ ਬਿਨਾਂ ਵਜ੍ਹਾ ਪਰੇਸ਼ਾਨ ਕਰਨਾ ਉਨ੍ਹਾਂ ਦੀ ਰੋਜ਼ੀ-ਰੋਟੀ ਤੇ ਸਿੱਧਾ ਅਸਰ ਪਾਉਂਦਾ ਹੈ। ਉਨ੍ਹਾਂ ਸਵਾਲ ਉਠਾਇਆ ਕਿ ਜੇਕਰ ਰੇਹੜੀ-ਫੜ੍ਹੀ ਵਾਲਿਆਂ ਨੇ ਨਿਰਧਾਰਤ ਫੀਸਾਂ ਜਮ੍ਹਾਂ ਕਰਵਾਈਆਂ ਹੋਈਆਂ ਹਨ ਅਤੇ ਉਨ੍ਹਾਂ ਕੋਲ ਇਸ ਸਬੰਧੀ ਵੈਧ ਰਸੀਦਾਂ ਵੀ ਮੌਜੂਦ ਹਨ, ਤਾਂ ਫਿਰ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦਾ ਆਧਾਰ ਕੀ ਹੈ? ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਮ ਦੀ ਕੋਈ ਉਲੰਘਣਾ ਹੈ, ਤਾਂ ਉਸ ਬਾਰੇ ਸਪਸ਼ਟ ਜਾਣਕਾਰੀ ਦੇ ਕੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪਰ ਜਿਨ੍ਹਾਂ ਵਪਾਰੀਆਂ ਨੇ ਲੋੜੀਂਦੀਆਂ ਫੀਸਾਂ ਭਰੀਆਂ ਹੋਣ, ਉਨ੍ਹਾਂ ਨਾਲ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ।

ਈ. ਡੀ. ਵੱਲੋਂ ਗਮਾਡਾ ਅਤੇ ਵੱਖ-ਵੱਖ ਬਿਲਡਰਾਂ ਵਿਰੁੱਧ ਕਾਰਵਾਈ ਦਾ ਸੁਆਗਤ ਕੀਤਾ

ਐਸ ਏ ਐਸ ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ) ਮੁਹਾਲੀ ਦੇ ਪ੍ਰਾਈਵੇਟ ਮੈਗਾ ਹਾਊਸਿੰਗ ਪ੍ਰਜੈਕਟਾਂ ਦੀਆਂ ਰੈਜੀਡੈਂਸ ਵੈਲਫੇਅਰ ਅਸ਼ੋਸੀਏਸ਼ਨਾਂ ਅਤੇ ਸੋਸਾਇਟੀਆਂ ਦੀ ਬਣੀ ਸਾਂਝੀ ਜਥੇਬੰਦੀ ਕੋਰਵਾਸ ਦੇ ਆਗੂ ਰਾਜਵਿੰਦਰ ਸਿੰਘ ਨੇ ਪਿਛਲੇ ਕੁੱਝ ਸਮੇਂ ਤੋਂ ਈ ਡੀ ਵਲੋਂ ਵੱਖ-ਵੱਖ ਬਿਲਡਰਾਂ ਅਤੇ ਗਮਾਡਾ/ਪੁੱਡਾ ਦੇ ਵਿਰੁੱਧ ਕਾਰਵਾਈ ਕਰਦਿਆਂ ਕੀਤੀ ਜਾ ਰਹੀ ਜਾਂਚ ਦਾ ਸੁਆਗਤ ਕਰਦਿਆਂ ਕਿਹਾ ਹੈ ਕਿ ਈ. ਡੀ. ਦੀ ਕਾਰਵਾਈ ਨਾਲ ਮੁਹਾਲੀ ਦੇ ਪ੍ਰਾਈਵੇਟ ਮੈਗਾ ਪ੍ਰੋਜੈਕਟਾਂ ਵਿੱਚ ਰਹਿੰਦੇ ਲੋਕਾਂ ਵਿੱਚ ਵੀ ਖੁਸ਼ੀ ਦੀ ਲਹਿਰ ਹੈ, ਕਿਉਂਕਿ ਇਨ੍ਹਾਂ ਮੈਗਾ ਪ੍ਰਾਜੈਕਟਾਂ ਦੇ ਸੈਕਟਰਾਂ ਵਿੱਚ ਰਹਿੰਦੇ ਲੋਕ ਬਿਲਡਰਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ ਅਤੇ ਗਮਾਡਾ/ਪੁੱਡਾ ਵਲੋਂ ਉਹਨਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ।

ਉਹਨਾਂ ਕਿਹਾ ਕਿ ਗਮਾਡਾ/ਪੁੱਡਾ ਦੇ ਦਫਤਰ ਭ੍ਰਿਸ਼ਟਾਚਾਰ ਦਾ ਗੜ੍ਹ ਬਣ ਚੁੱਕੇ ਹਨ ਅਤੇ ਇਸ ਗੱਲ ਦੀ ਪੁਸ਼ਟੀ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਵੱਲੋਂ ਵੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਜਦੋਂ ਵੀ ਇਨ੍ਹਾਂ ਵਿਰੁੱਧ ਕੋਈ ਸ਼ਿਕਾਇਤ ਉੱਚ ਅਧਿਕਾਰੀਆਂ ਕੋਲ ਕੀਤੀ ਜਾਂਦੀ ਹੈ ਤਾਂ ਉਹ ਸ਼ਿਕਾਇਤ ਵਾਪਸ ਉਨ੍ਹਾਂ ਅਧਿਕਾਰੀਆਂ ਕੋਲ ਹੀ ਆ ਜਾਂਦੀ ਹੈ ਜਿਨ੍ਹਾਂ ਵਿਰੁੱਧ ਸ਼ਿਕਾਇਤ ਕੀਤੀ ਹੁੰਦੀ ਹੈ। ਉਹਨਾਂ ਕਿਹਾ ਕਿ ਗਮਾਡਾ/ਪੁੱਡਾ ਵਿਰੁੱਧ ਸ਼ਿਕਾਇਤਾਂ ਦੇ ਨਿਪਟਾਰੇ ਲਈ ਕਿਸੇ ਏਜੰਸੀ ਦਾ ਹੋਣਾ ਸਮੇਂ ਦੀ ਮੁੱਖ ਲੋੜ ਹੈ ਅਤੇ ਈ.ਡੀ ਵੱਲੋਂ ਕੀਤੀ ਕਾਰਵਾਈ ਨਾਲ ਲੋਕਾਂ ਨੂੰ ਇਨਸਾਫ ਮਿਲਣ ਦੀ ਪੂਰੀ ਉਮੀਦ ਹੈ।

ਉਹਨਾਂ ਕਿਹਾ ਕਿ ਪਿਛਲੇ ਦਿਨੀ ਮੀਡੀਆ ਰਾਂਹੀ ਪਤਾ ਲੱਗਾ ਹੈ ਕਿ ਪੁੱਡਾ ਵੱਖ-ਵੱਖ ਬਿਲਡਰਾਂ ਨਾਲ ਮਿਲੀਭੁਗਤ ਕਰਕੇ ਮਾਸਟਰ ਪਲਾਨ ਵਿੱਚ ਬਦਲਾਅ ਕਰਨ ਜਾ ਰਿਹਾ ਹੈ, ਜਿਸ ਵਿੱਚ ਸੜਕਾਂ ਨੂੰ ਤੰਗ ਕਰਨ ਦੀ ਤਜ਼ਵੀਜ ਚਲ ਰਹੀ ਹੈ ਜੋ ਕਿ ਸਰਾਸਰ ਗਲਤ ਹੈ, ਬਲਕਿ ਸਮੇਂ ਦੇ ਬੀਤਣ ਨਾਲ ਸੜਕਾਂ ਚੌੜੀਆਂ ਕਰਨ ਦੀ ਜਰੂਰਤ ਹੈ ਕਿਉਕਿ ਆਬਾਦੀ ਬੜੀ ਤੇਜੀ ਨਾਲ ਵੱਧ ਰਹੀ ਹੈ।

ਸੰਸਥਾ ਦੇ ਆਗੂਆਂ ਨੇ ਬਿਲਡਰਾਂ ਅਤੇ ਗਮਾਡਾ/ਪੁੱਡਾ ਦੀਆਂ ਮਨ-ਮਾਨੀਆਂ ਨੂੰ ਠੱਲ ਪੈਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਈ.ਡੀ ਦੀ ਇਸ ਕਾਰਵਾਈ ਨੂੰ ਜਾਇਜ਼ ਕਰਾਰ ਦਿੱਤਾ ਹੈ ਅਤੇ ਆਸ ਜਾਹਿਰ ਕੀਤੀ ਹੈ ਕਿ ਈ.ਡੀ ਦੇ ਅਧਿਕਾਰੀ ਲੋਕਾਂ ਨੂੰ ਜਰੂਰ ਇਨਸਾਫ ਦੇਣਗੇ ਅਤੇ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਨੂੰ ਅਮਲ ਵਿੱਚ ਲਿਆਉਣਗੇ।

ਜਾਦੂਈ ਗੁੱਲਕ ਦਾ ਰਾਜ਼



ਪੈ.ਗਾਮ-ਏ-ਜਗਤ

ਇੱਕ ਪਿੰਡ ਵਿੱਚ ਭੋਲੂ ਨਾਂ ਦਾ ਬੱਚਾ ਆਪਣੇ ਮਾਪਿਆਂ ਨਾਲ ਰਹਿੰਦਾ ਸੀ। ਉਸ ਨੂੰ ਖਿਡੌਣਿਆਂ ਅਤੇ ਨਵੀਆਂ ਚੀਜ਼ਾਂ ਖਰੀਦਣ ਦਾ ਬਹੁਤ ਸ਼ੌਕ ਸੀ। ਜਦੋਂ ਵੀ ਉਸ ਨੂੰ ਜੇਬੀ ਖ਼ਰਚ ਮਿਲਦਾ, ਉਹ ਬਿਨਾਂ ਸੋਚੇ-ਸਮਝੇ ਖਰਚ ਕਰ ਦਿੰਦਾ ਸੀ।

ਇੱਕ ਦਿਨ ਸਕੂਲ ਵਿੱਚ ਉਸ ਦੇ ਦੋਸਤ ਲੱਕੀ ਨੇ ਨਵੀਂ ਰਿਮੋਟ ਕੰਟਰੋਲ ਕਾਰ ਦਿਖਾਈ। ਕਾਰ ਦੇਖ ਕੇ ਭੋਲੂ ਦਾ ਵੀ ਮਨ ਅਜਿਹੀ ਕਾਰ ਲੈਣ ਲਈ ਮਚਲਣ ਲੱਗਾ। ਉਸ ਨੇ ਘਰ ਆ ਕੇ ਮਾਂ ਨੂੰ ਕਿਹਾ, ਮੰਮੀ, ਮੈਨੂੰ ਵੀ ਅਜਿਹੀ ਕਾਰ ਚਾਹੀਦੀ ਹੈ।

ਮਾਂ ਨੇ ਪਿਆਰ ਨਾਲ ਕਿਹਾ, ਪੁੱਤਰ, ਜੇ ਤੂੰ ਹਰ ਰੋਜ਼ ਥੋੜ੍ਹੇ-ਥੋੜ੍ਹੇ ਪੈਸੇ ਬਚਾਵੇਂ ਤਾਂ ਕੁਝ ਸਮੇਂ ਬਾਅਦ ਆਪਣੀ ਮਨਪਸੰਦ ਕਾਰ ਖਰੀਦ ਸਕਦਾ ਹੈਂ।

ਮਾਂ ਨੇ ਉਸ ਨੂੰ ਇੱਕ ਸੁੰਦਰ ਜਿਹੀ ਗੁੱਲਕ ਦਿੱਤੀ। ਉਸ ਦੇ ਉੱਪਰ ਇੱਕ ਛੋਟਾ ਜਿਹਾ ਤਾਲਾ ਬਣਿਆ ਹੋਇਆ ਸੀ। ਭੋਲੂ ਨੇ ਹੈਰਾਨੀ ਨਾਲ ਪੁੱਛਿਆ, ਮੰਮੀ, ਕੀ ਇਸ ਗੁੱਲਕ ਵਿੱਚ ਕੋਈ ਜਾਦੂ ਹੈ?

ਮਾਂ ਹੱਸ ਕੇ ਬੋਲੀ, ਹਾਂ ਪੁੱਤਰ, ਪਰ ਇਸ ਦਾ ਜਾਦੂ ਤੈਨੂੰ ਖੁਦ ਸਮਝਣਾ ਪਵੇਗਾ।

ਅਗਲੇ ਦਿਨ ਤੋਂ ਭੋਲੂ ਨੇ ਆਪਣੇ ਜੇਬ ਖ਼ਰਚ ਵਿੱਚੋਂ ਹਰ ਰੋਜ਼ ਕੁਝ ਪੈਸੇ ਗੁੱਲਕ ਵਿੱਚ ਪਾਉਣੇ ਸ਼ੁਰੂ ਕਰ ਦਿੱਤੇ। ਕਈ ਵਾਰ ਉਸ ਦਾ ਮਨ ਟੌਫ਼ੀ ਜਾਂ ਚਿਪਸ ਖਰੀਦਣ ਨੂੰ ਕਰਦਾ, ਪਰ ਉਹ ਆਪਣੇ ਆਪ ਨੂੰ ਸਮਝਾਉਂਦਾ ਕਿ ਉਸ ਦਾ ਟੀਚਾ ਰਿਮੋਟ ਕੰਟਰੋਲ ਕਾਰ ਖਰੀਦਣਾ ਹੈ।

ਕੁਝ ਦਿਨਾਂ ਬਾਅਦ ਉਸ ਨੇ ਗੁੱਲਕ ਚੁੱਕ ਕੇ ਹਿਲਾਈ ਅਤੇ ਮਾਂ ਨੂੰ ਕਿਹਾ, ਮੰਮੀ, ਅਜੇ ਤਾਂ ਇਸ ਵਿੱਚ ਬਹੁਤ ਘੱਟ ਪੈਸੇ ਹਨ। ਮੇਰੀ ਕਾਰ ਕਦੋਂ ਆਵੇਗੀ?

ਮਾਂ ਨੇ ਕਿਹਾ, ਪੁੱਤਰ, ਚੰਗੀਆਂ ਚੀਜ਼ਾਂ ਲਈ ਇੰਤਜ਼ਾਰ ਕਰਨਾ ਪੈਂਦਾ ਹੈ। ਸਬਰ ਅਤੇ ਲਗਾਤਾਰ ਬੱਚਤ ਨਾਲ ਹੀ ਵੱਡਾ ਟੀਚਾ ਪੂਰਾ ਹੁੰਦਾ ਹੈ।

ਭੋਲੂ ਨੇ ਹਿੰਮਤ ਨਹੀਂ ਹਾਰੀ। ਕਈ ਹਫ਼ਤਿਆਂ ਬਾਅਦ ਉਸ ਨੇ ਗੁੱਲਕ ਖੋਲ੍ਹੀ ਤਾਂ ਉਸ ਵਿੱਚ ਕਾਫ਼ੀ ਪੈਸੇ ਇਕੱਠੇ ਹੋ ਚੁੱਕੇ ਸਨ। ਉਹ ਮਾਂ ਨਾਲ ਦੁਕਾਨ ਗਿਆ ਅਤੇ ਆਪਣੀ ਮਨਪਸੰਦ ਰਿਮੋਟ ਕੰਟਰੋਲ ਕਾਰ ਖਰੀਦ ਲਈ। ਕਾਰ ਹੱਥ ਵਿੱਚ ਫੜ ਕੇ ਉਹ ਖੁਸ਼ੀ ਨਾਲ ਬੋਲਿਆ, ਮੰਮੀ, ਹੁਣ ਮੈਨੂੰ ਗੁੱਲਕ ਦਾ ਜਾਦੂ ਸਮਝ ਆ ਗਿਆ। ਇਹ ਪੈਸੇ ਆਪਣੇ ਆਪ ਨਹੀਂ ਵਧਾਉਂਦੀ, ਸਗੋਂ ਸਾਨੂੰ ਬਚਤ ਕਰਨੀ ਸਿਖਾਉਂਦੀ ਹੈ!

ਮਾਂ ਨੇ ਮੁਸਕਰਾ ਕੇ ਉਸ ਨੂੰ ਗਲੇ ਲਾ ਲਿਆ।

ਸਿੱਖਿਆ: ਥੋੜ੍ਹੀ-ਥੋੜ੍ਹੀ ਬੱਚਤ ਅਤੇ ਸਬਰ ਨਾਲ ਵੱਡੇ ਸੁਪਨੇ ਵੀ ਪੂਰੇ ਕੀਤੇ ਜਾ ਸਕਦੇ ਹਨ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੁਹਾਲੀ ਤੋਂ 2 ਬੱਸਾਂ ਰਵਾਨਾ

ਐਸ.ਏ.ਐਸ. ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ) ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ ਦੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਵਿਧਾਨ ਸਭਾ ਹਲਕਾ ਮੁਹਾਲੀ ਤੋਂ 2 ਬੱਸਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਕੀਤਾ ਗਿਆ। ਇਹਨਾਂ ਬਸਾਂ ਨੂੰ ਪਿੰਡ ਮੋਟੇ ਮਾਜਰਾ ਅਤੇ ਪਿੰਡ ਗੋਬਿੰਦਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਕੁਲਦੀਪ ਸਿੰਘ ਸਮਾਣਾ ਅਤੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਹਲਕਾ ਕੋਆਰਡੀਨੇਟਰ ਤੇ ਸਟੇਟ ਅਵਾਰਡੀ ਫੂਲਰਾਜ ਸਿੰਘ ਹੋਰਾਂ ਦੇ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਤੇ ਗੱਲ ਕਰਦਿਆਂ ਕੁਲਦੀਪ ਸਿੰਘ ਸਮਾਣਾ ਅਤੇ ਫੂਲਰਾਜ ਸਿੰਘ ਨੇ ਦੱਸਿਆ ਕਿ ਬੱਸਾਂ ਵਿੱਚ ਰਵਾਨਾ ਹੋ ਰਹੇ ਸੀਨੀਅਰ ਸਿਟੀਜਨ ਸ਼ਰਧਾਲੂਆਂ ਦਾ ਕਾਫਲਾ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਾਨਾ ਮੰਦਿਰ, ਰਾਮ ਤੀਰਥ ਵਾਲਮੀਕ ਮੰਦਰ, ਵਾਗਾ ਬਾਰਡਰ ਅਤੇ ਜਲਿਆਂ ਵਾਲੇ ਬਾਗ ਦੇ ਦਰਸ਼ਨ ਕਰੇਗਾ।

ਇਸ ਮੌਕੇ ਤੇ ਪਰਿਵਾਰ ਸਿੰਘ ਲਾਡੀ ਸਾਬਕਾ



ਸਰਪੰਚ, ਕਰਮਜੀਤ ਕੌਰ ਸਰਪੰਚ, ਰਾਜ ਕੌਰ ਮੈਂਬਰ ਪੰਚਾਇਤ, ਗੁਰਬੰਤ ਸਿੰਘ ਬਿੱਲਾ ਪ੍ਰਧਾਨ ਸੁੱਖ ਸੁਧਾਰ ਕਮੇਟੀ, ਬਲਵਿੰਦਰ ਸਿੰਘ ਸੋਸ਼ਲ ਵਰਕਰ, ਨਰਿੰਦਰਜੀਤ ਸਿੰਘ ਕੌਂਸਲਰ, ਮੁਖਤਿਆਰ ਸਿੰਘ ਮੈਂਬਰ ਪੰਚਾਇਤ ਤੋਂ ਇਲਾਵਾ ਕਰਮਾਪੁਰੀ, ਜਗਤਾਰ ਸਿੰਘ ਪੰਚ, ਦਲਜੀਤ ਸਿੰਘ ਪੰਚ, ਸਿਮਰਨ ਜੋਤ ਸਿੰਘ ਪੰਚ, ਰਾਜ ਕੁਮਾਰ ਪੰਚ, ਨਰੇਸ਼ ਕੁਮਾਰ ਤੋਂ ਇਲਾਵਾ ਨਿਹਾਲ ਸਿੰਘ ਵਿਰਖ, ਅਮਰਜੀਤ ਸਿੰਘ ਸਿੱਧੂ, ਜਸਪਾਲ ਸਿੰਘ ਮਟੌਰ ਵੀ ਹਾਜ਼ਰ ਸਨ।

ਸ.ਫਾਈ ਕਰਮਚਾਰੀਆਂ ਦਾ ਧਰਨਾ 21ਵੇਂ ਦਿਨ ਵੀ ਜਾਰੀ, ਕਮਿਸ਼ਨਰ ਨਾਲ ਮੀਟਿੰਗ ਬੇਨਤੀਜਾ

ਐਸ ਏ ਐਸ ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ) ਪੰਜਾਬ ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਬੈਨਰ ਹੇਠ ਜਨਤਕ ਪਖਾਨਿਆਂ ਦੀ ਸਫ਼ਾਈ ਕਰਨ ਵਾਲੇ ਕਰਮਚਾਰੀਆਂ ਦਾ ਧਰਨਾ ਅੱਜ 21ਵੇਂ ਦਿਨ ਵੀ ਜਾਰੀ ਰਿਹਾ। ਆਪਣੀਆਂ ਮੰਗਾਂ ਨੂੰ ਲੈ ਕੇ ਯੂਨੀਅਨ ਦੇ ਮੀਤ ਪ੍ਰਧਾਨ ਸ਼ਿਵ ਕੁਮਾਰ ਦੀ ਅਗਵਾਈ ਹੇਠ ਕਰਮਚਾਰੀਆਂ ਦੇ ਵਫ਼ਦ ਨੇ



ਨਗਰ ਨਿਗਮ ਮੁਹਾਲੀ ਦੇ ਕਮਿਸ਼ਨਰ ਨਾਲ ਮੀਟਿੰਗ ਕੀਤੀ। ਇਸ ਮੌਕੇ ਡੀਐਸਪੀ ਸਿਟੀ-2 ਹਰਸਿਮਰਨ ਸਿੰਘ ਬੱਲ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

ਮੀਟਿੰਗ ਦੌਰਾਨ ਯੂਨੀਅਨ ਦੇ ਆਗੂਆਂ ਨੇ ਕਮਿਸ਼ਨਰ ਨੂੰ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਦੇ ਜਲਦੀ ਹੱਲ ਦੀ ਮੰਗ ਕੀਤੀ। ਇਸ ਤੇ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਕਰਮਚਾਰੀਆਂ ਦੀਆਂ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ, ਮੀਟਿੰਗ ਵਿੱਚ ਸਾਰੇ ਸਬੰਧਤ ਪੱਖਾਂ ਦੀ ਗੈਰ-ਮੌਜੂਦਗੀ ਕਾਰਨ ਮੰਗਾਂ ਸਬੰਧੀ ਕੋਈ ਅੰਤਿਮ ਫ਼ੈਸਲਾ ਨਹੀਂ ਹੋ ਸਕਿਆ। ਯੂਨੀਅਨ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਦੋਂ ਤੱਕ ਧਰਨਾ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਕਰਮਚਾਰੀ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਅਤੇ ਹੁਣ ਉਨ੍ਹਾਂ ਨੂੰ ਸਿਰਫ਼ ਭਰੋਸੇ ਦੀ ਬਜਾਏ ਠੋਸ ਕਾਰਵਾਈ ਦੀ ਉਡੀਕ ਹੈ। ਮੰਗਾਂ ਦਾ ਹੱਲ ਹੋਣ ਤੱਕ ਅੰਦੋਲਨ ਵਾਪਸ ਨਹੀਂ ਲਿਆ ਜਾਵੇਗਾ।

ਪਿੰਡ ਬਹਿਲੋਲਪੁਰ ਵਿੱਚ ਲੜਕੀਆਂ ਲਈ ਮੁ.ਫਤ ਮੋਬਾਈਲ ਰਿਪੇਅਰਿੰਗ ਦੀ ਸਿਖਲਾਈ ਸ਼ੁਰੂ

ਐਸ ਏ ਐਸ ਨਗਰ, 28 ਅਕਤੂਬਰ (ਪੈ.ਗਾਮ-ਏ-ਜਗਤ) ਭਾਈ ਘਨੱਈਆ ਜੀ ਕੇਅਰ ਸਰਵਿਸ ਐਂਡ ਵੈਲਫੇਅਰ ਸੋਸਾਇਟੀ (ਰਜਿ.), ਮੁਹਾਲੀ ਵੱਲੋਂ ਸੋਸ਼ਲ ਸਬਸਟੈਂਸ, ਚੰਡੀਗੜ੍ਹ ਦੇ ਸਹਿਯੋਗ ਨਾਲ ਪਿੰਡ ਬਹਿਲੋਲਪੁਰ ਦੇ ਕਮਿਊਨਿਟੀ ਸੈਂਟਰ ਵਿੱਚ ਲੜਕੀਆਂ ਲਈ ਮੋਬਾਈਲ ਰਿਪੇਅਰਿੰਗ ਦਾ 45 ਦਿਨਾਂ ਦਾ ਮੁਫ਼ਤ ਕਿੱਤਾਮੁਖੀ ਸਿਖਲਾਈ ਕੋਰਸ ਸ਼ੁਰੂ ਕੀਤਾ ਗਿਆ ਹੈ। ਇਹ ਕੇਂਦਰ ਪਿੰਡ ਦੇ ਸਰਪੰਚ ਸ੍ਰੀ ਮਨਰਾਜ ਸਿੰਘ ਅਤੇ ਉਨ੍ਹਾਂ ਦੀ ਟੀਮ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਗਿਆ ਹੈ। ਸਿਖਲਾਈ ਕੇਂਦਰ ਦਾ ਉਦਘਾਟਨ ਮੁੱਖ ਮਹਿਮਾਨ ਡਾ. ਸੁਮੇਧਾ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਉਹਨਾਂ ਕਿਹਾ ਕਿ ਅੱਜ ਦੇ ਤਕਨੀਕੀ ਯੁੱਗ ਵਿੱਚ ਸਿੱਖਿਆ ਦੇ ਨਾਲ-ਨਾਲ ਕਿੱਤਾਮੁਖੀ ਹੁਨਰ ਹਾਸਲ ਕਰਨਾ ਵੀ ਬਹੁਤ ਜ਼ਰੂਰੀ ਹੈ। ਖ਼ਾਸ ਕਰਕੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ ਲਈ ਅਜਿਹੇ ਕੋਰਸ ਆਤਮਨਿਰਭਰਤਾ ਵੱਲ ਵਧਣ ਦਾ ਮਹੱਤਵਪੂਰਨ ਸਾਧਨ ਬਣ ਸਕਦੇ ਹਨ। ਮੋਬਾਈਲ ਫ਼ੋਨ ਅੱਜ ਹਰ ਵਿਅਕਤੀ ਦੀ ਰੋਜ਼ਾਨਾ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ, ਇਸ ਲਈ ਮੋਬਾਈਲ ਰਿਪੇਅਰਿੰਗ ਦੇ ਖੇਤਰ ਵਿੱਚ ਹੁਨਰਮੰਦ ਨੌਜਵਾਨਾਂ ਲਈ



ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੀਆਂ ਸੰਭਾਵਨਾਵਾਂ ਮੌਜੂਦ ਹਨ। ਜਿਕਰਯੋਗ ਹੈ ਕਿ ਮੋਬਾਈਲ ਰਿਪੇਅਰਿੰਗ ਦੀ ਸਿਖਲਾਈ ਲਈ ਲੋੜੀਂਦੀ ਮਸ਼ੀਨਰੀ ਡਾ. ਸੁਮੇਧਾ ਸਿੰਘ ਦੇ ਪਰਿਵਾਰ ਵੱਲੋਂ ਮੁਹੱਈਆ ਕਰਵਾਈ ਗਈ ਹੈ, ਜਿਸ ਨਾਲ ਸਿਖਿਆਰਥਣਾਂ ਨੂੰ ਵਿਹਾਰਕ ਤੌਰ ਤੇ ਕੰਮ ਸਿੱਖਣ ਦਾ ਮੌਕਾ ਮਿਲੇਗਾ। ਕੋਰਸ ਦੇ ਟ੍ਰੇਨਰ ਸ੍ਰੀ ਗੁਰਜੀਤ ਸਿੰਘ ਨੇ ਕਿਹਾ ਕਿ ਮੋਬਾਈਲ ਰਿਪੇਅਰਿੰਗ ਇੱਕ ਅਜਿਹਾ ਤਕਨੀਕੀ ਹੁਨਰ ਹੈ, ਜਿਸ ਨੂੰ ਸਿੱਖ ਕੇ ਲੜਕੀਆਂ ਆਪਣੇ ਲਈ ਰੁਜ਼ਗਾਰ ਦੇ ਨਵੇਂ ਰਾਹ ਤਿਆਰ ਕਰ ਸਕਦੀਆਂ ਹਨ। ਸਿਖਲਾਈ ਦੌਰਾਨ ਵਿਹਾਰਕ ਗਿਆਨ ਅਤੇ ਤਕਨੀਕੀ ਕੰਮ ਦੀ ਸਮਝ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਜਾਵੇਗਾ, ਤਾਂ ਜੋ ਸਿਖਿਆਰਥਣਾਂ ਇਸ ਹੁਨਰ ਨੂੰ ਅਸਲ ਜੀਵਨ ਵਿੱਚ ਵਰਤ ਸਕਣ। ਸੋਸਾਇਟੀ ਦੇ ਚੇਅਰਮੈਨ ਸ੍ਰੀ ਕੇ. ਕੇ. ਸੈਣੀ ਨੇ ਦੱਸਿਆ ਕਿ ਭਾਈ ਘਨੱਈਆ ਜੀ ਕੇਅਰ ਸਰਵਿਸ ਐਂਡ ਵੈਲਫੇਅਰ ਸੋਸਾਇਟੀ ਪਿਛਲੇ 10 ਸਾਲਾਂ ਤੋਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਅਤੇ ਮਹਿਲਾ ਸਸ਼ਕਤੀਕਰਨ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਕੰਮ ਕਰ ਰਹੀ ਹੈ। ਸੰਸਥਾ ਦਾ ਮੁੱਖ ਉਦੇਸ਼ ਲੜਕੀਆਂ ਨੂੰ ਸਿੱਖਿਆ, ਹੁਨਰ ਅਤੇ ਸਵੈ-ਰੁਜ਼ਗਾਰ ਦੇ ਮੌਕਿਆਂ ਨਾਲ ਜੋੜ ਕੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਯੋਗ ਬਣਾਉਣਾ ਹੈ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਸ੍ਰੀ ਸੰਜੀਵ ਰਾਵੜਾ, ਜਨਰਲ ਸਕੱਤਰ ਸ੍ਰੀ ਨਰੇਸ਼ ਵਰਮਾ, ਪ੍ਰੈਸ ਸਕੱਤਰ ਸ੍ਰੀ ਸਤੀਸ਼ ਚੰਦਰ ਸੈਣੀ, ਸ੍ਰੀਮਤੀ ਰੇਨੂ, ਸ੍ਰੀਮਤੀ ਨਿਸ਼ਾ ਅਤੇ ਲਗਭਗ 45 ਸਿਖਿਆਰਥਣਾਂ ਹਾਜ਼ਰ ਸਨ।